ਸ਼ਨੀਵਾਰ, 29 ਮਾਰਚ, 2025
16 ਚੇਤ { ਨਾਨਕਸ਼ਾਹੀ 557 / ਬਿਕਰਮੀ 2081
ਜਿਲਦ/VOL. : 73
ਅੰਕ/NO. : 297

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SATURDAY, 29 MARCH, 2025
ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

## ਭੁਚਾਲ ਨੇ ਪੰਜ ਮੁਲਕ ਹਿਲਾਏ



**ਬੈਂਕਾਕ :** ਸ਼ੁੱਕਰਵਾਰ ਗੁਆਂਢੀ ਮਿਆਂਮਾਰ ਵਿੱਚ ਆਏ 7.2 ਸ਼ਿੱਦਤ ਦੇ ਭੁਚਾਲ ਨੇ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਨੂੰ ਬੁਰੀ ਤਰ੍ਹਾਂ ਹਿਲਾ ਦਿੱਤਾ। ਇਸ ਸ਼ਹਿਰ ਵਿੱਚ ਇੱਕ ਕਰੋੜ 70 ਲੱਖ ਤੋਂ ਵੱਧ ਲੋਕ ਰਹਿੰਦੇ ਹਨ ਤੇ ਬਹੁਤਿਆਂ ਦੇ ਟਿਕਾਣੇ ਉੱਚੀਆਂ ਇਮਾਰਤਾਂ ਵਿੱਚ ਹਨ। ਭੁਚਾਲ ਏਨਾ ਜ਼ਬਰਦਸਤ ਸੀ ਕਿ ਝਟਕਿਆਂ ਨਾਲ ਪੁਲ ਅਤੇ ਇਮਾਰਤਾਂ ਹਿੱਲਣ ਲੱਗੀਆਂ। ਬੈਂਕਾਕ ਵਿੱਚ ਉਸਾਰੀ ਅਧੀਨ ਇਮਾਰਤ ਡਿੱਗਣ ਦੀ ਵੀਡੀਓ ਸਾਹਮਣੇ ਆਈ ਹੈ। ਕੁਝ ਉੱਚੀਆਂ ਇਮਾਰਤਾਂ ਦੇ ਅੰਦਰਲੇ ਸਵੀਮਿੰਗ ਪੂਲਾਂ ਵਿੱਚ ਲਹਿਰਾਂ ਉੱਠਦੀਆਂ ਨਜ਼ਰ ਆਈਆਂ।

ਭੁਚਾਲ ਦੇ ਝਟਕੇ ਮਿਆਂਮਾਰ, ਬੈਂਕਾਕ, ਪੂਰਬੀ ਭਾਰਤ, ਚੀਨ ਸਮੇਤ ਲਗਭਗ ਪੰਜ ਮੁਲਕਾਂ ਵਿੱਚ ਮਹਿਸੂਸ ਕੀਤੇ ਗਏ। ਭੁਚਾਲ ਕਾਰਨ 23 ਵਿਅਕਤੀਆਂ ਦੇ ਮਰਨ ਦੀ ਜਾਣਕਾਰੀ ਮਿਲੀ ਹੈ।

## ਪਾਸਟਰ ਬਜਿੰਦਰ ਸਿੰਘ ਜਿਨਸੀ ਸ਼ੋਸ਼ਣ ਦਾ ਦੋਸ਼ੀ ਕਰਾਰ

**ਜਲੰਧਰ (ਸੁਰਿੰਦਰ ਕੁਮਾਰ)**-ਪੰਜਾਬ ਦੇ ਮਸ਼ਹੂਰ ਪਾਸਟਰ ਬਜਿੰਦਰ ਸਿੰਘ ਨੂੰ ਮੁਹਾਲੀ ਦੀ ਅਦਾਲਤ ਨੇ 2018 ਦੇ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਦੋਸ਼ੀ ਪਾਇਆ ਹੈ। ਅਦਾਲਤ ਸਜ਼ਾ 1 ਅਪ੍ਰੈਲ ਨੂੰ ਸੁਣਾਏਗੀ। ਇਹ ਮਾਮਲਾ 2018 ਵਿਚ ਜ਼ੀਰਕਪੁਰ ਦੀ ਇੱਕ ਪੀੜਤਾ ਵੱਲੋਂ ਪਾਸਟਰ ਵਿਰੁੱਧ ਜਬਰ-ਜ਼ਨਾਹ ਦੇ ਲਗਾਏ ਦੋਸ਼ਾਂ ਨਾਲ ਸੰਬੰਧਤ ਹੈ। ਪੀੜਤਾ ਨੇ ਦੋਸ਼ ਲਗਾਇਆ ਸੀ ਕਿ ਪਾਸਟਰ ਨੇ ਉਸ ਨੂੰ ਵਿਦੇਸ਼ ਲਿਜਾਣ ਦੇ ਬਹਾਨੇ ਉਸ ਨਾਲ ਬਿਨਾਂ ਸਹਿਮਤੀ ਦੇ ਸੰਬੰਧ ਬਣਾਏ ਸਨ। ਉਸ ਨੇ ਉਸ ਦੀ ਇਕ ਅਸ਼ਲੀਲ ਵੀਡੀਓ ਵੀ ਬਣਾਈ ਸੀ। 20 ਅਪ੍ਰੈਲ 2018 ਨੂੰ ਜ਼ੀਰਕਪੁਰ ਪੁਲਸ ਸਟੇਸ਼ਨ ਵਿੱਚ ਆਈ ਪੀ ਸੀ ਅਤੇ ਆਈ ਟੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਇਕ ਐੱਫ ਆਈ ਆਰ ਦਰਜ ਕੀਤੀ ਗਈ ਸੀ।

## ਕੁਨਾਲ ਕਾਮਰਾ ਦੀ ਅੰਤਰਮ ਪੇਸ਼ਗੀ ਜ਼ਮਾਨਤ

**ਚੇਨੱਈ :** ਮਦਰਾਸ ਹਾਈ ਕੋਰਟ ਨੇ ਮਹਾਰਾਸ਼ਟਰ ਦੇ ਉੱਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਦਾ ਮਜ਼ਾਕ ਉਡਾਉਣ ਦੇ ਦੋਸ਼ ਦਾ ਸਾਹਮਣਾ ਕਰ ਰਹੇ ਕਾਮੇਡੀਅਨ ਕੁਨਾਲ ਕਾਮਰਾ ਨੂੰ ਸ਼ੁੱਕਰਵਾਰ ਅੰਤਰਮ ਪੇਸ਼ਗੀ ਜ਼ਮਾਨਤ ਦੇ ਦਿੱਤੀ। 36 ਸਾਲਾ ਕਾਮਰਾ ਨੇ ਅਦਾਲਤ ਨੂੰ ਦੱਸਿਆ ਕਿ ਉਹ 2021 ਵਿੱਚ ਮੁੰਬਈ ਤੋਂ ਤਾਮਿਲਨਾਡੂ ਆ ਗਿਆ ਸੀ ਤੇ ਇਸ ਸੂਬੇ ਦਾ ਨਾਗਰਿਕ ਹੈ। ਉਸ ਨੂੰ ਮੁੰਬਈ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਦਾ ਡਰ ਹੈ। ਮੁੰਬਈ ਵਿੱਚ ਇੱਕ ਸ਼ੋਅ ਦੌਰਾਨ ਸ਼ਿੰਦੇ ਬਾਰੇ ਟਿੱਪਣੀ ਕਰਨ ’ਤੇ ਪੁਲਸ ਨੇ ਉਸ ਨੂੰ ਸੰਮਨ ਕੀਤਾ ਹੈ।




## ਬਜਟ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਧੋਖਾ : ਧਾਲੀਵਾਲ, ਲੁਬਾਣਾ



**ਪਟਿਆਲਾ :** ਇੱਥੇ ਸ਼ੁੱਕਰਵਾਰ ਮਿਨੀ ਸਕੱਤਰੇਤ ਪਟਿਆਲਾ ਦੇ ਸਾਹਮਣੇ ਪ.ਸ.ਸ.ਫ. (1680) ਦੇ ਚੇਅਰਮੈਨ ਅਤੇ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਪ.ਸ.ਸ.ਫ. ਦੇ ਪ੍ਰਧਾਨ ਅਤੇ ਕਲਾਸ ਫੋਰਥ ਜਥੇਬੰਦੀ ਦੇ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਅਤੇ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਤਰ ਹੋਏ ਮੁਲਾਜ਼ਮਾਂ-ਮਜ਼ਦੂਰਾਂ ਨੇ ਪੰਜਾਬ ਦੇ ਵਿੱਤ ਮੰਤਰੀ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤੇ ਮੁਲਾਜ਼ਮ-ਮਜ਼ਦੂਰ, ਠੇਕਾ ਮੁਲਾਜ਼ਮ, ਸਕੀਮ ਵਰਕਰਾਂ, ਸੇਵਾ-ਮੁਕਤ ਕਰਮਚਾਰੀਆਂ, ਬੇਰੁਜ਼ਗਾਰਾਂ, ਸਨਅਤੀ ਵਰਕਰਾਂ, ਆਮ ਗਰੀਬ ਕਿਸਾਨ, ਖੇਤ ਮਜ਼ਦੂਰ ਅਤੇ ਦੱਬੇ-ਕੁਚਲੇ ਲੋਕਾਂ ਵਿਰੋਧੀ ਬੱਜਟ ਦਾ ਜ਼ਬਰਦਸਤ ਵਿਰੋਧ ਕਰਦੇ ਹੋਏ ਬੱਜਟ ਦੀਆਂ ਕਾਪੀਆਂ ਅਗਨਭੇਟ ਕਰਕੇ ਸਾੜੀਆਂ ਅਤੇ ਜ਼ੋਰਦਾਰ ਮੁਜ਼ਾਹਰਾ ਕਰਦੇ ਹੋਏ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕਰਕੇ ਪਿੱਟ-ਸਿਆਪਾ ਕੀਤਾ। ਮੁਜ਼ਾਹਰਾਕਾਰੀਆਂ ਨੂੰ ਦਰਸ਼ਨ ਸਿੰਘ ਲੁਬਾਣਾ, ਨਿਰਮਲ ਸਿੰਘ ਧਾਲੀਵਾਲ, ਰਣਜੀਤ ਸਿੰਘ ਰਾਣਵਾਂ ਤੋਂ ਇਲਾਵਾ ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ, ਉੱਤਮ ਸਿੰਘ ਬਾਗੜੀ, • ਬਾਕੀ ਸਫਾ 2 ’ਤੇ

## ਤਿੰਨ ਦੀ ਮੁਹਾਲੀ ਰੈਲੀ ਲਈ ਪੰਜਾਬ ਭਰ ’ਚ ਜ਼ੋਰਦਾਰ ਤਿਆਰੀਆਂ : ਬਰਾੜ, ਧਾਲੀਵਾਲ

**ਪਟਿਆਲਾ :** ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ 03 ਅਪ੍ਰੈਲ ਨੂੰ ਮੁਹਾਲੀ ਵਿਖੇ ਲੇਬਰ ਭਵਨ ਦੇ ਸਾਹਮਣੇ 12 ਸਾਲਾਂ ਤੋਂ ਮਜ਼ਦੂਰਾਂ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਨਾ ਕੀਤੇ ਜਾਣ ਦੇ ਵਿਰੋਧ ਵਿੱਚ ਕੀਤੀ ਜਾਣ ਵਾਲੀ ਵਿਸ਼ਾਲ ਰੋਸ ਰੈਲੀ ਸੰਬੰਧੀ ਦੱਸਿਆ ਕਿ ਪੰਜਾਬ ਦੇ ਸਮੁੱਚੇ ਮਜ਼ਦੂਰ-ਮੁਲਾਜ਼ਮ ਜਿਹੜੇ ਘੱਟੋ-ਘੱਟ ਉਜਰਤਾਂ ਦੇ ਆਧਾਰ ’ਤੇ ਕੰਮ ਕਰਦੇ ਹਨ ਅਤੇ ਜਿਹਨਾਂ ਦੀ ਕੁੱਲ ਗਿਣਤੀ 30 ਤੋਂ 40 ਲੱਖ ਹੈ, ਉਨ੍ਹਾਂ ਵਿੱਚ 12 ਸਾਲਾਂ ਤੋਂ ਆਪਣੀਆਂ ਉਜਰਤਾਂ ਵਿੱਚ ਸੁਧਾਈ ਨਾ ਕੀਤੇ ਜਾਣ ਕਾਰਨ ਸਰਕਾਰ ਅਤੇ ਲੇਬਰ ਵਿਭਾਗ ਵਿਰੁੱਧ ਭਾਰੀ ਗੁੱਸੇ ਦੀ ਲਹਿਰ ਹੈ, ਕਿਉਂਕਿ ਮਿਨੀਮਮ ਵੇਜਿਜ਼ ਕਾਨੂੰਨ ਮੁਤਾਬਕ ਹਰ ਪੰਜ ਸਾਲ ਬਾਅਦ ਉਜਰਤਾਂ ਨੂੰ ਸੋਧਿਆ ਜਾਣਾ ਬਣਦਾ ਹੈ, ਪਰ ਅੱਤ ਦੀ ਮਹਿੰਗਾਈ ਅਤੇ ਨਿਗੂਣੀਆਂ ਤਨਖਾਹਾਂ ਕਾਰਨ ਗਰੀਬ ਮੁਲਾਜ਼ਮ-ਮਜ਼ਦੂਰਾਂ ਵਿੱਚ ਹਾਹਾਕਾਰ ਮਚੀ ਹੋਈ ਹੈ। ਆਮ ਆਦਮੀ ਪਾਰਟੀ ਦੀ ਲੋਕ ਵਿਰੋਧੀ ਸਾਬਤ ਹੋ ਚੁੱਕੀ ਸਰਕਾਰ ਵੱਡੇ ਸਨਅਤਕਾਰਾਂ ਦੀ ਝੋਲੀਚੁੱਕ ਬਣ ਕੇ ਚਲਦੀ ਹੋਈ ਮਜ਼ਦੂਰਾਂ ਦੀਆਂ ਉਜਰਤਾਂ ਜਾਮ ਰੱਖ ਕੇ ਸਨਅਤਕਾਰਾਂ ਦੇ ਮੁਨਾਫਿਆਂ ਵਿੱਚ ਮਜ਼ਦੂਰਾਂ ਦੀਆਂ ਉਜਰਤਾਂ ਜਾਮ ਰੱਖ ਕੇ ਮਜ਼ਦੂਰਾਂ ਦੇ ਟੱਬਰਾਂ ਦੇ ਮੁਸ਼ਕਲ ਗੁਜ਼ਾਰਿਆਂ ਦੀ ਬਲੀ ਦੇ ਕੇ ਵਾਧਾ ਕਰ ਰਹੀ ਹੈ ਅਤੇ ਉਹਨਾਂ ਨੂੰ ਖੁਸ਼ ਕਰ ਰਹੀ ਹੈ। • ਬਾਕੀ ਸਫਾ 2 ’ਤੇ

## ਡਿਪਟੀ ਕਮਿਸ਼ਨਰਾਂ ਨੂੰ ਹਫਤੇ ’ਚ ਚਾਰ ਦਿਨ ਪਿੰਡਾਂ ਦੇ ਗੇੜੇ ਲਾਉਣ ਦੇ ਆਦੇਸ਼

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਪਿੰਡਾਂ ਅਤੇ ਆਪਣੇ ਇਲਾਕਿਆਂ ਵਿੱਚ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਦੇ ਆਦੇਸ਼ ਦਿੱਤੇ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਡਿਪਟੀ ਕਮਿਸ਼ਨਰ ਹਫਤੇ ਵਿੱਚ ਚਾਰ ਦਿਨ ਸਨਿੱਚਰਵਾਰ, ਐਤਵਾਰ, ਸੋਮਵਾਰ ਅਤੇ ਮੰਗਲਵਾਰ ਨੂੰ ਆਪਣੇ ਇਲਾਕਿਆਂ ਦਾ ਨਿਰੀਖਣ ਕਰਨਗੇ ਅਤੇ ਉਸ ਦੀ ਰਿਪੋਰਟ ਬਣਾ ਕੇ ਭੇਜਣਗੇ। ਜਿਨ੍ਹਾਂ ਅਧਿਕਾਰੀਆਂ ਵੱਲੋਂ ਲੋਕਾਂ ਦੇ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਵਿੱਚ ਕੁਤਾਹੀ ਵਰਤੀ ਜਾਵੇਗੀ, ਉਨ੍ਹਾਂ ਬਾਰੇ ਜਾਣਕਾਰੀ ਮਿਲਦੇ ਹੀ ਬਣਦੀ ਕਾਰਵਾਈ ਕੀਤੀ ਜਾਵੇਗੀ।

## ‘ਆਪ’ ਸਰਕਾਰ ਨੇ ਕੇਂਦਰ ਦੇ ਕਹਿਣ ’ਤੇ ਮੋਰਚੇ ਚੁਕਵਾਏ : ਪੰਧੇਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜੇਲ੍ਹੋਂ ਰਿਹਾਅ ਹੋ ਕੇ ਪਰਤੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਸ਼ੁੱਕਰਵਾਰ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਮੋਰਚੇ ਖਦੇੜਨ ਦੇ ਮਾਮਲੇ ’ਤੇ ਦੋਸ਼ ਲਾਇਆ ਕਿ ਇਹ ਸਭ ਪੰਜਾਬ ਦੀ ‘ਆਪ’ ਸਰਕਾਰ ਨੇ ਕੇਂਦਰ ਦੀ ਭਾਜਪਾ ਸਰਕਾਰ ਦੇ ਕਹਿਣ ’ਤੇ ਕੀਤਾ।

ਉਨ੍ਹਾ ਇਹ ਵੀ ਕਿਹਾ ਕਿ ਹੁਣ ਸਾਬਤ ਹੋ ਗਿਆ ਹੈ ਕਿ 2027 ਦੀਆਂ ਚੋਣਾਂ ਭਾਜਪਾ ਤੇ ‘ਆਪ’ ਇੱਕਜੁੱਟ ਹੋ ਕੇ ਲੜਨਗੇ।

ਪੰਧੇਰ ਨੇ ਕਿਸਾਨ ਜਥੇਬੰਦੀਆਂ ਵਿੱਚ ਏਕਤਾ ਦੀ ਲੋੜ ’ਤੇ ਵੀ ਜ਼ੋਰ ਦਿੱਤਾ। ਉਨ੍ਹਾ ਦਾ ਕਹਿਣਾ ਸੀ ਕਿ ਬਿਨਾਂ ਸ਼ੱਕ ਆਪਸੀ ਮੱਤਭੇਦ ਹੁੰਦੇ ਹਨ, ਪਰ ਸਰਕਾਰਾਂ ਦੇ ਖਿਲਾਫ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਲੜਨਾ ਚਾਹੀਦਾ ਹੈ। ਪੰਧੇਰ ਨੂੰ ਵੀਰਵਾਰ ਰਾਤ ਮੁਕਤਸਰ ਜੇਲ੍ਹ ਵਿੱਚੋਂ ਰਿਹਾਅ ਕੀਤਾ ਗਿਆ ਸੀ ਤੇ ਉਹ ਸ਼ੁੱਕਰਵਾਰ ਬਹਾਦਰਗੜ੍ਹ ’ਚ ਪੁਲਸ ਕਬਜ਼ੇ ’ਚੋਂ ਆਪਣੀ ਗੱਡੀ ਲੈਣ ਆਏ ਸਨ।

## ਡੱਲੇਵਾਲ ਦੀ ਭੁੱਖ ਹੜਤਾਲ ਖਤਮ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਕਿਹਾ ਕਿ ਸੱਤਰ ਸਾਲਾ ਜਗਜੀਤ ਸਿੰਘ ਡੱਲੇਵਾਲ, ਜਿਨ੍ਹਾ ਨੇ ਲੱਗਭੱਗ ਚਾਰ ਮਹੀਨਿਆਂ ਬਾਅਦ ਕਿਸਾਨਾਂ ਦੀਆਂ ਕਈ ਮੰਗਾਂ ਦੇ ਸਮਰਥਨ ਵਿੱਚ ਆਪਣੀ ਅਣਮਿੱਥੇ ਸਮੇਂ ਦੀ ਭੁੱਖ ਹੜਤਾਲ ਖਤਮ ਕੀਤੀ, “ਸਿਆਸੀ ਏਜੰਡੇ ਤੋਂ ਬਿਨਾਂ ਇੱਕ ਸੱਚਾ ਆਗੂ” ਹੈ। ਜਸਟਿਸ ਸੂਰੀਆ ਕਾਂਤ ਅਤੇ ਐੱਨ ਕੋਟੀਸ਼ਵਰ ਸਿੰਘ ਦੀ ਬੈਂਚ ਨੂੰ ਪੰਜਾਬ ਦੇ ਐਡਵੋਕੇਟ ਜਨਰਲ (ਏ ਜੀ) ਗੁਰਮਿੰਦਰ ਸਿੰਘ ਨੇ ਸੂਚਿਤ ਕੀਤਾ ਕਿ ਖਨੌਰੀ ਅਤੇ ਸ਼ੰਭੂ ਸਰਹੱਦਾਂ ’ਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਖਿੰਡਾ ਦਿੱਤਾ ਗਿਆ ਹੈ ਅਤੇ ਸਾਰੀਆਂ ਜਾਮ ਸੜਕਾਂ ਤੇ ਹਾਈਵੇ ਖੋਲ੍ਹ ਦਿੱਤੇ ਗਏ ਹਨ।

ਸੁਪਰੀਮ ਕੋਰਟ ਨੇ ਡੱਲੇਵਾਲ ਦੀ ਪ੍ਰਸੰਸਾ ਕਰਦੇ ਹੋਏ ਉਨ੍ਹਾ ਨੂੰ ਇੱਕ ਸੱਚਾ ਕਿਸਾਨ ਆਗੂ ਕਿਹਾ, ਜਿਨ੍ਹਾਂ ਨੇ ਬਿਨਾਂ ਕਿਸੇ ਰਾਜਨੀਤਕ ਏਜੰਡੇ ਦੇ ਕਿਸਾਨ ਭਾਈਚਾਰੇ ਦੇ ਅਸਲ ਮੁੱਦੇ ਚੁੱਕੇ। ਅਦਾਲਤ ਨੇ ਕਿਹਾ, “ਅਸੀਂ ਜਾਣਦੇ ਹਾਂ ਕਿ ਕੁਝ ਲੋਕ ਕਿਸਾਨਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਨਹੀਂ ਚਾਹੁੰਦੇ ਸਨ। ਅਸੀਂ ਹਾਥੀ ਦੰਦ ਦੇ ਟਾਵਰ ਵਿੱਚ ਨਹੀਂ ਬੈਠੇ ਹਾਂ। ਅਸੀਂ ਸਭ ਕੁਝ ਜਾਣਦੇ ਹਾਂ।” ਬੈਂਚ ਨੇ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਜ਼ਮੀਨੀ ਸਥਿਤੀ ’ਤੇ ਰਿਪੋਰਟ ਦਾਇਰ ਕਰਨ ਲਈ ਕਿਹਾ।

## ਅੱਜ-ਨਾਮਾ

ਨਹੀਂਉਂ ਰੁਕਿਆ ਟਰੰਪ ਉਸ ਕਰ ਦਿੱਤਾ,
ਵਾਧਾ ਟੈਰਿਫ ਵਿੱਚ ਸੁਣੀਂਦਾ ਹੋਰ ਮੀਆਂ।
ਕਈਆਂ ਦੇਸ਼ਾਂ ਦੇ ਨਾਲ ਲਿਆ ਪਾ ਆਢਾ,
ਹੁੰਦੇ ਵਿਰੋਧ ਦਾ ਸੁਣੇ ਪਿਆ ਸ਼ੋਰ ਮੀਆਂ।
ਭਾਰਤੀ ਕਾਰਾਂ ਦੀ ਸੇਲ ਕੁਝ ਘਟਣ ਲੱਗੀ,
ਪਾਊ ਇਹ ਮੱਠੀ ਵਿਕਾਸ ਦੀ ਤੋਰ ਮੀਆਂ।
ਸਾਰੀ ਦੁਨੀਆ ਪਈ ਬੋਲਦੀ, ਜਾਏ ਬੋਲੀ,
ਅਮਰੀਕਾ ਅੱਗੇ ਨਾ ਕੋਈ ਹੈ ਜ਼ੋਰ ਮੀਆਂ।
ਦੁਨੀਆ ਪੂਰੀ ਫਿਰ ਖੜੀ ਆ ਇੱਕ ਪਾਸੇ,
ਇਕੱਲਾ ਟਰੰਪ ਬੱਸ ਵੱਖਰਾ ਖੜਾ ਮੀਆਂ।
ਜਾਵੇ ਵਾਹ ਨਹੀਂ ਪੇਸ਼ ਜਦ ਕਿਸੇ ਦੀ ਵੀ,
ਸਾਰੇ ਈ ਆਖਦੇ ਜ਼ਿੱਦੀ ਆ ਬੜਾ ਮੀਆਂ।

-ਤੀਸ ਮਾਰ ਖਾਂ

## ਐੱਸ ਜੀ ਪੀ ਸੀ ਦਾ ਕਰੀਬ 14 ਅਰਬ ਦਾ ਬਜਟ ਪਾਸ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ਼ੁੱਕਰਵਾਰ ਸਾਲਾਨਾ ਬਜਟ ਅਜਲਾਸ ਵਿੱਚ 2025-26 ਲਈ 13 ਅਰਬ 86 ਕਰੋੜ 47 ਲੱਖ 80 ਹਜ਼ਾਰ ਰੁਪਏ ਦਾ ਬਜਟ ਪਾਸ ਕੀਤਾ ਗਿਆ, ਜੋ ਕਿ ਪਿਛਲੇ ਸਾਲ ਨਾਲੋਂ 10 ਫੀਸਦੀ ਵੱਧ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਨੇ ਬਜਟ ਭਾਸ਼ਣ ਵਿੱਚ ਕਿਹਾ ਕਿ ਇਸ ਵਿੱਤੀ ਸਾਲ ਵਿੱਚ ਅਨੁਮਾਨਤ ਖ਼ਰਚਾ 1376 ਕਰੋੜ 47 ਲੱਖ ਰੁਪਏ ਦਾ ਹੋਵੇਗਾ। ਇਸ ਨਾਲ ਸ਼੍ਰੋਮਣੀ ਕਮੇਟੀ ਦਾ ਆਮਦਨ ਨਾਲੋਂ 10 ਕਰੋੜ ਰੁਪਏ ਘੱਟ ਖਰਚ ਹੋਣ ਦਾ ਅਨੁਮਾਨ ਹੈ।

ਅਜਲਾਸ ਦੌਰਾਨ ਕਈ ਅਹਿਮ ਮਤਿਆਂ ਨੂੰ ਪ੍ਰਵਾਨਗੀ ਦਿੱਤੀ ਗਈ। ਇਨ੍ਹਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਤੇ ਸੇਵਾ-ਮੁਕਤੀ ਸਬੰਧੀ ਨਿਯਮ ਤੈਅ ਕਰਨ ਨੂੰ ਪ੍ਰਵਾਨਗੀ, ਸ੍ਰੀ ਗੁਰੂ • ਬਾਕੀ ਸਫਾ 2 ’ਤੇ

## ਪੀ ਐੱਸ ਯੂ ਵੱਲੋਂ ਆਈ ਟੀ ਆਈ ਵਿਖੇ ਸ਼ਹੀਦਾਂ ਨੂੰ ਸਮਰਪਤ ਨੁੱਕੜ ਨਾਟਕ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸਰਕਾਰੀ ਆਈ ਟੀ ਆਈ ਮਾਨਸਾ ਵਿਖੇ ਸ਼ਹੀਦਾਂ ਨੂੰ ਸਮਰਪਤ ਨੁੱਕੜ ਨਾਟਕ ਕਰਵਾਇਆ ਗਿਆ। ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਅਰਵਿੰਦਰ ਅਜ਼ਾਦ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੋ ਸੁਪਨਾ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਲਿਆ ਸੀ ਕਿ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਨਹੀਂ ਹੁੰਦੀ, ਉਦੋਂ ਤੱਕ ਬਰਾਬਰਤਾ ਵਾਲਾ ਸਮਾਜ ਨਹੀਂ ਸਿਰਜਿਆ ਜਾ ਸਕਦਾ, ਉਹ ਅਜੇ ਤੱਕ ਵੀ ਅਧੂਰਾ ਹੀ ਪਿਆ ਹੈ।ਅੰਗਰੇਜ਼ ਸਾਮਰਾਜ ਦੇ ਰਾਹਾਂ 'ਤੇ ਚੱਲਦੀਆਂ ਹੋਈਆਂ ਕੇਂਦਰ ਤੇ ਪੰਜਾਬ ਸਰਕਾਰਾਂ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀਆਂ ਤੇ ਹੱਕ ਮੰਗਦੇ ਵਰਗਾਂ ਦੀ ਅਵਾਜ਼ ਨੂੰ ਪੁਲਸ ਦੇ ਡੰਡੇ ਦੇ ਜ਼ੋਰ ਨਾਲ ਕੁਚਲ ਰਹੀਆਂ ਹਨ।ਵਿਦਿਆਰਥੀਆਂ ਲਈ ਨਵੀਂ ਸਿੱਖਿਆ ਨੀਤੀ-2020 ਲਿਆ ਕੇ ਸਿੱਖਿਆ ਦਾ ਕੇਂਦਰੀਕਰਨ, ਭਗਵਾਂਕਰਨ ਤੇ ਨਿੱਜੀਕਰਨ ਕੀਤਾ ਜਾ ਰਿਹਾ ਹੈ।ਪੰਜਾਬ ਦੀ ਨੌਜਵਾਨੀ ਤੱਕ ਚਿੱਟੇ, ਸਮੈਕ, ਵਰਗੇ ਸਿੰਥੈਟਕ ਨਸ਼ਿਆਂ ਨੂੰ ਪੁਲਸ ਸਮਗਲਰ ਸਿਆਸੀ ਲੋਕਾਂ ਜ਼ਰੀਏ ਪਹੁੰਚਾ ਰਹੇ ਹਨ।ਕੁੱਝ ਨੌਜਵਾਨ ਬੇਰੁਜ਼ਗਾਰੀ ਤੋਂ ਪ੍ਰੇਸ਼ਾਨ ਵਿਦੇਸ਼ਾਂ ਵੱਲ ਨੂੰ ਕੂਚ ਕਰ ਰਹੇ ਹਨ।ਕੁੱਝ ਕੁ ਰੁਜ਼ਗਾਰ ਮੰਗਦੇ ਪੁਲਸ ਦੀਆਂ ਡਾਗਾਂ ਦਾ ਸ਼ਿਕਾਰ ਹੋ ਰਹੇ ਹਨ।ਇਸੇ ਵਿੱਚ ਹੀ ਸਾਨੂੰ ਸ਼ਹੀਦ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਵਾਗੂੰ ਜਥੇਬੰਦ ਹੋ ਕੇ ਸੰਘਰਸ਼ ਦੇ ਰਾਹ 'ਤੇ ਚੱਲਣਾ ਪਵੇਗਾ।ਇਸ ਦੌਰਾਨ 'ਮਸਤਾਨੇ ਥੀਏਟਰ ਗਰੁੱਪ' ਦੀ ਟੀਮ ਵੱਲੋਂ ਨੁੱਕੜ ਨਾਟਕ 'ਇੱਕ ਸੀ ਰੰਗ ਸਫੈਦ' ਖੇਡਿਆ ਗਿਆ।ਇਸ ਸਮੇਂ ਜੋਤ ਕੌਰ, ਮਨੀ ਸਿੰਘ, ਕੁਲਵਿੰਦਰ ਸਿੰਘ, ਮੁੱਕੋ ਕੌਰ, ਹਰਮਨ ਸਿੰਘ ਤੇ ਪ੍ਰੀਤਇੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

## ਖਾਟੂ ਸ਼ਾਮ ਬਾਬਾ ਦਾ ਕੀਰਤਨ ਕਰਵਾਇਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਇਕਾਦਸ਼ੀ ਮੌਕੇ ਸ੍ਰੀ ਸ੍ਰੀ ਖਾਟੂ ਸ਼ਾਮ ਧਾਮ ਦੁਸ਼ਹਿਰਾ ਗਰਾਊਂਡ ਸਮਾਣਾ ਵਿਖੇ ਖਾਟੂ ਸ਼ਾਮ ਬਾਬਾ ਜੀ ਦਾ ਕੀਰਤਨ ਕਰਵਾਇਆ ਗਿਆ, ਜਿਸ ਵਿੱਚ ਬਾਵਾ ਅਸ਼ਵਨੀ ਅਰੋੜਾ ਨੂੰ ਹਾਜ਼ਰੀ ਲਗਵਾਉਣ ਦਾ ਤੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ ਦਾ ਮੌਕਾ ਮਿਲਿਆ।ਨੀਟਾ ਸ਼ਰਮਾ ਤੇ ਹੋਰ ਕਈ ਗਾਇਕਾਂ ਵੱਲੋਂ ਬਾਬਾ ਜੀ ਦਾ ਗੁਣਗਾਨ ਕੀਤਾ ਗਿਆ।ਇਸ ਮੌਕੇ ਸ਼ਿਵ ਸੈਨਾ ਬਾਲ ਠਾਕਰੇ ਸਿੰਦੇ ਗਰੁੱਪ ਪੰਜਾਬ ਦੇ ਕਾਰਜਕਰਨੀ ਪ੍ਰਧਾਨ ਤੇ ਸ੍ਰੀ ਹਿੰਦੂ ਤਖਤ ਕਾਲੀ ਮਾਤਾ ਮੰਦਰ ਪਟਿਆਲਾ ਦੇ ਰਾਸ਼ਟਰੀ ਚੇਅਰਮੈਨ ਬਾਵਾ ਅਸ਼ਵਨੀ ਅਰੋੜਾ ਸਮਾਣਾ ਵਿਸ਼ੇਸ਼ ਤੌਰ 'ਤੇ ਪਹੁੰਚੇ ਤੇ ਉਨ੍ਹਾਂ ਦਾ ਸਿਰੋਪਾ ਪਾ ਕੇ ਸ਼ਾਮ ਪਰਵਾਰ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਜੇ ਈ, ਨੀਟਾ ਸ਼ਰਮਾ, ਰਵੀ ਪਸਰੀਚਾ, ਇੰਦਰਜੀਤ ਗੁੰਬਰ, ਸੋਨੂ ਚੀਮਾ, ਜਸ਼ਨ ਦੁੱਗਲ, ਸੁਮਿਤ ਭਟਨਾਗਰ ਤੇ ਅਨਮੋਲ ਗੁਲਾਟੀ, ਹੈਪੀ ਵੱਧਵਾ ਆਦਿ ਹਾਜ਼ਰ ਰਹੇ ਅਤੇ ਸੰਗਤਾਂ ਨੇ ਖ਼ਾਟੂ ਸ਼ਾਮ ਬਾਬਾ ਜੀ ਦੇ ਭਜਨਾਂ ਦਾ ਸਾਰੀ ਰਾਤ ਆਨੰਦ ਮਾਣਿਆ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਕ੍ਰਿਸ਼ਨਾ ਕਾਲਜ ਰੱਲੀ ਵਿਖੇ ਸੈਮੀਨਾਰ



**ਬਰੇਟਾ (ਰੀਤਵਾਲ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਤ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ (ਬੁਢਲਾਡਾ) ਵਿਖੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਮਾਨਸਾ ਵੱਲੋਂ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿੱਚ ਜ਼ਿਲ੍ਹਾ ਰੋਜ਼ਗਾਰ ਅਫਸਰ ਸ੍ਰੀ ਰਵਿੰਦਰ ਸਿੰਘ, ਜ਼ਿਲ੍ਹਾ ਪਲੇਸਮੈਂਟ ਅਫਸਰ ਗੌਰਵ ਗੋਇਲ, ਰਾਵਿਸ਼ ਤੇ ਮੈਡਮ ਹਿਮਾਨੀ ਨੇ ਸ਼ਿਰਕਤ ਕੀਤੀ। ਗੌਰਵ ਗੋਇਲ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਸਕਿੱਲ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਮੈਡਮ ਹਿਮਾਨੀ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਮੁਕਾਬਲਾ ਪ੍ਰੀਖਿਆਵਾਂ ਤੇ ਉੱਚ ਵਿੱਦਿਅਕ ਅਦਾਰਿਆਂ ਵਿੱਚ ਸਾਂਝੇ ਦਾਖਲਾ ਟੈਸਟ ਰਾਹੀਂ ਕਿਵੇਂ ਦਾਖਲਾ ਲਿਆ ਜਾ ਸਕਦਾ ਹੈ, ਇਸ ਸਬੰਧੀ ਜਾਣਕਾਰੀ ਦਿੱਤੀ। ਇਛੁੱਕ ਵਿਦਿਆਰਥਣਾਂ ਇਸ ਸਬੰਧੀ ਮੁਫਤ ਕੋਚਿੰਗ ਪ੍ਰਾਪਤ ਕਰ ਸਕਦੀਆਂ ਹਨ। ਪ੍ਰੋਗਰਾਮ ਦੇ ਅਖੀਰ ਵਿੱਚ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਮੈਨ ਸੁਖਵਿੰਦਰ ਸਿੰਘ ਚਹਿਲ, ਸਕੱਤਰ ਸ੍ਰੀ ਸਤਪਾਲ ਸਿੰਘ ਚਹਿਲ, ਪ੍ਰਧਾਨ ਡਾਕਟਰ ਵਿਜੇ ਸਿੰਗਲਾ ਵੱਲੋਂ ਆਏ ਹੋਏ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਪ੍ਰੋਫੈਸਰ ਸਰਬਜੀਤ ਸਿੰਘ ਸਰਾਂ (ਪੰਜਾਬੀ ਵਿਭਾਗ) ਵੱਲੋਂ ਕੀਤਾ ਗਿਆ।

## ਬਰੌਡਵੇ ਪਬਲਿਕ ਸਕੂਲ ਮਨਾਲ 'ਚ ਗ੍ਰੈਜੂਏਸ਼ਨ ਸੈਰਾਮਨੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਰੌਡਵੇ ਪਬਲਿਕ ਸਕੂਲ ਮਨਾਲ ਵਿਖੇ ਚੇਅਰਮੈਨ ਸ੍ਰ. ਰਣਜੀਤ ਸਿੰਘ ਚੀਮਾ, ਡਾਇਰੈਕਟਰ ਨਵਰੀਤ ਕੌਰ ਚੀਮਾ ਤੇ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਦੀ ਯੋਗ ਅਗਵਾਈ 'ਚ ਪੰਜਵੀਂ ਸ਼੍ਰੇਣੀ ਦੀ ਗ੍ਰੈਜੂਏਸ਼ਨ ਸੈਰਾਮਨੀ ਕਰਵਾਈ ਗਈ, ਜਿਸ ਵਿੱਚ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ।ਬਾਅਦ ਵਿੱਚ ਵਿਦਿਆਰਥੀਆਂ ਵੱਲੋਂ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਭੰਗੜਾ, ਗਿੱਧਾ ਤੇ ਕੋਰੀਓਗ੍ਰਾਫ਼ੀਆਂ ਦੀ ਸਫਲ ਪੇਸ਼ਕਾਰੀ ਨੇ ਅਮਿੱਟ ਛਾਪ ਛੱਡੀ।ਸਾਰੇ ਵਿਦਿਆਰਥੀਆਂ ਨੂੰ ਪ੍ਰਮਾਣ-ਪੱਤਰ ਡਿਗਰੀ ਦੇ ਰੂਪ ਵਿੱਚ ਦੇ ਕੇ ਸਨਮਾਨਤ ਕੀਤਾ ਗਿਆ।'ਸਟੂਡੈਂਟ ਆਫ਼ ਦਾ ਈਅਰ' ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫ਼ੀ ਤੇ ਵਿਦਿਆਰਥੀਆਂ ਨਾਲ ਆਪਣੇ ਹੁਨਰ ਦਾ ਪ੍ਰਦਰਸ਼ਨ ਕਰਨ ਵਾਲੇ ਮਾਪਿਆਂ ਨੂੰ ਤੋਹਫ਼ੇ ਦੇ ਕੇ ਸਨਮਾਨਤ ਕੀਤਾ ਗਿਆ।ਪ੍ਰੋਗਰਾਮ ਦੇ ਅੰਤ 'ਚ ਪ੍ਰਿੰਸੀਪਲ ਮੁਹੰਮਦ ਆਰਿਫ਼ ਸੈਫ਼ੀ ਨੇ ਮਾਪਿਆਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਆਪਣੇ ਬੱਚਿਆਂ ਨਾਲ ਬਤੀਤ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਪ੍ਰੋਗਰਾਮ ਦਾ ਆਯੋਜਨ ਕਰਨ ਵਾਲੇ ਅਧਿਆਪਕਾਂ ਨੂੰ ਉਤਸ਼ਾਹਤ ਕਰਦੇ ਹੋਏ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਝਾੜ ਸਾਹਿਬ ਕਾਲਜ ਦਾ ਨਤੀਜਾ 100 ਫੀਸਦੀ ਰਿਹਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦਾ ਗਿਆਰਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਸਾਇੰਸ ਗਰੁੱਪ ਦੀ ਕੰਚਨਪ੍ਰੀਤ ਕੌਰ ਨੇ 95.08 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਅਮਨਪ੍ਰੀਤ ਕੌਰ ਨੇ 92.04 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਮਹਿਕਪ੍ਰੀਤ ਕੌਰ ਨੇ 90.06 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ ਦੀ ਅਨਮੋਲਪ੍ਰੀਤ ਕੌਰ ਨੇ 85.6 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਮਹਿਕਪ੍ਰੀਤ ਕੌਰ ਨੇ 84.04 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਹਰਸਿਮਰਨ ਕੌਰ ਸਪੁੱਤਰੀ ਹਰਜੀਤ ਸਿੰਘ ਨੇ 83.08 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ ਦੀ ਮਨਪ੍ਰੀਤ ਕੌਰ ਨੇ 81.6 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਕੋਮਲਪ੍ਰੀਤ ਕੌਰ ਨੇ 81.04 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਦਮਨਪ੍ਰੀਤ ਕੌਰ ਨੇ 78 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਤੇ ਲੋਕਲ ਕਮੇਟੀ ਮੈਂਬਰ ਸਾਹਿਬਾਨਾਂ ਨੇ ਇਸ ਪ੍ਰਾਪਤੀ 'ਤੇ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਸ਼ੁੱਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥਣਾਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਕੇ ਆਪਣੀ ਸੰਸਥਾ ਦਾ ਨਾਮ ਰੌਸ਼ਨ ਕਰਨਗੀਆਂ।

## ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿਮ ਨੂੰ ਹਲਕਾ ਦਾਖਾ 'ਚ ਭਾਰੀ ਉਤਸ਼ਾਹ



**ਜਗਰਾਉਂ (ਸੰਜੀਵ ਅਰੋੜਾ)**-ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰੀ ਭਰਤੀ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਚੱਲ ਰਹੀ ਭਰਤੀ ਮੁਹਿਮ ਸਬੰਧੀ ਲੋਕਾਂ ਅੰਦਰ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਚੱਲ ਰਹੀ ਭਰਤੀ 'ਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਅੱਜ ਹਲਕਾ ਦਾਖਾ ਦੇ ਪਿੰਡ ਜੰਡੀ ਵਿਖੇ ਭਰਤੀ ਮੁਹਿਮ ਦਾ ਆਗਾਜ਼ ਹੋਇਆ, ਜਿੱਥੇ ਲੋਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਪਿੰਡ ਜੰਡੀ ਦੇ ਲੋਕਾਂ ਨੇ ਕਿਹਾ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਚਾਉਣ ਲਈ ਖੇਤਰੀ ਪਾਰਟੀ ਦੀ ਬਹੁਤ ਲੋੜ ਹੈ, ਜੇਕਰ ਸਾਡੀ ਖੇਤਰੀ ਪਾਰਟੀ ਮਜ਼ਬੂਤ ਹੋਵੇਗੀ ਤਾਂ ਹੀ ਸਾਡੇ ਮਸਲੇ ਹੱਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਭਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ 'ਤੇ ਚੱਲ ਰਹੀ ਹੈ, ਜਿਸ 'ਚ ਸਾਨੂੰ ਵੱਧ ਚੜ੍ਹ ਕੇ ਸਹਿਯੋਗ ਕਰਨਾ ਚਾਹੀਦਾ ਹੈ। ਉਨ੍ਹਾਂ ਭਰਤੀ ਮੁਹਿਮ ਨੂੰ ਮਿਲ ਰਹੇ ਹੁੰਗਾਰੇ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਵੱਲ ਵਧਦੇ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਹਰ ਪੰਜਾਬ ਪ੍ਰਸਤ, ਪੰਥ ਪ੍ਰਸਤ ਸਖ਼ਸ਼ ਸਮੇਂ ਦਾ ਹਾਣੀ ਬਣ ਰਿਹਾ ਹੈ। ਆਪ ਮੁਹਾਰੇ ਪੰਜਾਬ ਸਮੇਤ ਦੂਜੇ ਸੂਬਿਆਂ ਤੋਂ ਵੀ ਅਕਾਲੀ ਹਿਤੈਸ਼ੀ ਸੋਚ ਰੱਖਣ ਵਾਲੇ ਲੋਕ ਪਹੁੰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਹਰ ਵਰਗ ਅੱਗੇ ਆ ਕੇ ਭਰਤੀ ਕਮੇਟੀ ਨਾਲ ਜੁੜ ਰਿਹਾ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਪੰਥ ਹਿਤੈਸ਼ੀ ਤੇ ਪੰਜਾਬ ਪ੍ਰਸਤ ਲੋਕਾਂ ਨੂੰ ਅੱਗੇ ਆ ਕੇ ਆਪਣੀ ਸਿਆਸੀ ਜਮਾਤ ਨੂੰ ਮਜ਼ਬੂਤ ਕਰਨ ਲਈ ਤਿਆਰ ਹਨ। ਇਸ ਮੌਕੇ ਮਨਜਿੰਦਰ ਸਿੰਘ ਭਿੰਦਾ, ਵਰਦੀਪ ਸਿੰਘ ਸਲੇਮਪੁਰਾ, ਗੁਰਮੀਤ ਸਿੰਘ ਹਾਂਸ, ਨੰਬਰਦਾਰ ਕਾਕਾ ਸਲੇਮਪੁਰਾ, ਬਲਜੀਤ ਸਿੰਘ ਨੰਬਰਦਾਰ, ਪੰਮਾ ਧਾਲੀਵਾਲ, ਜਗਦੀਪ ਸਿੰਘ ਸਦਰਪੁਰਾ, ਅਜਮੇਰ ਸਿੰਘ, ਚਮਕੌਰ ਸਿੰਘ, ਦਲਜੀਤ ਸਿੰਘ, ਚਰਨ ਸਿੰਘ, ਜਗਰਾਜ ਸਿੰਘ, ਬਰਿੰਦਰ ਸਿੰਘ, ਮਨਪ੍ਰੀਤ ਸਿੰਘ, ਜਗਦੀਸ਼ ਸਿੰਘ, ਅਮਰਜੀਤ ਸਿੰਘ, ਜਗਮੋਹਣ ਸਿੰਘ, ਗੁਰਬਖ਼ਸ਼ ਸਿੰਘ, ਇਕਬਾਲ ਸਿੰਘ ਭੁੱਲਰ, ਸੁਖਦੇਵ ਸਿੰਘ ਛੀਨਾ, ਧੰਨਾ ਸਿੰਘ, ਦਲੀਪ ਸਿੰਘ, ਗੁਰਦੀਪ ਸਿੰਘ, ਸੁਖਦੀਪ ਸਿੰਘ, ਜਸਵੀਰ ਸਿੰਘ, ਜਸਵੰਤ ਕੌਰ, ਹਰਜੀਤ ਕੌਰ ਆਦਿ ਹਾਜ਼ਰ ਸਨ।

# ਕਿਰਤੀਆਂ ਦਾ ਹੱਕਾਂ ਲਈ ਜਥੇਬੰਦ ਹੋਣਾ ਸਮੇਂ ਦੀ ਮੁੱਖ ਲੋੜ : ਅਮਰਜੀਤ ਕੌਰ

**ਉਸਾਰੀ ਕਿਰਤੀਆਂ ਨੂੰ ਹੱਕ ਦਿਵਾਉਣ ਲਈ ਸੰਸਦ 'ਚ ਆਵਾਜ਼ ਬੁਲੰਦ ਕਰਾਂਗੇ : ਪੀ ਸੰਦੋਸ਼**



**ਨਵੀਂ ਦਿੱਲੀ. (ਪਰਮਜੀਤ ਢਾਬਾਂ)**

ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨਾਲ ਸੰਬੰਧਤ ਆਲ ਇੰਡੀਆ ਕਨਫੈਡਰੇਸ਼ਨ ਆਫ ਬਿਲਡਿੰਗ ਐਂਡ ਕੰਸਟਰੱਕਸ਼ਨ ਵਰਕਰਜ਼ ਵੱਲੋਂ ਸੰਸਦ ਦੇ ਸਾਹਮਣੇ ਦੇਸ਼ ਵਿਆਪੀ ਵਿਸ਼ਾਲ ਧਰਨਾ ਦਿੱਤਾ ਗਿਆ। ਇਸ ਧਰਨੇ 'ਚ 20 ਦੇ ਕਰੀਬ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਉਸਾਰੀ ਮਜ਼ਦੂਰਾਂ ਨੇ ਕੇਂਦਰ ਸਰਕਾਰ ਤੋਂ ਆਪਣੀਆਂ ਹੱਕੀ ਮੰਗਾਂ ਮੰਨਵਾਉਣ ਲਈ ਜੰਤਰ-ਮੰਤਰ 'ਚ ਲੱਗੇ ਧਰਨੇ 'ਚ ਸ਼ਮੂਲੀਅਤ ਕੀਤੀ। ਇਸ ਧਰਨੇ ਦੀ ਪ੍ਰਧਾਨਗੀ ਏ.ਆਈ.ਸੀ.ਬੀ.ਸੀ.ਡਬਲਿਊ. ਦੇ ਸੀਨੀਅਰ ਮੀਤ ਪ੍ਰਧਾਨ ਬਾਸੁਦੇਵ ਗੁਪਤਾ ਨੇ ਕੀਤੀ। ਇਸ ਧਰਨੇ ਨੂੰ ਵਿਸ਼ੇਸ਼ ਤੌਰ 'ਤੇ ਉਸਾਰੀ ਕਿਰਤੀਆਂ ਨੂੰ ਸੰਬੋਧਨ ਕਰਨ ਪਹੁੰਚੀ ਏ.ਆਈ.ਟੀ.ਯੂ.ਸੀ. ਦੀ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਨੇ ਕਿਹਾ ਕਿ ਉਸਾਰੀ ਕਿਰਤੀਆਂ ਦੇ ਹੱਕ ਵਿੱਚ ਭਾਰਤ ਦੇਸ਼ ਵਿੱਚ ਸਭ ਤੋਂ ਪਹਿਲਾਂ ਕੇਰਲ ਦੀ ਸਰਕਾਰ ਨੇ ਕਾਨੂੰਨ ਲਿਆਂਦਾ ਸੀ ਅਤੇ ਉਸ ਤੋਂ ਬਾਅਦ ਬਾਕੀ ਦੇਸ਼ ਵਿੱਚ ਵੀ ਕਿਰਤੀਆਂ ਦੀਆਂ ਜਿਵੇਂ-ਜਿਵੇਂ ਯੂਨੀਅਨਾਂ ਮਜ਼ਬੂਤ ਹੋਈਆਂ, ਸਰਕਾਰਾਂ ਕਿਰਤੀਆਂ ਦੇ ਹੱਕ ਵਿੱਚ ਕਾਨੂੰਨ ਲਿਆਉਣ ਲਈ ਮਜਬੂਰ ਹੋਈਆਂ। ਉਹਨਾਂ ਕਿਹਾ ਕਿ ਕਿਰਤੀਆਂ ਦੇ ਹੱਕ ਵਿੱਚ ਜਿੱਥੇ ਇੱਕ ਪਾਸੇ ਕਾਨੂੰਨ ਬਣਿਆ ਹੈ ਅਤੇ ਸੂਬਾ ਸਰਕਾਰਾਂ ਵਿੱਚ ਵੀ ਬੀ ਓ ਸੀ ਡਬਲਿਊ ਦਾ ਗਠਨ ਕੀਤਾ ਗਿਆ ਹੈ ਪਰੰਤੂ ਉਸਾਰੀ ਕਿਰਤੀਆਂ ਨੂੰ ਉਹਨਾਂ ਦੇ ਬਣਦੇ ਹੱਕ ਨਹੀਂ ਮਿਲ ਰਹੇ, ਹੱਕ ਲੈਣ ਲਈ ਉਹਨਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਂਦੀਆਂ ਹਨ। ਉਹਨਾਂ ਆਪਣੇ ਸੰਬੋਧਨ ਵਿੱਚ ਇੱਕ ਹੈਰਾਨੀਜਨਕ ਖੁਲਾਸਾ ਕਰਦਿਆਂ ਕਿਹਾ ਕਿ ਕੇਂਦਰ ਦੀ ਸਰਕਾਰ ਉਸਾਰੀ ਕਿਰਤੀਆਂ ਦੇ ਭਲਾਈ ਬੋਰਡ ਦੇ ਖਾਤੇ ਵਿੱਚ ਸੈਸ ਦੇ ਰੂਪ ਵਿੱਚ ਇਕੱਠਾ ਹੋਇਆ 8 ਹਜ਼ਾਰ ਕਰੋੜ ਰੁਪਈਆ ਹੜੱਪਣਾ ਚਾਹੁੰਦੀ ਹੈ। ਕੇਂਦਰ ਸਰਕਾਰ ਉਸਾਰੀ ਕਿਰਤੀਆਂ ਦੀ ਭਲਾਈ ਦੇ ਨਾਂਅ 'ਤੇ ਇਹ ਪੈਸਾ ਬੋਰਡ ਵਿੱਚੋਂ ਕੱਢ ਕੇ ਆਪਣੇ ਖਜ਼ਾਨੇ ਵਿੱਚ ਪਾ ਕੇ ਬਾਅਦ ਵਿੱਚ ਉਸਾਰੀ ਕਿਰਤੀਆਂ ਨੂੰ ਉਹਨਾਂ ਦੀ ਭਲਾਈ ਲਈ ਪੈਸਾ ਵਰਤਣ ਨੂੰ ਨਹੀਂ ਦੇਵੇਗੀ। ਉਹਨਾਂ ਦੇਸ਼ ਭਰ ਦੇ ਉਸਾਰੀ ਕਿਰਤੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਰਾਜਸਭਾ ਦੇ ਮੈਂਬਰ ਪੀ ਸੰਦੋਸ਼ ਅਤੇ ਸੀ ਪੀ ਆਈ ਦੇ ਸਾਂਸਦ ਕਾਮਰੇਡ ਕੇ. ਸੁਬਾਰਾਇਣ ਨੇ ਉਸਾਰੀ ਕਿਰਤੀਆਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਉਹਨਾਂ ਦੀਆਂ ਹੱਕੀ ਮੰਗਾਂ ਲਈ ਸੰਸਦ ਵਿੱਚ ਉਹਨਾਂ ਦੀ ਆਵਾਜ਼ ਬੁਲੰਦ ਕਰਨਗੇ। ਇਸ ਮੌਕੇ ਆਲ ਇੰਡੀਆ ਕਨਫੈਡਰੇਸ਼ਨ ਆਫ ਬਿਲਡਿੰਗ ਐਂਡ ਕੰਸਟ੍ਰਕਸ਼ਨ ਵਰਕਰਜ਼ (ਏਟਕ) ਦੇ ਕੌਮੀ ਪ੍ਰਧਾਨ ਕੇ.ਰਵੀ, ਜਨਰਲ ਸਕੱਤਰ ਕਾਮਰੇਡ ਵਿਜਯਨ ਕੁਨੀਸਰੀ ਅਤੇ ਸਕੱਤਰ ਵਹੀਦਾ ਨਿਜ਼ਾਮ ਨੇ ਆਪਣੇ ਸੰਬੋਧਨ 'ਚ ਉਸਾਰੀ ਕਿਰਤੀਆਂ ਦੇ ਵਡਮੁੱਲੇ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਨਿਰਮਾਣ ਖੇਤਰ ਭਾਰਤ ਵਿੱਚ ਔਰਤਾਂ ਅਤੇ ਬੱਚਿਆਂ ਸਮੇਤ 10 ਕਰੋੜ ਤੋਂ ਵੱਧ ਲੋਕਾਂ ਨੂੰ ਨੌਕਰੀਆਂ ਪ੍ਰਦਾਨ ਕਰਦਾ ਹੈ। ਬਹੁਤੇ ਕਰਮਚਾਰੀ ਉਸਾਰੀ ਕਿਰਤੀ ਦੇਸ਼ ਦੇ ਸਮੁੱਚੇ ਨਿਰਮਾਣ ਵਿੱਚ ਆਪਣਾ ਅਹਿਮ ਯੋਗਦਾਨ ਪਾ ਰਹੇ ਹਨ। ਉਹਨਾਂ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਜਥੇਬੰਦ ਹੋਣਾ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਅਸੰਗਠਿਤ ਖੇਤਰ ਵਿੱਚ ਹਨ। ਵਿਧਾਨਿਕ ਸੁਰੱਖਿਆ ਦੀ ਘਾਟ ਉਹਨਾਂ ਨੂੰ ਹਰ ਕਿਸਮ ਦੇ ਸ਼ੋਸ਼ਣ ਦਾ ਸ਼ਿਕਾਰ ਬਣਾਉਂਦੀ ਹੈ। ਮੌਜੂਦਾ ਕਾਨੂੰਨਾਂ ਵਿੱਚੋਂ ਕੋਈ ਵੀ ਜਿਵੇਂ ਕਿ ਘੱਟੋ-ਘੱਟ ਉਜਰਤ ਕਾਨੂੰਨ, ਬਰਾਬਰ ਮਿਹਨਤਾਨਾ ਐਕਟ, ਮੈਟਰਨਟੀ ਬੈਨੀਫਿਟ, ਕੰਟਰੈਕਟ ਲੇਬਰ ਐਕਟ ਆਦਿ, ਇਹਨਾਂ ਕਾਮਿਆਂ ਨੂੰ ਸਹਾਇਤਾ ਨਹੀਂ ਦਿੰਦਾ। ਉਹ ਆਬਾਦੀ ਦੇ ਸਮਾਜਿਕ ਤੌਰ 'ਤੇ ਦੱਬੇ-ਕੁਚਲੇ ਅਤੇ ਆਰਥਿਕ ਤੌਰ 'ਤੇ ਵਾਂਝੇ ਵਰਗਾਂ ਦੀ ਬਹੁਗਿਣਤੀ ਬਣਾਉਂਦੇ ਹਨ। ਉਸਾਰੀ ਕਿਰਤੀਆਂ ਦੇ ਦੇਸ਼-ਵਿਆਪੀ ਆਗੂਆਂ ਨੇ ਅੱਗੇ ਕਿਹਾ ਕਿ ਭਾਰਤ ਦੀ ਸਰਵਉੱਚ ਅਦਾਲਤ ਸੁਪਰੀਮ ਕੋਰਟ ਨੇ ਇੱਕ ਫੈਸਲੇ ਵਿੱਚ ਬੀ ਓ ਸੀ ਡਬਲਯੂ ਐਕਟ 1996 ਅਤੇ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈੱਲਫੇਅਰ ਸੈੱਸ ਐਕਟ, 1996 ਨੂੰ ਲਾਗੂ ਨਾ ਕੀਤੇ ਜਾਣ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ। ਸੰਸਦ ਦੁਆਰਾ ਬਣਾਏ ਗਏ ਇਨ੍ਹਾਂ ਕਾਨੂੰਨਾਂ ਨੂੰ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ ਦੁਆਰਾ ਵੱਡੇ ਪੱਧਰ 'ਤੇ ਅਣਡਿੱਠ ਕੀਤਾ ਗਿਆ ਹੈ।

ਕੇ ਸੁਬਾਰਾਇਣ ਐੱਮ ਪੀ ਦੀ ਅਗਵਾਈ ਵਿੱਚ ਯੂਨੀਅਨ ਦੇ ਨੁਮਾਇੰਦਿਆਂ ਦਾ ਇੱਕ ਵਫ਼ਦ ਕਿਰਤ ਅਤੇ ਰੁਜ਼ਗਾਰ ਮੰਤਰੀ ਨੂੰ ਮਿਲਿਆ ਅਤੇ ਮੰਗ ਪੱਤਰ ਸੌਂਪਿਆ। ਆਪਣੀਆਂ ਹੱਕੀ ਮੰਗਾਂ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਮੰਗ ਕੀਤੀ ਕਿ ਲੇਬਰ ਕੋਡ ਨੂੰ ਰੱਦ ਕਰਕੇ ਅਤੇ ਬੀ ਓ ਸੀ ਐਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ। ਬੀ ਓ ਸੀ ਵਰਕਰਾਂ ਲਈ ਬੋਨਸ, ਪੀ.ਐੱਫ, ਗ੍ਰੈਚੁਟੀ ਅਤੇ ਤਿਉਹਾਰ ਭੱਤੇ ਲਈ ਕਾਨੂੰਨੀ ਵਿਵਸਥਾ ਕੀਤੀ ਜਾਵੇ।ਘੱਟੋ-ਘੱਟ ਉਜਰਤਾਂ ਨੂੰ ਵਧਾ ਕੇ ਰੁਪਏ 36000 ਪ੍ਰਤੀ ਮਹੀਨਾ ਕੀਤਾ ਜਾਵੇ। ਉਸਾਰੀ ਕਿਰਤੀਆਂ ਦੀ ਘੱਟੋ-ਘੱਟ ਪੈਨਸ਼ਨ ਨੂੰ ਵਧਾ ਕੇ 6000 ਰੁਪਏ ਕੀਤਾ ਜਾਣਾ ਚਾਹੀਦਾ ਹੈ।

ਸਾਰੇ ਬੇਜ਼ਮੀਨੇ ਬੀ ਓ ਸੀ ਵਰਕਰਾਂ ਲਈ ਜ਼ਮੀਨ ਅਤੇ ਰਿਹਾਇਸ਼ ਪ੍ਰਦਾਨ ਕੀਤੀ ਜਾਵੇ। ਵੱਖਰੇ ਕਾਨੂੰਨ ਦੁਆਰਾ ਕਿੱਤਾਮੁਖੀ ਸੁਰੱਖਿਆ ਅਤੇ ਸਿਹਤ ਉਪਾਵਾਂ ਨੂੰ ਯਕੀਨੀ ਬਣਾਇਆ ਜਾਵੇ। ਸੈੱਸ ਦੀ ਰਕਮ ਨੂੰ 2 ਫੀਸਦੀ ਤੱਕ ਵਧਾ ਕੇ ਫੰਡ ਨੂੰ ਵਧਾਉਣ ਲਈ ਉਚਿਤ ਸੰਗ੍ਰਹਿ ਯਕੀਨੀ ਬਣਾਇਆ ਜਾਵੇ।ਫੰਡ ਦੀ ਸਹੀ ਵਰਤੋਂ ਲਈ ਨਿਗਰਾਨੀ ਕਮੇਟੀਆਂ ਦੀ ਸਥਾਪਨਾ ਕੀਤੀ ਜਾਵੇ। ਵੈੱਲਫੇਅਰ ਬੋਰਡਾਂ ਰਾਹੀਂ ਮੈਟਰਨਟੀ ਬੈਨੀਫਿਟ ਐਕਟ ਵਿੱਚ ਦੱਸੇ ਅਨੁਸਾਰ ਜਣੇਪਾ ਲਾਭ ਦਾ ਭੁਗਤਾਨ ਯਕੀਨੀ ਬਣਾਇਆ ਜਾਵੇ।ਇਸ ਦੇਸ਼-ਵਿਆਪੀ ਉਸਾਰੀ ਕਿਰਤੀਆਂ ਦੇ ਧਰਨੇ ਵਿੱਚ ਜਿੱਥੇ ਦੇਸ਼ ਭਰ ਵਿੱਚੋਂ ਉਸਾਰੀ ਕਿਰਤੀਆਂ ਅਤੇ ਆਗੂਆਂ ਨੇ ਹਿੱਸਾ ਲਿਆ, ਉਸੇ ਤਰ੍ਹਾਂ ਪੰਜਾਬ ਸੂਬੇ ਤੋਂ ਕੰਸਟਰਕਸ਼ਨ ਵਰਕਰਜ਼ ਐਂਡ ਲੇਬਰ ਯੂਨੀਅਨ (ਰਜਿ:) ਏਟਕ ਦੇ ਸੂਬਾਈ ਜਨਰਲ ਸਕੱਤਰ ਸਾਥੀ ਸੁਖਦੇਵ ਸ਼ਰਮਾ, ਮੀਤ ਪ੍ਰਧਾਨ ਭਰਪੂਰ ਸਿੰਘ ਬੁੱਲਾਂਪੁਰ, ਮੀਤ ਸਕੱਤਰ ਸਾਥੀ ਪਰਮਜੀਤ ਢਾਬਾਂ, ਖਜ਼ਾਨਚੀ ਪ੍ਰਦੀਪ ਚੀਮਾ, ਲੀਲੇ ਖਾਂ ਅਤੇ ਜੰਮੂ ਰਾਮ ਬੰਨਵਾਲਾ ਦੀ ਅਗਵਾਈ ਵਿੱਚ ਜਥਾ ਪਹੁੰਚਿਆ।

# ਇੰਸਪੈਕਟੋਰੇਟ ਫੂਡ ਸਪਲਾਈਜ਼ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਸਟੇਟ ਯੂਨੀਅਨ ਦੇ ਸੱਦੇ 'ਤੇ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿੱਚ ਇੰਸਪੈਕਟੋਰੇਟ ਫੂਡ ਸਪਲਾਈਜ਼ ਯੂਨੀਅਨ ਵੱਲੋਂ ਕਣਕ ਦੇ ਸੀਜ਼ਨ ਦੇ ਸਬੰਧ ਵਿੱਚ ਆਪਣੀਆਂ ਮੰਗਾਂ ਨੂੰ ਲੈ ਕੇ ਧਰਨੇ ਦਿੱਤੇ ਗਏ।ਧਰਨੇ ਦੌਰਾਨ ਨਿਰੀਖਕਾਂ ਵੱਲੋ ਕਣਕ ਦੇ ਸੀਜ਼ਨ ਸਬੰਧੀ ਆ ਰਹੀਆਂ ਔਕੜਾਂ ਬਾਰੇ ਜਾਣੂ ਕਰਵਾਇਆ ਗਿਆ।ਇਸ ਸਬੰਧੀ ਅੰਕਿਤ ਬੱਤਾ (ਪ੍ਰਧਾਨ), ਇੰਸਪੈਕਟੋਰੇਟ ਫੂਡ ਸਪਲਾਈਜ਼ ਯੂਨੀਅਨ, ਜ਼ਿਲ੍ਹਾ ਫ਼ਿਰੋਜ਼ਪੁਰ ਨੇ ਦੱਸਿਆ ਕਿ ਸੀਜ਼ਨ ਦੌਰਾਨ ਮਸ਼ੀਨੀ ਯੁੱਗ ਹੋਣ ਕਾਰਨ ਮੰਡੀਆਂ ਵਿੱਚ ਕਣਕ ਦੀ ਆਗਮਨ 10-12 ਦਿਨਾਂ ਵਿੱਚ ਹੀ ਹੋ ਜਾਂਦੀ ਹੈ ਤੇ ਖਰੀਦ 15 ਦਿਨਾਂ ਵਿੱਚ ਹੋ ਜਾਂਦੀ ਹੈ, ਪਰ ਕਣਕ ਦੀ ਲਿਫਟਿੰਗ ਕਰਨ ਵਿੱਚ ਘੱਟੋਂ-ਘੱਟ ਇੱਕ ਮਹੀਨੇ ਦਾ ਸਮਾਂ ਲੱਗ ਜਾਂਦਾ ਹੈ।ਰਬੀ ਸੀਜ਼ਨ ਦੌਰਾਨ ਇੱਕ ਕੇਂਦਰ ਤੇ ਲਗਭਗ 20 ਤੋਂ 25 ਲੱਖ ਕਣਕ ਦੀਆ ਬੋਰੀਆਂ ਭੰਡਾਰ ਕੀਤੀਆਂ ਜਾਂਦੀਆਂ ਹਨ ਤੇ ਵਿਭਾਗ ਦੀ ਕਾਰਟੇਜ ਅਤੇ ਲੇਬਰ ਪਾਲਸੀ ਅਨੁਸਾਰ ਇੱਕ ਲੱਖ ਐੱਮ ਟੀ ਤੋਂ ਦੋ ਲੱਖ ਐੱਮ ਟੀ ਤੱਕ ਕੇਂਦਰ ਤੇ ਲੇਬਰ ਠੇਕੇਦਾਰ ਵੱਲੋਂ 150 ਲੇਬਰ ਉਪਲਬੱਧ ਕਰਵਾਈ ਜਾਂਦੀ ਹੈ।ਇਸ ਲਈ ਇੱਕ ਦਿਨ ਕੇਂਦਰ 'ਤੇ ਲੇਬਰ ਪਾਸੋਂ ਕਵਰ ਗੁਦਾਮ ਵਿੱਚ ਲਗਭਗ 50000 ਬੋਰੀਆਂ ਤੇ ਓਪਨ ਪਲਿੰਥ ਵਿੱਚ ਲਗਭਗ 65000 ਬੋਰੀਆਂ ਹੀ ਅਨਲੋਡ ਕੀਤੀਆਂ ਜਾ ਸਕਦੀਆਂ ਹਨ।ਇਸ ਲਈ ਖਰੀਦ ਕੀਤੀ ਗਈ ਕਣਕ ਨੂੰ ਅਨਲੋਡ ਕਰਨ ਲਈ ਘੱਟ ਤੋਂ ਘੱਟ ਤੋਂ 30 ਤੋਂ 35 ਦਿਨ ਦਾ ਸਮਾਂ ਲੱਗਦਾ ਹੈ।ਦੱਸਣਯੋਗ ਹੈ ਕਿ ਜਦੋਂ ਗੁਦਾਮ ਵਿੱਚ ਕਣਕ ਦੇ ਟਰੱਕ ਨੂੰ ਅਨਾਜ ਖਰੀਦ ਐਪ ਰਾਹੀਂ ਰਸੀਵ ਕੀਤਾ ਜਾਂਦਾ ਹੈ ਤੇ ਟਰੱਕ ਵਿੱਚ ਕਣਕ ਦਾ ਘੱਟ ਵਜ਼ਨ ਆਉਂਦਾ ਹੈ ਤਾਂ ਐਪ ਰਾਹੀਂ ਘੱਟ ਵਜ਼ਨ ਰਸੀਵ ਕਰਨ ਦੇ ਬਾਵਜੂਦ ਆੜ੍ਹਤੀਏ ਵੱਲ ਸਾਰਟੇਜ਼ ਬੁੱਕ ਨਹੀਂ ਹੁੰਦੀ ਅਤੇ ਪੋਰਟਲ 'ਤੇ ਪੂਰਾ ਵਜ਼ਨ ਰਸੀਵ ਦਿਖਾਈ ਦਿੰਦਾ ਹੈ।ਇਸ ਲਈ ਅਨਾਜ ਖਰੀਦ ਐਪ ਨੂੰ ਅੱਪਡੇਟ ਕੀਤਾ ਜਾਵੇ ਤਾਂ ਜੋ ਆੜ੍ਹਤੀਏ ਵੱਲ ਸਾਰਟੇਜ਼ ਬੁੱਕ ਹੋ ਸਕੇ।ਖਰੀਦ ਕੀਤੀ ਕਣਕ ਦੀ ਲਿਫਟਿੰਗ ਵਿੱਚ ਦੇਰੀ ਹੋਣ ਕਾਰਨ ਜੋ ਸਾਰਟੇਜ਼ ਆਵੇਗੀ, ਉਸ ਲਈ ਕੌਣ ਜ਼ੁੰਮੇਵਾਰ ਹੋਵੇਗਾ? ਇਸ ਸਬੰਧੀ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ।ਜੇਕਰ ਸੀਜ਼ਨ ਦੌਰਾਨ ਆਉਣ ਵਾਲੀਆਂ ਇਨ੍ਹਾਂ ਔਕੜਾਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਨਹੀਂ ਕੀਤਾ ਗਿਆ ਤਾਂ ਨਿਰੀਖਕ ਯੂਨੀਅਨ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਮਜਬੂਰ ਹੋਵੇਗੀ।

# ਪੰਜਾਬ ਸਰਕਾਰ ਦੇ ਬਜਟ ਤੋਂ ਪੰਜਾਬ ਦਾ ਹਰ ਵਰਗ ਨਿਰਾਸ਼ : ਡਾ. ਸੀਮਾਂਤ ਗਰਗ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਸਰਕਾਰ ਨੇ ਪੰਜਾਬ ਦਾ ਚੌਥਾ ਬਜਟ ਪੇਸ਼ ਕਰਦੇ ਹੋਏ ਲੋਕਾਂ ਨੂੰ ਗੁੰਮਰਾਹਕੁਨ ਲਿਫਾਫਾ ਦਿੱਤਾ ਹੈ ਤੇ ਪੰਜਾਬ ਦਾ ਹਰ ਵਰਗ ਇਸ ਤੋਂ ਨਿਰਾਸ਼ ਹੈ ਅਤੇ ਸਰਕਾਰ ਨੇ ਪੰਜਾਬ ਦੀ ਆਰਥਿਕ ਹਾਲਤ ਸੁਧਾਰਨ ਲਈ ਕੋਈ ਕਦਮ ਚੁੱਕਣ ਦੀ ਗੱਲ ਨਹੀਂ ਕੀਤੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਡਾ. ਸੀਮਾਂਤ ਗਰਗ ਨੇ ਕਿਹਾ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਪੰਜਾਬ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਕਰਕੇ ਤੇ ਔਰਤਾਂ ਦੀਆਂ ਵੋਟਾਂ ਲੈ ਕੇ ਸੱਤਾ ਵਿੱਚ ਆਈ ਸੀ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬ ਸਰਕਾਰ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ, ਜਿਸ ਕਾਰਨ ਪੰਜਾਬ ਦੀਆਂ ਔਰਤਾਂ 'ਆਪ' ਸਰਕਾਰ ਵਿਰੁੱਧ ਗੁੱਸਾ ਜ਼ਾਹਰ ਕਰਦੀਆਂ ਨਜ਼ਰ ਆ ਰਹੀਆਂ ਹਨ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪਿਛਲੇ ਤਿੰਨ ਸਾਲਾਂ ਵਿੱਚ ਦੂਜੇ ਰਾਜਾਂ ਦੀਆਂ ਚੋਣਾਂ ਵਿੱਚ ਪੰਜਾਬ ਦਾ ਪੈਸਾ ਬਰਬਾਦ ਕਰਕੇ ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕੀਤਾ ਹੈ, ਜਿਸ ਕਾਰਨ ਅੱਜ ਪੰਜਾਬ ਸਿਰ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ।ਉਨ੍ਹਾਂ ਕਿਹਾ ਕਿ ਪੈਨਸ਼ਨਰਾਂ, ਮੁਲਾਜ਼ਮਾਂ, ਕਿਸਾਨਾਂ, ਆਰਜ਼ੀ ਮੁਲਾਜ਼ਮਾਂ, ਬੇਰੁਜ਼ਗਾਰ ਨੌਜਵਾਨਾਂ, ਮਜ਼ਦੂਰਾਂ, ਕਾਰੋਬਾਰੀਆਂ, ਦੁਕਾਨਦਾਰਾਂ ਤੇ ਸਮਾਜ ਦੇ ਹਰ ਵਰਗ ਨੂੰ ਪੰਜਾਬ ਸਰਕਾਰ ਦੇ ਅੱਜ ਦੇ ਬਜਟ ਤੋਂ ਬਹੁਤ ਉਮੀਦਾਂ ਸਨ, ਪਰ ਬਜਟ ਪੇਸ਼ ਹੋਣ ਤੋਂ ਬਾਅਦ ਉਹ ਸਾਰੀਆਂ ਉਮੀਦਾਂ ਚਕਨਾਚੂਰ ਹੋ ਗਈਆਂ, ਕਿਉਂਕਿ ਪੰਜਾਬ ਸਰਕਾਰ ਨੇ ਉਕਤ ਵਰਗਾਂ ਦਾ ਕੋਈ ਧਿਆਨ ਨਹੀਂ ਰੱਖਿਆ, ਜਿਸ ਕਾਰਨ ਅੱਜ ਪੰਜਾਬ ਦਾ ਹਰ ਵਰਗ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਠੱਗਿਆ ਮਹਿਸੂਸ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਦਾ ਕੋਈ ਭਲਾ ਨਹੀਂ ਕਰ ਸਕਦੀ ਤੇ ਸਰਕਾਰ ਚਲਾਉਣ ਦੇ ਤਜਰਬੇ ਦੀ ਘਾਟ ਕਾਰਨ ਪੰਜਾਬ ਦਾ ਹਰ ਵਰਗ ਨਿਰਾਸ਼ ਹੈ ਅਤੇ ਪੰਜਾਬ ਆਰਥਿਕ ਤੌਰ 'ਤੇ ਵੀ ਕਮਜ਼ੋਰ ਹੁੰਦਾ ਜਾ ਰਿਹਾ ਹੈ।ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਭਾਜਪਾ ਦੀ ਸਰਕਾਰ ਲਿਆਏ ਬਿਨਾਂ ਪੰਜਾਬ ਤੇ ਇੱਥੋਂ ਦੇ ਲੋਕਾਂ ਦੀ ਭਲਾਈ ਪ੍ਰਾਪਤ ਨਹੀਂ ਕੀਤੀ ਜਾ ਸਕਦੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਨਾਕਾਮੀ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਨੂੰ ਆਉਣ ਵਾਲੇ ਸਮੇਂ ਵਿੱਚ ਪੰਜਾਬ ਵਿੱਚ ਭਾਰੀ ਨਿਰਾਸ਼ਾ ਦਾ ਸਾਹਮਣਾ ਕਰਨਾ ਪਵੇਗਾ।ਉਨ੍ਹਾਂ ਅੱਜ ਦੇ ਬਜਟ ਨੂੰ ਝੂਠਾਂ ਦਾ ਪੁਲੰਦਾ ਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਆਪਣੀਆਂ ਯੋਜਨਾਵਾਂ ਕਹਿ ਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲਾ ਬਜਟ ਦੱਸਿਆ।

# ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ 'ਤੇ ਸਾੜੀਆਂ ਬਜਟ ਦੀਆਂ ਕਾਪੀਆਂ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਗਏ ਭਗਵੰਤ ਮਾਨ ਸਰਕਾਰ ਦੇ ਚੌਥੇ ਬਜਟ ਨੇ ਸਮਾਜ ਦੇ ਹੋਰ ਵਰਗਾਂ ਵਾਂਗ ਮੁਲਾਜ਼ਮ ਤੇ ਪੈਨਸ਼ਨਰ ਵਰਗ ਨੂੰ ਵੀ ਬੁਰੀ ਤਰ੍ਹਾਂ ਨਿਰਾਸ਼ ਕੀਤਾ ਹੈ, ਜਿਸ ਕਾਰਨ ਇਨ੍ਹਾਂ ਸਾਰਿਆਂ ਵਿੱਚ ਗੁੱਸੇ ਤੇ ਰੋਸ ਦੀ ਲਹਿਰ ਪਾਈ ਜਾ ਰਹੀ ਹੈ।ਸਥਾਨਕ ਮਿਉਂਸਪਲ ਪਾਰਕ ਵਿੱਚ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ 'ਤੇ ਕੋਟਕਪੂਰਾ ਤਹਿਸੀਲ ਦੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਮੁਲਾਜ਼ਮਾਂ, ਪੈਨਸ਼ਨਰਾਂ ਤੇ ਆਸ਼ਾ ਵਰਕਰਾਂ ਨੇ ਰੈਲੀ ਤੋਂ ਬਾਅਦ ਗੋਲ ਚੌਕ ਤੱਕ ਰੋਸ ਮਾਰਚ ਕਰਕੇ ਤੇ ਪੰਜਾਬ ਸਰਕਾਰ ਖਿਲਾਫ ਤਿੱਖੀ ਨਾਹਰੇਬਾਜ਼ੀ ਕਰਕੇ ਇਸ ਬਜਟ ਦੀਆਂ ਕਾਪੀਆਂ ਸਾੜੀਆਂ।ਇਸ ਮੌਕੇ ਸੰਬੋਧਨ ਕਰਦੇ ਹੋਏ ਪੰਜਾਬ ਪੈਨਸ਼ਨਰ ਯੂਨੀਅਨ ਏਟਕ ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਪੰਜਾਬ ਮੰਡੀ ਬੋਰਡ ਦੇ ਸੂਬਾ ਪ੍ਰਧਾਨ ਵੀਰ ਇੰਦਰਜੀਤ ਸਿੰਘ ਪੁਰੀ, ਪੈਨਸ਼ਨਰ ਆਗੂ ਸੁਭਾਸ਼ ਸ਼ਰਮਾ, ਕੁਲਵਿੰਦਰ ਮੌੜ, ਕੁਲਵੰਤ ਸਿੰਘ ਚਾਨੀ, ਖਰਾਇਤੀ ਲਾਲ ਸ਼ਰਮਾ, ਕੁਲਜੀਤ ਸਿੰਘ ਬੰਬੀਹਾ, ਅਮਰਜੀਤ ਕੌਰ ਰਣ ਸਿੰਘ ਵਾਲਾ ਸੂਬਾ ਪ੍ਰਧਾਨ, ਹਰਦੀਪ ਸਿੰਘ ਕਟਾਰੀਆ, ਇਕਬਾਲ ਸਿੰਘ ਢੁੱਡੀ, ਬਲਕਾਰ ਸਿੰਘ ਸਹੋਤਾ, ਸੋਮ ਨਾਥ ਅਰੋੜਾ, ਬਲਵਿੰਦਰ ਸਿੰਘ ਗੋਸਵਾਮੀ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ ਤੇ ਰਾਜਿੰਦਰ ਸਿੰਘ ਸਰਾਂ ਸੇਵਾ ਮੁਕਤ ਤਹਿਸੀਲਦਾਰ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਹਰ ਗੱਲ ਵਿੱਚ ਰਵਾਇਤੀ ਪਾਰਟੀਆਂ ਨੂੰ ਭੰਡਣ ਵਾਲੀ ਭਗਵੰਤ ਮਾਨ ਸਰਕਾਰ ਮੁਲਾਜ਼ਮ ਵਰਗ ਲਈ ਹੁਣ ਤੱਕ ਦੀ ਸਭ ਤੋਂ ਨਖਿੱਧ ਸਰਕਾਰ ਸਾਬਿਤ ਹੋਈ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਮਦਨ ਲਾਲ ਸ਼ਰਮਾ ਸੰਧਵਾਂ, ਜਗਵੰਤ ਸਿੰਘ ਬਰਾੜ ਮੁੱਖ ਅਧਿਆਪਕ, ਪ੍ਰਿੰਸੀਪਲ ਜੁਗਰਾਜ ਸਿੰਘ, ਪ੍ਰਿੰਸੀਪਲ ਦਰਸ਼ਨ ਸਿੰਘ , ਹਾਕਮ ਸਿੰਘ, ਹਰਦੇਵ ਸਿੰਘ ਗਿੱਲ, ਜਸਪਾਲ ਸਿੰਘ, ਹਰਨੇਕ ਸਿੰਘ ਸਾਹੋਕੇ, ਜਗਸੀਰ ਸਿੰਘ ਖਾਰਾ, ਬਿਲਵਾ ਮੰਗਲ ਗੁਪਤਾ, ਸੁਰਿੰਦਰ ਕੁਮਾਰ ਮੁੰਜਾਲ, ਗੁਰਦੀਪ ਭੋਲਾ ਪੀ ਆਰ ਟੀ ਸੀ, ਮੰਦਰ ਸਿੰਘ ਲੈਕਚਰਾਰ, ਤਾਰਾ ਸਿੰਘ ਪ੍ਰੇਮੀ, ਰਾਜਿੰਦਰ ਸਿੰਘ ਬਾਵਾ, ਹਰਜਿੰਦਰ ਸਿੰਘ, ਕਸ਼ਮੀਰ ਸਿੰਘ, ਵਿਨੋਦ ਕੁਮਾਰ, ਹਰਦੀਪ ਸਿੰਘ ਫਿੱਡੂ ਭਲਵਾਨ, ਬਲਵਿੰਦਰ ਸਿੰਘ, ਮਲਕੀਤ ਸਿੰਘ ਢਿੱਲਵਾਂ ਕਲਾਂ, ਜਗਰੂਪ ਸਿੰਘ, ਸ਼ਵਿੰਦਰ ਸਿੰਘ ਭੱਟੀ, ਜਗਦੇਵ ਸਿੰਘ, ਜਗਰੂਪ ਸਿੰਘ, ਗੁਰਪ੍ਰੀਤ ਸਿੰਘ ਸਿੱਧੂ, ਬਾਜ ਸਿੰਘ ਵਿਰਦੀ, ਜਸਵਿੰਦਰ ਸਿੰਘ ਬਰਾੜ ਪੇਂਡੂ ਵਿਕਾਸ ਅਧਿਕਾਰੀ, ਜਗਜੀਤ ਸਿੰਘ ਸੁਪਰਡੈਂਟ, ਗੇਜ ਰਾਮ ਭੌਰਾ, ਗੁਰਦੀਪ ਸਿੰਘ, ਅਸ਼ਵਨੀ ਮਹਿਤਾ, ਕੁਲਵੰਤ ਸਿੰਘ ਭੁੱਲਰ, ਆਸ਼ਾ ਵਰਕਰ ਆਗੂ ਸ਼ੀਨਾ ਬਲਾਕ ਸਕੱਤਰ ਜੈਤੋਂ, ਮੀਨਾ ਕੁਮਾਰੀ ਹਰੀ ਨੌਂ ਸੁਖਮੰਦਰ ਕੌਰ ਮੱਤਾ, ਲਖਵਿੰਦਰ ਕੌਰ ਸਿਵੀਆ, ਯਾਦਵਿੰਦਰ ਕੌਰ ਵਾਂਦਰ ਜਟਾਣਾ, ਰਚਨਾ ਕੁਮਾਰੀ ਮੌੜ ਤੇ ਕੰਵਲਜੀਤ ਕੌਰ ਵਾੜਾ ਭਾਈਕਾ ਆਦਿ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਬਜਟ ਮੁਲਾਜ਼ਮਾਂ ਤੇ ਪੈਨਸ਼ਨਰਾਂ...

ਰਾਮ ਲਾਲ ਰਾਮਾ ਨੇ ਸਰਕਾਰ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਸੰਬੋਧਨ ਕੀਤਾ।

ਆਗੂਆਂ ਨੇ ਕਿਹਾ ਕਿ ਪੰਜਾਬ ਦੇ ਵਿੱਤ ਮੰਤਰੀ ਵੱਲੋਂ ਪੇਸ਼ ਕੀਤੇ ਬਜਟ ਵਿੱਚ ਮੁਲਾਜ਼ਮਾਂ-ਮਜ਼ਦੂਰਾਂ ਨਾਲ ਧੋਖਾ ਕੀਤਾ ਗਿਆ ਹੈ। ਇੱਕ ਪਾਸੇ ਵਿੱਤ ਮੰਤਰੀ ਵੱਲੋਂ ਬਜਟ ਸਪੀਚ ਵਿੱਚ ਕਰਮਚਾਰੀਆਂ ਨੂੰ ਪ੍ਰਸ਼ਾਸਨ ਦੀ ਰੀੜ੍ਹ ਦੀ ਹੱਡੀ ਦੱਸਿਆ ਗਿਆ ਹੈ। ਦੂਸਰੇ ਪਾਸੇ ਇਸ ਵਰਗ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਦਿਆਂ ਉਨ੍ਹਾਂ ਦੇ ਪੱਲੇ ਕੱਖ ਨਹੀਂ ਪਾਇਆ। ਪੇ ਕਮਿਸ਼ਨ ਦੇ 14000 ਹਜ਼ਾਰ ਕਰੋੜ ਰੁਪਏ ਬਕਾਇਆਂ ਦਾ ਚਲਾਕੀ ਭਰਿਆ ਜ਼ਿਕਰ ਤਾਂ ਬਜਟ ਵਿੱਚ ਹੈ, ਪਰ ਪੈਸਾ ਕੋਈ ਰਾਖਵਾਂ ਨਹੀਂ ਰੱਖਿਆ ਗਿਆ। ਕਿਹਾ ਗਿਆ ਕਿ ਬਕਾਏ ਦੇਣ ਲਈ ਇੱਕ ਢਾਂਚਾਗਤ ਯੋਜਨਾ ਬਣਾਈ ਗਈ ਹੈ। ਉਸ ਯੋਜਨਾ ਦੀ ਮਕਾਰੀ ਦਾ ਮੁਲਾਜ਼ਮ ਵਰਗ ਨੂੰ ਪਤਾ ਹੈ ਕਿ ਇਹ ਭੁਗਤਾਨ ਸਾਲ 2029 ਤੱਕ ਕੀਤਾ ਜਾਵੇਗਾ, ਜਦੋਂ ਕਿ ਸਰਕਾਰ ਦੀ ਮਿਆਦ 2027 ਚੜ੍ਹਦੇ ਹੀ ਖਤਮ ਹੋ ਜਾਣੀ ਹੈ। ਭਾਵ ਕਿ 2016 ਦੇ ਪੇ ਕਮਿਸ਼ਨ ਦਾ ਬਕਾਇਆ 13 ਸਾਲ ਵਿੱਚ ਦਿੱਤਾ ਜਾਵੇਗਾ। ਡੀ.ਏ. ਦਾ ਬਕਾਇਆ ਵੱਖ ਖੜ੍ਹਾ ਹੈ। ਡੀ.ਏ. 12 ਫੀਸਦੀ ਘੱਟ ਦਿੱਤਾ ਜਾ ਰਿਹਾ ਹੈ। ਉਲਟਾ ਵਿਕਾਸ ਟੈਕਸ ਦੇ ਨਾਂਅ 'ਤੇ ਜਜ਼ੀਆ ਉਗਰਾਹਿਆ ਜਾ ਰਿਹਾ ਹੈ। ਸੱਤਵੇਂ ਪੇ ਕਮਿਸ਼ਨ ਦੇ ਗਠਨ ਦਾ ਕੋਈ ਜ਼ਿਕਰ ਨਹੀਂ। ਠੇਕਾ ਕਰਮਚਾਰੀਆਂ ਦੇ ਬੇਕਿਰਕੀ ਨਾਲ ਕੀਤੇ ਜਾ ਰਹੇ ਆਰਥਿਕ ਸ਼ੋਸ਼ਣ ਬਾਰੇ ਕੋਈ ਜ਼ਿਕਰ ਨਹੀਂ। ਜਿਨ੍ਹਾਂ ਨੂੰ 10-12 ਹਜ਼ਾਰ ਤਨਖਾਹ ਦੇ ਕੇ ਲੁੱਟਿਆ ਜਾ ਰਿਹਾ ਹੈ ਨਾ ਹੀ ਉਨ੍ਹਾਂ ਨੂੰ ਰੈਗੂਲਰ ਕਰਨ ਬਾਰੇ ਕੋਈ ਭਰੋਸਾ ਹੈ। ਪੁਰਾਣੀ ਪੈਨਸ਼ਨ ਸਕੀਮ ਵਾਅਦਾ ਕਰਨ ਦੇ ਬਾਵਜੂਦ ਬਹਾਲ ਨਹੀਂ ਕੀਤੀ ਗਈ। 50 ਲੱਖ ਦੇ ਲੱਗਭੱਗ ਘੱਟੋ-ਘੱਟ ਉਜਰਤਾਂ ਦੇ ਹੱਕਦਾਰ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਪਿਛਲੇ 12 ਸਾਲਾਂ ਤੋਂ ਕੋਈ ਵਾਧਾ ਨਹੀਂ ਕੀਤਾ ਗਿਆ ਅਤੇ ਬਜਟ ਵਿੱਚ ਇਸ ਬਾਰੇ ਵੱਡੇ ਸਨਅਤਕਾਰਾਂ ਦੇ ਦਬਾਅ ਥੱਲੇ ਅਤੇ ਆਪਣੇ ਦਿੱਲੀ ਵਾਲੇ ਮਾਲਕਾਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਉੱਕਾ ਹੀ ਕੋਈ ਜ਼ਿਕਰ ਨਹੀਂ ਕੀਤਾ ਗਿਆ। ਇਹਨਾਂ ਆਮ ਆਦਮੀ ਦੇ ਨਾਂਅ 'ਤੇ ਦੰਭ ਕਰਨ ਵਾਲੀ ਨਕਲੀ ਇਨਕਲਾਬੀ ਪਾਰਟੀ ਨੇ ਇਨ੍ਹਾਂ ਮਜ਼ਦੂਰਾਂ ਨੂੰ 11000 ਰੁਪਏ ਉਜਰਤਾਂ ਨਾਲ ਹੀ ਬੰਨ੍ਹ ਕੇ ਰੱਖਿਆ ਹੋਇਆ ਹੈ, ਜਦ ਕਿ ਅੱਧੇ ਸਨਅਤਕਾਰ ਇਹ ਉਜਰਤਾਂ ਵੀ ਪੂਰੀਆਂ ਨਹੀਂ ਦਿੰਦੇ। ਜਦ ਕਿ ਮਾਨਯੋਗ ਸੁਪਰੀਮ ਕੋਰਟ ਦੇ ਰੈਪਟਾਕੋਸ ਬਰੈਟ ਬਨਾਮ ਵਰਕਮੈਨ ਕੇਸ ਵਿੱਚ ਦਿੱਤੇ ਮਹੱਤਵਪੂਰਨ ਫੈਸਲੇ ਦੀ ਰੋਸ਼ਨੀ ਵਿੱਚ ਘੱਟੋ-ਘੱਟ ਉਜਰਤ 35000 ਰੁਪਏ ਬਣਦੀ ਹੈ। ਦੂਸਰੇ ਪਾਸੇ ਡਿਫਾਲਟਰ ਸਨਅਤਕਾਰਾਂ ਨੂੰ ਲੱਗਭੱਗ 900 ਕਰੋੜ ਰੁਪਏ ਦੀ ਛੋਟ ਦੇ ਕੇ ਖ਼ੁਸ਼ ਕੀਤਾ ਗਿਆ ਹੈ, ਕਿਉਂਕਿ ਲੁਧਿਆਣੇ ਦੀ ਜ਼ਿਮਨੀ ਚੋਣ 'ਤੇ ਅੱਖ ਰੱਖੀ ਹੋਈ ਹੈ। ਬੇਰੁਜ਼ਗਾਰੀ ਦੇ ਹੱਲ ਦਾ ਕੋਈ ਰੋਡ ਮੈਪ ਨਹੀਂ। ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਕੋਈ ਕਰਜ਼ਾ ਮਾਫ਼ੀ ਜਾਂ ਛੋਟ ਨਹੀਂ। ਬੱਜਟ ਭਾਵੇਂ 236000 ਕਰੋੜ ਰੁਪਏ ਦਾ ਅੰਕੜਾ ਦਰਸਾਉਂਦਾ ਹੈ, ਪਰ ਆਮਦਨ ਦੇ ਸਾਧਨਾਂ ਤੋਂ ਇਹ ਬਜਟ ਰਕਮ ਕਿਤੇ ਵੱਧ ਹੈ। ਜਿਸ ਤੋਂ ਸਪੱਸ਼ਟ ਹੈ ਕਿ ਸਾਲ ਦੇ ਦੌਰਾਨ ਹਰ ਵਰਗ 'ਤੇ ਸਿੱਧੇ ਅਤੇ ਅਸਿੱਧੇ ਢੰਗ ਨਾਲ ਵਿੱਤੀ ਬੋਝ ਲੱਦਿਆ ਜਾਵੇਗਾ। ਸੀਨੀਅਰ ਸਿਟੀਜ਼ਨ ਸੇਵਾ-ਮੁਕਤ ਕਰਮਚਾਰੀਆਂ ਦੀ ਪੈਨਸ਼ਨ ਵਿਚੋਂ ਵੀ 200 ਰੁਪਏ ਪ੍ਰਤੀ ਮਹੀਨਾ ਦੀ ਕਟੌਤੀ ਸ਼ੁਰੂ ਕਰ ਦਿੱਤੀ ਹੈ। ਸਰਕਾਰੀ ਟਰਾਂਸਪੋਰਟ ਮਹਿਕਮੇ ਵਿੱਚ ਤਿੰਨ ਸਾਲਾਂ ਵਿੱਚ ਇੱਕ ਵੀ ਨਵੀਂ ਬੱਸ ਨਹੀਂ ਪਾਈ ਗਈ, ਜਿਸ ਤੋਂ ਪ੍ਰਾਈਵੇਟ ਬੱਸ ਮਾਫੀਏ ਨਾਲ ਸਿੱਧੀ ਮਿਲੀਭੁਗਤ ਨਜ਼ਰ ਆ ਰਹੀ ਹੈ। ਔਰਤਾਂ ਦੇ ਮੁਫ਼ਤ ਸਫਰ ਦੀ ਰਕਮ ਸਾਲ ਵਿੱਚ 900 ਕਰੋੜ ਰੁਪਏ ਤੋਂ ਵੱਧ ਬਣਦੀ ਹੈ ਪਰ ਬਜਟ ਵਿੱਚ ਸਿਰਫ 450 ਕਰੋੜ ਰੁਪਏ ਰੱਖੇ ਗਏ ਹਨ। ਜਿਸ ਦਾ ਸਿੱਧਾ ਖਮਿਆਜ਼ਾ ਪੀ.ਆਰ.ਟੀ.ਸੀ. ਦੇ ਵਰਕਰਾਂ ਦੀਆਂ ਤਨਖਾਹਾਂ—ਪੈਨਸ਼ਨ ਲੇਟ ਮਿਲਣ ਦੇ ਰੂਪ ਵਿੱਚ ਭੁਗਤਣਗੇ ਅਤੇ ਸੇਵਾ ਮੁਕਤੀ ਬਕਾਏ ਜੋ ਪਹਿਲਾਂ ਹੀ ਡੇਢ ਸਾਲ ਤੋਂ ਨਹੀਂ ਦਿੱਤੇ ਗਏ, ਉਹ ਹੋਰ ਵੀ ਲਟਕਣਗੇ। ਸਕੀਮ ਵਰਕਰਾਂ ਜਿਵੇਂ ਕਿ ਆਂਗਣਵਾੜੀ, ਆਸ਼ਾ ਵਰਕਰ ਅਤੇ ਮਿਡ ਡੇ ਮੀਲ ਵਰਕਰਾਂ ਦੀਆਂ ਸੇਵਾਵਾਂ ਨਿਯਮਤ ਕਰਨ ਦਾ ਕੋਈ ਜ਼ਿਕਰ ਤੱਕ ਨਹੀਂ। ਸਫਾਈ ਸੇਵਕਾ ਅਤੇ ਸੀਵਰਮੈਨਾਂ ਦੀਆਂ ਮੁਸ਼ਕਲਾਂ ਅਤੇ ਜ਼ੋਖਮ ਭਰੀਆਂ ਸੇਵਾਵਾਂ ਵਾਲੇ ਵਰਗ ਦੀ ਭਲਾਈ ਲਈ ਕੋਈ ਯੋਜਨਾ ਨਹੀਂ।ਆਗੂਆਂ ਨੇ ਮੁਜ਼ਾਹਰੇ ਵਿੱਚ ਇਕੱਤਰ ਹੋਏ ਮੁਲਾਜ਼ਮਾਂ-ਮਜ਼ਦੂਰਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਇਸ ਸਰਕਾਰ ਨੇ ਸਖਤ ਸੰਘਰਸ਼ਾਂ ਤੋਂ ਬਿਨਾਂ ਕੁੱਝ ਨਹੀਂ ਦੇਣਾ, ਜਿਸ ਕਰਕੇ ਸਾਨੂੰ ਤਿਆਰ-ਬਰ ਤਿਆਰ ਰਹਿਣਾ ਚਾਹੀਦਾ ਹੈ।ਆਗੂਆਂ ਨੇ ਇਹ ਵੀ ਅਪੀਲ ਕੀਤੀ ਕਿ 03 ਅਪ੍ਰੈਲ ਨੂੰ ਮੁਹਾਲੀ ਵਿਖੇ ਲੇਬਰ ਭਵਨ ਦੇ ਸਾਹਮਣੇ ਘੱਟੋ—ਘੱਟ ਉਜਰਤਾਂ 35000/— ਰੁਪਏ ਕਰਨ ਦੀ ਮੰਗ ਨੂੰ ਲੈ ਕੇ ਪੰਜਾਬ ਏਟਕ ਅਤੇ ਸਹਿਯੋਗੀ ਜਥੇਬੰਦੀਆਂ ਵਲੋਂ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਹੁੰਮ ਹੁੰਮਾ ਕੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਇਆ ਜਾਵੇ।ਰੋਸ ਰੈਲੀ ਵਿੱਚ ਜਿਹੜੇ ਹੋਰ ਆਗੂ ਸ਼ਾਮਲ ਸਨ, ਉਨ੍ਹਾਂ ਵਿੱਚ ਉਤਮ ਸਿੰਘ ਬਾਗੜੀ, ਭਿੰਦਰ ਸਿੰਘ ਚਹਿਲ, ਸ਼ਿਵ ਚਰਨ, ਰਾਜੇਸ਼ ਗੋਲੂ, ਤਰਲੋਚਨ ਮਾੜੂ, ਸੁਖਵਿੰਦਰ ਸਿੰਘ, ਵਿਕਰਮਜੀਤ ਸਿੰਘ, ਹਰਬੰਸ ਵਰਮਾ, ਪ੍ਰਕਾਸ਼ ਲੁਬਾਣਾ, ਬਲਬੀਰ ਸਿੰਘ, ਮੱਖਣ ਸਿੰਘ, ਵੇਦ ਪ੍ਰਕਾਸ਼, ਹਰਬੰਸ ਵਰਮਾ, ਤਰਲੋਚਨ ਮੰਡੋਲੀ, ਮੇਘ ਰਾਜ, ਮੋਦ ਨਾਥ, ਨਿਸ਼ਾ ਰਾਣੀ, ਚੰਦਰ ਭਾਨ, ਸੁਨੀਲ ਦੱਤ, ਰਾਮ ਕੈਲਾਸ਼, ਰਾਜੇਸ਼ ਕੁਮਾਰ, ਰਾਜ ਕੁਮਾਰ, ਸਤਿਨਰਾਇਣ ਗੋਨੀ, ਸੁਭਾਸ਼ ਆਦਿ ਹਾਜ਼ਰ ਸਨ।

### ਐੱਸ ਜੀ ਪੀ ਸੀ ਦਾ...

ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਢੁੱਕਵੀਂ ਯਾਦਗਾਰ ਬਣਾਉਣ ਦੀ ਕੇਂਦਰ ਸਰਕਾਰ ਪਾਸੋਂ ਮੰਗ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸੰਬੰਧੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਸੰਸਦ ਵਿਚ ਦਿੱਤੇ ਬਿਆਨ ਦੀ ਨਿਖੇਧੀ, ਪੰਜਾਬ ਤੋਂ ਬਾਹਰ ਸਿੱਖਾਂ ਵਿਰੁੱਧ ਪੈਦਾ ਕੀਤੇ ਜਾ ਰਹੇ ਨਫ਼ਰਤੀ ਮਾਹੌਲ ਦੀ ਨਿਖੇਧੀ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਸੰਬੰਧਤ ਇਤਿਹਾਸਕ ਇਮਾਰਤਾਂ ਦੀ ਸਾਂਭ-ਸੰਭਾਲ, ਫ਼ੌਜ ਵਿਚ ਸਿੱਖਾਂ ਦਾ ਰਾਖਵਾਂ ਕੋਟਾ ਨਿਰਧਾਰਤ ਕਰਨ, ਬੰਦੀ ਸਿੰਘਾਂ ਦੀ ਰਿਹਾਈ, ਕਿਸਾਨੀ ਸੰਘਰਸ਼ ਆਦਿ ਨਾਲ ਸੰਬੰਧਤ ਮਤੇ ਸ਼ਾਮਲ ਹਨ।

### ਤਿੰਨ ਦੀ ਮੁਹਾਲੀ ਰੈਲੀ...

ਲੁਧਿਆਣਾ ਦੇ ਇੱਕ ਅਸੰਬਲੀ ਹਲਕੇ ਦੀ ਜ਼ਿਮਨੀ ਚੋਣ ਨੂੰ ਹਰ ਹੀਲੇ ਜਿੱਤਣ ਦੇ ਜੁਗਾੜ ਵਿੱਚ ਲੱਗੀ ਸਰਕਾਰ ਮਜ਼ਦੂਰਾਂ, ਕਿਸਾਨਾਂ, ਗਰੀਬਾਂ ਅਤੇ ਆਮ ਲੋੜਵੰਦ ਲੋਕਾਂ ਦੀ ਮਿਹਨਤ 'ਤੇ ਡਾਕਾ ਮਾਰ ਕੇ ਸਨਅਤੀ ਘਰਾਣਿਆਂ ਨੂੰ ਵਿੱਤੀ ਲਾਭ ਪਹੁੰਚਾ ਰਹੀ ਹੈ।

ਏਟਕ ਆਗੂਆਂ ਦੱਸਿਆ ਕਿ ਸਰਕਾਰ ਨੂੰ ਮਜ਼ਦੂਰਾਂ ਦੀਆਂ ਘੱਟੋ-ਘੱਟ ਉਜਰਤਾਂ 35000 ਰੁਪਏ ਪ੍ਰਤੀ ਮਹੀਨਾ ਦੀ ਮੰਗ ਮੰਨਣ ਲਈ ਮਜਬੂਰ ਕਰਨ ਵਾਸਤੇ 3 ਅਪ੍ਰੈਲ ਦੀ ਵਿਸ਼ਾਲ ਰੈਲੀ ਮਜ਼ਦੂਰਾਂ ਦੇ ਗੁੱਸੇ ਦਾ ਜ਼ਬਰਦਸਤ ਸੁਨੇਹਾ ਹੋਵੇਗਾ। ਪੰਜਾਬ ਭਰ ਵਿੱਚ ਏਟਕ ਨਾਲ ਸੰਬੰਧਤ ਅਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਵੱਲੋਂ ਰੈਲੀ ਦੀ ਕਾਮਯਾਬੀ ਲਈ ਜ਼ੋਰਦਾਰ ਤਿਆਰੀਆਂ ਆਰੰਭੀਆਂ ਹੋਈਆਂ ਹਨ। ਰੈਲੀ ਵਿੱਚ ਸਨਅਤੀ ਮਜ਼ਦੂਰ, ਟਰਾਂਸਪੋਰਟ ਕਾਮੇ, ਬਿਜਲੀ ਅਦਾਰੇ ਦੇ ਮੁਲਾਜ਼ਮ, ਦਰਜਾ ਚੌਥਾ ਦੇ ਕਰਮਚਾਰੀ, ਨਰੇਗਾ ਕਾਮੇ, ਉਸਾਰੀ ਕਿਰਤੀ, ਭੱਠਾ ਮਜ਼ਦੂਰ, ਪੱਲੇਦਾਰ, ਸਕੀਮ ਵਰਕਰਜ਼, ਠੇਕੇਦਾਰੀ ਸਿਸਟਮ ਤਹਿਤ ਕੰਮ ਕਰਦੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ ਦੇ ਹਜ਼ਾਰਾਂ ਕਾਮੇ ਇਸ ਰੈਲੀ ਵਿੱਚ ਹੁੰਮ-ਹੁਮਾ ਕੇ ਪੁੱਜਣਗੇ। ਰੈਲੀ ਦੀ ਕਾਮਯਾਬੀ ਲਈ ਸਨਅਤੀ ਕੇਂਦਰ ਅੰਮ੍ਰਿਤਸਰ, ਲੁਧਿਆਣਾ, ਸੰਗਰੂਰ, ਮੁਹਾਲੀ, ਪਟਿਆਲਾ, ਰੋਪੜ ਦੇ ਪ੍ਰਮੁੱਖ ਮਜ਼ਦੂਰ ਆਗੂ ਅਮਰਜੀਤ ਸਿੰਘ ਆਸਲ, ਦਸਵਿੰਦਰ ਕੌਰ, ਡੀ ਪੀ ਮੌੜ, ਵਿਜੇ ਕੁਮਾਰ, ਮਨਿੰਦਰ ਸਿੰਘ ਭਾਟੀਆ, ਸੁਖਦੇਵ ਸ਼ਰਮਾ, ਭਰਪੂਰ ਸਿੰਘ ਬੁੱਲਾਪੁਰ, ਵਿਨੋਦ ਚੁੱਗ, ਮਹਿੰਦਰਪਾਲ, ਦਰਸ਼ਨ ਸਿੰਘ ਲੁਬਾਣਾ, ਉਤਮ ਸਿੰਘ ਬਾਗੜੀ, ਰਾਜ ਕੁਮਾਰ ਤਿਵਾੜੀ, ਦੁਰਗੇਸ਼ ਕੁਮਾਰ ਸਖਤ ਮਿਹਨਤ ਕਰ ਰਹੇ ਹਨ।

ਇਸ ਤੋਂ ਇਲਾਵਾ ਟਰਾਂਸਪੋਰਟ ਆਗੂ ਜਗਦੀਸ਼ ਸਿੰਘ ਚਹਿਲ, ਪੀ ਆਰ ਟੀ ਸੀ ਦੇ ਦਲਜੀਤ ਸਿੰਘ, ਮੁਹੰਮਦ ਖਲੀਲ, ਬਿਜਲੀ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ, ਸੁਰਿੰਦਰ ਪਾਲ ਲਹੌਰੀਆ, ਬਿਜਲੀ ਦੇ ਸੇਵਾ-ਮੁਕਤ ਕਰਮਚਾਰੀਆਂ ਦੇ ਆਗੂ ਅਮਰੀਕ ਸਿੰਘ ਮਸੀਤਾਂ ਅਤੇ ਨਰਿੰਦਰ ਬੱਲ, ਨਰੇਗਾ ਆਗੂ ਕਸ਼ਮੀਰ ਸਿੰਘ ਗਦਾਈਆ, ਜਗਸੀਰ ਸਿੰਘ ਖੋਸਾ, ਭੱਠਾ ਮਜ਼ਦੂਰ ਆਗੂ ਜੈਪਾਲ, ਪੱਲੇਦਾਰਾਂ ਦੇ ਆਗੂ ਅਮਰ ਸਿੰਘ ਭੱਟੀਆਂ ਅਤੇ ਗੁਰਮੀਤ ਸਿੰਘ ਅਤੇ ਦਰਜਾਚਾਰ ਮੁਲਾਜ਼ਮਾਂ ਦੇ ਆਗੂ ਰਣਜੀਤ ਸਿੰਘ ਰਾਣਵਾਂ ਅਤੇ ਜਗਮੋਹਨ ਨੌਲੱਖਾ ਆਦਿ ਆਗੂ ਪੂਰੀ ਤਰ੍ਹਾਂ ਤਿਆਰੀ ਵਿੱਚ ਲੱਗੇ ਹੋਏ ਹਨ।

# ਯੁੱਧ ਨਸ਼ਿਆਂ ਵਿਰੁੱਧ ਦੀ ਆੜ 'ਚ ਸਰਕਾਰ ਗਰੀਬਾਂ ਦੇ ਘਰ ਢਾਹੁਣੇ ਬੰਦ ਕਰੇ : ਲਿਬਰੇਸ਼ਨ



**ਮਾਨਸਾ (ਆਤਮਾ ਸਿੰਘ ਪਮਾਰ)**-ਵੋਟਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਤੇ ਵੱਡੇ ਸਮੱਗਲਰਾਂ ਨੂੰ ਨੱਥ ਪਾਉਣ ਦੇ ਨਾਅਰੇ ਕਰਕੇ ਪੰਜਾਬ ਦੇ ਲੋਕਾਂ ਨੇ ਇਤਿਹਾਸਕ ਲੀਡ ਨਾਲ ਭਗਵੰਤ ਸਿੰਘ ਮਾਨ ਸਰਕਾਰ ਬਣਾਈ, ਪਰ ਨਸ਼ੇ ਨੂੰ ਬੰਦ ਕਰਨ ਵਿੱਚ ਅਸਫ਼ਲ ਰਹੀ ਸਰਕਾਰ ਨੂੰ ਹੁਣ ਲੋਕਾਂ ਨੇ ਘੇਰ ਲਿਆ ਤੇ ਇਸ 'ਤੇ ਭਗਵੰਤ ਮਾਨ ਸਰਕਾਰ ਨੇ ਆਪਣੇ ਆਪ ਨੂੰ ਬਚਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦਾ ਆਗਾਜ਼ ਵੱਡੇ ਸਮੱਗਲਰਾਂ ਨੂੰ ਛੱਡ ਕੇ ਗਰੀਬਾਂ ਦੇ ਘਰ ਢਾਹ ਕੇ ਸ਼ੁਰੂ ਕੀਤੀ, ਜੋ ਭਗਵੰਤ ਮਾਨ ਸਰਕਾਰ ਲਈ ਬਹੁਤ ਸ਼ਰਮ ਵਾਲੀ ਗੱਲ ਹੈ।ਇੱਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਆਗੂ ਕਾ. ਨਛੱਤਰ ਸਿੰਘ ਖੀਵਾ, ਸੂਬਾ ਕਮੇਟੀ ਆਗੂ ਕਾ. ਸੁਖਦਰਸ਼ਨ ਸਿੰਘ ਨੱਤ ਨੇ ਕਿਹਾ ਭਗਵੰਤ ਮਾਨ ਸਰਕਾਰ ਲੋਕਾਂ ਨਾਲ ਚੋਣਾਂ ਵਿੱਚ ਵਾਅਦੇ ਲਾਗੂ ਕਰਨ ਵਿੱਚ ਅਸਫ਼ਲ ਹੋਈ ਪੰਜਾਬ ਦੇ ਲੋਕਾਂ ਨੇ ਕੁੱਝ ਸਮਾਂ ਸਰਕਾਰ ਵੱਲ ਦੇਖ ਕੇ ਨਸ਼ਿਆਂ ਖ਼ਿਲਾਫ਼ ਆਪਣੇ ਆਪ ਨਸ਼ਾ ਖਤਮ ਕਰਨ ਲਈ ਸੰਘਰਸ਼ ਸ਼ੁਰੂ ਕੀਤੇ ਤੇ ਇਨ੍ਹਾਂ ਸੰਘਰਸ਼ਾਂ ਵਿੱਚ ਭਗਵੰਤ ਮਾਨ ਸਰਕਾਰ ਖ਼ਿਲਾਫ਼ ਲੋਕਾਂ ਦਾ ਤਿੱਖਾ ਵਿਰੋਧ ਉੱਠਿਆ ਅਤੇ ਲੋਕਾਂ ਨੇ ਭਗਵੰਤ ਸਿੰਘ ਮਾਨ ਦੀ ਸਰਕਾਰ ਦੇ ਵਜ਼ੀਰਾਂ ਨੂੰ ਘੇਰਨਾ ਸ਼ੁਰੂ ਕੀਤਾ, ਜਿਸ ਤੋਂ ਬਚਣ ਲਈ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ 'ਤੇ ਸਭ ਤੋਂ ਪਹਿਲਾਂ ਪਰਚੂਨ ਵਿੱਚ ਨਸ਼ਾ ਵੇਚਣ ਵਾਲੇ ਗਰੀਬ ਸਮੱਗਲਰਾਂ ਦੇ ਘਰ ਢਾਹ ਕੇ ਪੰਜਾਬ ਵਿੱਚ ਸ਼ੁਰੂ ਕੀਤੀ ਇਸ ਮੁਹਿੰਮ ਵਿੱਚ ਵੱਡੀ ਪੱਧਰ 'ਤੇ ਗਰੀਬਾਂ ਦੇ ਹੀ ਘਰ ਢਾਹੇ, ਜੋ ਭਗਵੰਤ ਸਿੰਘ ਮਾਨ ਦੀ ਸਰਕਾਰ ਲਈ ਹੱਦੋਂ ਵੱਧ ਸ਼ਰਮ ਵਾਲੀ ਗੱਲ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਰਾਜਨੀਤਕ ਤੇ ਪੁਲਸ ਅਫਸਰ ਹੀ ਵੱਡੇ-ਵੱਡੇ ਸਮੱਗਲਰ ਹਨ, ਜਿਨ੍ਹਾਂ ਦੇ ਮਹਿਲਾਂ ਤੇ ਕੋਠੀਆਂ 'ਤੇ ਹਾਲੇ ਤੱਕ ਬੁਲਡੋਜ਼ਰ ਨਹੀਂ ਚੱਲਿਆ।ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾ. ਬਲਵਿੰਦਰ ਸਿੰਘ ਘਰਾਂਗਣਾਂ ਜ਼ਿਲ੍ਹਾ ਆਗੂ ਕਾ. ਗੁਰਸੇਵਕ ਸਿੰਘ ਮਾਨਬੀਬੜੀਆਂ ਨੇ ਕਿਹਾ ਕਿ ਜੋ ਜ਼ਿਲ੍ਹਾ ਮਾਨਸਾ ਦੇ ਕਸਬੇ ਭੀਖੀ ਤੇ ਪੰਜਾਬ ਵਿੱਚ ਗਰੀਬਾਂ ਦੇ ਘਰਾਂ ਤੇ ਨਜਾਇਜ਼ ਕਬਜ਼ੇ ਤੇ ਪਰਚੂਨ ਵਿੱਚ ਨਸ਼ਾ ਵੇਚਣ ਵਾਲਿਆਂ ਦੀ ਆੜ ਵਿੱਚ ਗਰੀਬਾਂ ਦੇ ਘਰ ਢਾਹੇ ਗਏ ਹਨ, ਉਹ ਭਗਵੰਤ ਮਾਨ ਦੀ ਸਰਕਾਰ ਲਈ ਭਵਿੱਖ 'ਚ ਸੱਤਾ ਪ੍ਰਾਪਤੀ ਲਈ ਖਤਰਨਾਕ ਸਾਬਿਤ ਹੋਣਗੇ।

# ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣ-ਭੱਤਾ ਵਧਾਉਣ ਤੋਂ ਸਰਕਾਰ ਮੁੱਕਰੀ : ਹਰਗੋਬਿੰਦ ਕੌਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੇ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਵਾਅਦੇ ਤੋਂ ਬਿਲਕੁਲ ਭੱਜ ਗਈ ਹੈ ਤੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਵਧਾਉਣ ਤੋਂ ਮੁੱਕਰ ਗਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਵਿੱਚ ਵਿਧਾਇਕ ਜਸਵੀਰ ਸਿੰਘ ਨੇ ਸਵਾਲ ਉਠਾਇਆ ਸੀ ਕਿ ਘੱਟੋ ਘੱਟ ਉਜ਼ਰਤਾਂ ਨੂੰ ਮੁੱਖ ਰੱਖਦਿਆਂ ਕੀ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਵਧਾਇਆ ਜਾ ਰਿਹਾ ਹੈ ਤਾਂ ਵਿਭਾਗ ਦੀ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਜਵਾਬ ਦਿੱਤਾ ਗਿਆ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਅਸੀਂ ਘੱਟੋ ਘੱਟ ਉਜ਼ਰਤਾਂ ਨਹੀਂ ਦੇ ਸਕਦੇ, ਕਿਉਂਕਿ ਇਹ ਘੱਟੋ ਘੱਟ ਉਜ਼ਰਤਾਂ ਦੇ ਦਾਇਰੇ ਵਿੱਚ ਨਹੀਂ ਆਉਂਦੀਆਂ।ਹਰਗੋਬਿੰਦ ਕੌਰ ਨੇ ਕਿਹਾ ਕਿ ਜਦੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਤੋਂ ਸਰਕਾਰ ਤੇ ਮਹਿਕਮੇ ਨੇ ਕੰਮ ਲੈਣਾ ਹੁੰਦਾ ਹੈ ਜਾਂ ਉਨ੍ਹਾਂ ਨੂੰ ਨੌਕਰੀ ਤੋਂ ਕੱਢਣਾ ਹੁੰਦਾ ਹੈ ਤਾਂ ਉਦੋਂ ਤੁਸੀਂ ਕਹਿ ਦਿੰਦੇ ਹੋ ਕਿ ਆਂਗਣਵਾੜੀ ਵਰਕਰ ਸਰਕਾਰੀ ਮੁਲਾਜ਼ਮ ਹੈ, ਉਹ ਪੰਚ ਸਰਪੰਚ ਨਹੀਂ ਬਣ ਸਕਦੀ, ਉਹ ਕਿਸੇ ਰਾਜਨੀਤਕ ਪਾਰਟੀ ਦਾ ਹਿੱਸਾ ਨਹੀਂ ਬਣ ਸਕਦੀ ਤੇ ਅੱਜ ਕਿਹਾ ਜਾ ਰਿਹਾ ਹੈ ਕਿ ਆਂਗਣਵਾੜੀ ਵਰਕਰ ਤੇ ਹੈਲਪਰ ਤਾਂ ਉਜ਼ਰਤ ਦੇ ਦਾਇਰੇ ਵਿੱਚ ਵੀ ਨਹੀਂ ਆਉਂਦੇ।ਫੇਰ ਤੁਸੀਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਉੱਪਰ ਕਾਰਵਾਈ ਕਿਸ ਅਧਾਰ 'ਤੇ ਕਰਦੇ ਹੋ।ਹਰਗੋਬਿੰਦ ਕੌਰ ਨੇ ਕਿਹਾ ਕਿ ਆਂਗਣਵਾੜੀ ਵਰਕਰ ਤੇ ਹੈਲਪਰ ਦੀ ਡਿਊਟੀ ਵਿਧਾਨ ਸਭਾ ਵਿੱਚ ਬੋਲ ਕੇ ਮੰਤਰੀ ਨੇ ਇੱਕ ਘੰਟਾ ਘੱਟ ਕਰ ਦਿੱਤੀਆਂ, ਜਦਕਿ ਆਂਗਣਵਾੜੀ ਵਰਕਰ 8 ਤੋਂ 12 ਸੈਂਟਰ ਵਿੱਚ ਹੁੰਦੀ ਹੈ 12 ਤੋਂ 1 ਹੋਮ ਵਿਜਿਟ ਕਰਦੀ ਹੈ।ਉਨ੍ਹਾਂ ਕਿਹਾ ਕਿ ਹਾਥੀ ਦੇ ਦੰਦ ਖਾਣ ਵਾਲੇ ਹੋਰ ਤੇ ਦਿਖਾਉਣ ਵਾਲੇ ਹੋਰ ਹਨ, ਜਦੋਂ ਵੋਟਾਂ ਲੈਣੀਆਂ ਸੀ ਉਸ ਦਿਨ ਤਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਜੇਕਰ ਸਾਡੀ ਸਰਕਾਰ ਆਈ ਤਾਂ ਅਸੀ ਪੰਜਾਬ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਕਰਾਂਗੇ।ਯੂਨੀਅਨ ਆਗੂ ਨੇ ਇਹ ਵੀ ਕਿਹਾ ਕਿ ਸੈਂਟਰ ਸਰਕਾਰ ਵੱਲੋਂ ਪੋਸ਼ਣ ਟਰੈਕਰ ਐਪ ਦਾ ਕੰਮ ਕਰਨ ਬਦਲੇ ਦਿੱਤੀ ਜਾ ਰਹੀ ਉਤਸ਼ਾਹ ਵਰਧਕ ਰਾਸ਼ੀ 500, ਵਰਕਰ 250 ਹੈਲਪਰ ਉਸ ਨੂੰ ਵੀ ਪੰਜਾਬ ਸਰਕਾਰ ਆਪਣਾ ਦੱਸ ਰਹੀ ਹੈ। ਪ੍ਰਧਾਨ ਮੰਤਰੀ ਮਾਤਰਤਵ ਵੰਦਨਾ ਯੋਜਨਾ ਵਿੱਚ ਮਿਲਦਾ ਕਮਿਸ਼ਨ ਜੋ 200 ਰੁਪਏ ਵਰਕਰ ਤੇ 100 ਰੁਪਏ ਹੈਲਪਰ ਹੈ ਉਸ ਵਿੱਚੋਂ 100 ਰੁਪਏ ਵਰਕਰ ਅਤੇ 50 ਰੁਪਏ ਹੈਲਪਰ ਨੂੰ ਦਿੱਤੇ ਜਾ ਰਹੇ ਹਨ, ਉਸ ਨੂੰ ਵੀ ਆਪਣਾ ਦੱਸਿਆ ਜਾ ਰਿਹਾ।ਉਨ੍ਹਾਂ ਕਿਹਾ ਕਿ ਜਦੋਂ ਤੋਂ ਆਪ ਸਰਕਾਰ ਆਈ ਹੈ ਉਦੋਂ ਤੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਟਾਈਮ ਤੇ ਮਾਣ ਭੱਤਾ ਵੀ ਨਹੀਂ ਮਿਲਿਆ।ਉਨ੍ਹਾਂ ਕਿਹਾ ਕਿ ਪੰਜਾਬ ਦੇ ਆਂਗਣਵਾੜੀ ਕੇਂਦਰਾਂ ਵਿੱਚੋਂ ਰਾਸ਼ਨ ਲੈ ਰਹੇ ਕਰੋੜਾਂ ਲਾਭਪਾਤਰੀਆਂ ਦੀ ਸਿਹਤ ਨਾਲ ਮਾੜਾ ਰਾਸ਼ਨ ਭੇਜ ਕੇ ਖਿਲਵਾੜ ਕੀਤਾ ਜਾ ਰਿਹਾ ਹੈ ਤੇ ਸਰਕਾਰੀ ਅਦਾਰੇ ਵੇਰਕਾ ਦੀ ਥਾਂ ਪ੍ਰਾਈਵੇਟ ਕੰਪਨੀਆਂ ਤੋਂ ਖਰੀਦਿਆ ਜਾ ਰਿਹਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਨਸ਼ਾ ਤਸਕਰਾਂ ਖ਼ਿਲਾਫ਼ ਵੱਖ-ਵੱਖ ਮਾਮਲੇ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਪੁਲਸ ਦੇ ਏ.ਐਸ.ਆਈ. ਸਲਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਇਕ ਇਤਲਾਹ 'ਤੇ ਪਿੰਡ ਬਹਾਦਰ ਨੇੜੇ ਨੌਂਗਜੀਆ ਪੀਰ ਦੀ ਜਗ੍ਹਾ ਤੋਂ ਰਾਜਨ ਪੁੱਤਰ ਤਰਲੋਕ ਮਸੀਹ ਵਾਸੀ ਪੰਡੋਰੀ ਮਹੰਤਾਂ ਨੂੰ ਕਾਬੂ ਕਰਕੇ ਪੈਂਟ ਦੀ ਸੱਜੀ ਜੇਬ ਵਿਚੋਂ ਮੋਮੀ ਲਿਫਾਫੇ ਵਿੱਚ ਪਾਈ ਹੋਈ 5 ਗਰਾਮ ਹੈਰੋਇਨ ਬਰਾਮਦ ਹੋਈ। ਥਾਣਾ ਧਾਰੀਵਾਲ ਪੁਲਸ ਦੇ ਏ.ਐਸ.ਆਈ. ਬਲਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਬਾਈਪਾਸ ਤਰੀਜਾ ਨਗਰ ਮੋੜ ਤੋਂ ਗੁਰਪ੍ਰੀਤ ਸਿੰਘ ਨਿੱਕਾ ਪੁੱਤਰ ਬਖਸ਼ੀਸ਼ ਸਿੰਘ ਵਾਸੀ ਸੰਧਵਾ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਸਦਰ ਗੁਰਦਾਸਪੁਰ ਪੁਲਸ ਦੇ ਏ.ਐਸ.ਆਈ. ਨਰੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਬੱਬਰੀ ਤੋਂ ਮਨਵਿੰਦਰ ਸਿੰਘ ਉਰਫ ਮਿੱਲਾ ਪੁੱਤਰ ਸੁੱਚਾ ਸਿੰਘ ਗੁਰਦਾਸਪੁਰ ਤੋਂ ਸ਼ੱਕ ਦੇ ਆਧਾਰ 'ਤੇ ਮੋਮੀ ਲਿਫਾਫਾ ਬਰਾਮਦ ਕੀਤਾ ਜਿਸ ਵਿਚੋਂ 8 ਗ੍ਰਾਮ 21 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ ਹੈ। ਇਸੇ ਤਰ੍ਹਾਂ ਥਾਣਾ ਸਿਟੀ ਗੁਰਦਾਸਪੁਰ ਪੁਲਸ ਦੇ ਐਸ.ਆਈ. ਹਰਮੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਨੇ ਦਾਣਾ ਮੰਡੀ ਟੈਲੀਫੋਨ ਐਕਸਚੇਂਜ ਦੇ ਸਾਹਮਣੇ ਤੋਂ ਰੂਬਲ ਪੁੱਤਰ ਸ਼ਮੀ, ਅਭੀ ਉਰਫ ਕਊਆ ਪੁੱਤਰ ਮੌਸਮ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 7 ਗ੍ਰਾਮ ਹੈਰੋਇਨ ਅਤੇ ਅਭੀ ਉਰਫ ਕਊਆ ਪਾਸੋਂ ਬਰਾਮਦ ਮੋਮੀ ਲਿਫਾਫੇ ਵਿਚੋਂ 1000 ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਥਾਣਾ ਤਿੱਬੜ ਪੁਲਸ ਦੇ ਏ.ਐਸ.ਆਈ. ਰਾਕੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਸਮੇਤ ਪੁਲਸ ਪਾਰਟੀ ਨੇ ਪਿੰਡ ਹੁੰਦਲ ਤੋਂ ਸ਼ਾਮ ਸੁੰਦਰ ਉਰਫ ਲੱਕੀ ਪੁੱਤਰ ਸੁੱਖਚੈਨ ਸਿੰਘ ਵਾਸੀ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਇਨ੍ਹਾਂ ਸਾਰੇ ਮਾਮਲਿਆਂ ਵਿਚ ਨਸ਼ਾ ਤਸਕਰਾਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਮਾਮਲੇ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

# ਮਾਤਾ ਸਾਹਿਬ ਕੌਰ ਮਾਡਰਨ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਾ 100 ਫੀਸਦੀ




**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਅਧਿਆਪਕ ਸਾਹਿਬਾਨ ਵੱਲੋਂ ਵਿਦਿਆਰਥੀਆਂ ਨੂੰ ਕਰਵਾਈ ਗਈ ਅਣਥੱਕ ਮਿਹਨਤ ਅਤੇ ਮਾਤਾ ਪਿਤਾ ਸਾਹਿਬਾਨ ਦੇ ਸਹਿਯੋਗ ਸਦਕਾ ਮਾਤਾ ਸਾਹਿਬ ਕੌਰ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਭਰੋਵਾਲ ਦਾ ਨਤੀਜਾ ਸ਼ਤ ਪ੍ਰਤੀਸ਼ਤ ਰਿਹਾ। ਮਾਤਾ ਸਾਹਿਬ ਕੌਰ ਮਾਰਡਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਰਸਰੀ ਤੋਂ ਗਿਆਰ੍ਹਵੀਂ ਦੇ ਸਾਇੰਸ, ਕਾਮਰਸ ਅਤੇ ਆਰਟਸ ਜਮਾਤਾਂ ਦੇ ਵਿਦਿਆਰਥੀਆਂ ਦੀ ਸਾਲਾਨਾ ਪ੍ਰੀਖਿਆਵਾਂ ਦੇ ਨਤੀਜੇ ਦਾ ਐਲਾਨ ਬੜੇ ਉਤਸ਼ਾਹ ਨਾਲ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਪ੍ਰੀ-ਪ੍ਰਾਇਮਰੀ ਗ੍ਰੈਜੂਏਸ਼ਨ ਸੈਰੇਮਨੀ ਦਾ ਆਯੋਜਨ ਵੀ ਕੀਤਾ ਗਿਆ। ਵਿਦਿਆਰਥੀਆਂ ਲਈ ਵਿਸ਼ੇਸ਼ ਸੈਲਫੀ ਸਟੈਂਡ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਵੱਖ ਵੱਖ ਜਮਾਤਾਂ ਦੇ ਵਿਦਿਆਰਥੀਆਂ ਦੀਆਂ ਵਡਮੁੱਲੀਆਂ ਪ੍ਰਾਪਤੀਆਂ ਤੋਂ ਮਾਤਾ ਪਿਤਾ ਸਾਹਿਬਾਨ ਨੂੰ ਜਾਣੂ ਕਰਵਾਇਆ ਗਿਆ। ਸਕੂਲ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਨਵਜੋਤੀ ਸ਼ਰਮਾ ਅਤੇ ਪ੍ਰਬੰਧਕ ਕਮੇਟੀ ਵਲੋਂ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਅਤੇ ਬੱਚਿਆਂ ਨੂੰ ਉਹਨਾਂ ਦੀ ਇਸ ਕਾਮਯਾਬੀ ਲਈ ਵਧਾਈ ਦਿੱਤੀ। ਸਟਾਫ ਅਤੇ ਪ੍ਰਿੰਸੀਪਲ ਮੈਡਮ ਨਵਜੋਤੀ, ਸਕੂਲ ਮੈਨੇਜਮੈਂਟ, ਪ੍ਰੈਜ਼ੀਡੈਂਟ ਸੁਖਵਿੰਦਰ ਕੌਰ, ਮੈਨੇਜਮੈਂਟ ਡਾਇਰੈਕਟਰ ਤਜਿੰਦਰ ਸਿੰਘ, ਸੈਕਟਰੀ ਬਨਵੀਰ ਸਿੰਘ, ਮੈਡਮ ਸੰਗੀਤ ਕੌਰ ਵੀ ਉਚੇਚੇ ਤੌਰ 'ਤੇ ਹਾਜ਼ਰ ਸਨ।

# ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ਼ ਐਜੂਕੇਸ਼ਨ ਵਿਖੇ ਸਿੱਖ ਵਾਤਾਵਰਣ ਦਿਵਸ ਮਨਾਇਆ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੀ ਸੁਹਿਰਦ ਅਗਵਾਈ ਅਧੀਨ ਚੱਲ ਰਹੇ ਵਿੱਦਿਅਕ ਅਦਾਰੇ ਸ੍ਰੀ ਗੁਰੂ ਅੰਗਦ ਦੇਵ ਕਾਲਜ ਆਫ਼ ਐਜੂਕੇਸ਼ਨ, ਖਡੂਰ ਸਾਹਿਬ ਵਿਖੇ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਸੰਵੇਦਨਾ ਪੈਦਾ ਕਰਨ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਵਾਤਾਵਰਣ ਨੂੰ ਸ਼ੁੱਧ ਅਤੇ ਸਾਫ਼ ਰੱਖਣ ਦੇ ਆਸ਼ੇ ਨੂੰ ਮੁੱਖ ਰੱਖਦਿਆਂ ਕਾਲਜ ਕੈਂਪਸ ਵਿੱਚ ਸ੍ਰੀ ਗੁਰੂ ਹਰਿ ਰਾਏ ਸਾਹਿਬ ਦਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ 'ਸਿੱਖ ਵਾਤਾਵਰਣ ਦਿਵਸ-2025' ਪ੍ਰਿੰਸੀਪਲ ਡਾ. ਸਿਮਰਪ੍ਰੀਤ ਕੌਰ ਅਤੇ ਅਧਿਆਪਕ ਇੰਚਾਰਜ ਅਸਿਸ. ਪ੍ਰੋ. ਗਗਨਦੀਪ ਕੌਰ ਅਤੇ ਅਸਿਸ. ਪ੍ਰੋ. ਰੇਨੂ ਬਾਲਾ ਦੀ ਸੁਹਿਰਦ ਅਗਵਾਈ ਹੇਠ 26 ਮਾਰਚ ਨੂੰ 'ਈਕੋ ਕਲੱਬ' ਵੱਲੋਂ ਮਨਾਇਆ ਗਿਆ। ਇਸ ਦਿਵਸ ਨੂੰ ਮਨਾਉਣ ਦਾ ਉਦੇਸ਼ ਅਧਿਆਪਕਾਂ, ਵਿਦਿਆਰਥੀਆਂ ਅਤੇ ਸਮੁਦਾਇ ਨੂੰ ਕੁਦਰਤੀ ਵਾਤਾਵਰਣ ਦੀ ਸਾਂਭ-ਸੰਭਾਲ ਲਈ ਆਪਣੇ ਫਰਜ਼ਾਂ ਨੂੰ ਪਹਿਚਾਣਦਿਆਂ ਤਤਪਰ ਰਹਿਣ ਵਾਸਤੇ ਅਤੇ ਵਾਤਾਵਰਣ ਨੂੰ ਹਰਿਆ-ਭਰਿਆ ਰੱਖਣ ਲਈ ਪ੍ਰੇਰਿਤ ਕਰਨਾ ਸੀ। ਸੰਸਥਾ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਸਟਾਲ ਅਤੇ ਪ੍ਰਦਰਸ਼ਨੀਆਂ ਲਗਾਈਆਂ ਗਈਆਂ, ਜਿਸ ਦੇ ਅੰਤਰਗਤ - ਪੋਸਟਰ ਪ੍ਰਦਰਸ਼ਨੀ, ਪੌਸ਼ਕ ਭੋਜਨ, ਘਰੇਲੂ, ਸਿਹਤ, ਸਫ਼ਾਈ ਅਤੇ ਸੁੰਦਰਤਾ, ਪੰਜਾਬੀ ਸੱਭਿਆਚਾਰ ਪ੍ਰਦਰਸ਼ਨੀ ਨਾਲ ਸੰਬੰਧਤ ਸਟਾਲ ਲਗਾਏ ਗਏ। ਇਨ੍ਹਾਂ ਸਟਾਲਾਂ ਵਿੱਚ ਵਿਦਿਆਰਥੀਆਂ ਵੱਲੋਂ ਹੱਥੀਂ ਚੀਜ਼ਾਂ ਬਣਾ ਕੇ ਪੇਸ਼ ਕੀਤੀਆਂ ਗਈਆਂ। ਬਾਬਾ ਸੇਵਾ ਸਿੰਘ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੰਨ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਨਾਨਕ ਯਾਦਗਾਰੀ ਜੰਗਲ ਲਗਾਉਣ ਦੇ ਸ਼ਲਾਘਾਯੋਗ ਉਪਰਾਲੇ ਦੀ ਆਰੰਭਤਾ ਕੀਤੀ ਗਈ। ਇਸ ਤਹਿਤ 335 ਗੁਰੂ ਨਾਨਕ ਯਾਦਗਾਰੀ ਜੰਗਲ ਲੱਗ ਚੁੱਕੇ ਹਨ। ਇੱਕ ਜੰਗਲ ਵਿੱਚ ਕੁੱਲ 50 ਕਿਸਮ ਦੇ ਪੌਦੇ ਲਗਾਏ ਜਾਂਦੇ ਹਨ। ਜਿਸ ਵਿੱਚ ਫੁੱਲਦਾਰ, ਫ਼ਲਦਾਰ, ਛਾਂਦਾਰ ਅਤੇ ਦਵਾਈਆਂ ਵਾਲੇ ਬੂਟੇ ਸ਼ਾਮਲ ਹੁੰਦੇ ਹਨ। ਇਹਨਾਂ 50 ਕਿਸਮ ਦੇ ਬੂਟਿਆਂ ਦੀ ਪ੍ਰਦਰਸ਼ਨੀ ਸੰਸਥਾ ਵਿਖੇ ਲਗਾਈ ਗਈ, ਜਿਸ ਵਿੱਚ ਅਧਿਆਪਕਾਂ, ਵਿਦਿਆਰਥੀਆਂ, ਸਮੁਦਾਇ ਅਤੇ ਐਲੂਮਨੀ ਨੂੰ ਇਹਨਾਂ ਬੂਟਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ ਤੇ ਇਹਨਾਂ ਦੇ ਫਾਇਦੇ ਦੱਸੇ ਗਏ ਅਤੇ ਵਾਤਾਵਰਣ ਵਿੱਚ ਯੋਗਦਾਨ ਪਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਪ੍ਰੋਗਰਾਮ ਦੇ ਅੰਤਿਮ ਪੜਾਅ ਵਿੱਚ ਦਸਤਖ਼ਤ ਮੁਹਿੰਮ ਦੇ ਅੰਤਰਗਤ ਵਾਤਾਵਰਣ ਦੀ ਸੇਵਾ ਸੰਭਾਲ ਵਾਸਤੇ ਤਤਪਰ ਹੋਣ ਦੇ ਪ੍ਰਣ ਨੂੰ ਪੂਰਾ ਕਰਨ ਅਤੇ ਆਪਣੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਆਏ ਹੋਏ ਸਾਰੇ ਮਹਿਮਾਨਾਂ, ਸਮੁਦਾਇ ਦੇ ਮੈਂਬਰਾਂ ਅਤੇ ਐਲੂਮਨੀ ਤੋਂ ਦਸਤਖ਼ਤ ਲਏ ਗਏ। ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਾਰੇ ਭਾਗੀਦਾਰਾਂ ਨੂੰ ਨਕਦ ਰਾਸ਼ੀ ਨਾਲ ਨਿਵਾਜਿਆ ਗਿਆ। ਇਸ ਪ੍ਰੋਗਰਾਮ ਵਿੱਚ ਉਚੇਚੇ ਤੌਰ 'ਤੇ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਅਵਤਾਰ ਸਿੰਘ ਬਾਜਵਾ, ਹਰਨੰਦਨ ਸਿੰਘ, ਵਰਿਆਮ ਸਿੰਘ, ਬਲਦੇਵ ਸਿੰਘ ਸੰਧੂ, ਜਸਵਿੰਦਰ ਪਾਲ ਸਿੰਘ, ਡਾ. ਬਲਵੰਤ ਸਿੰਘ ਸੰਧੂ, ਮੈਡਮ ਪਰਮਿੰਦਰ ਕੌਰ ਅਤੇ ਨਰਿੰਦਰ ਸ਼ਰਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

# ਡੇਂਗੂ ਦੀ ਰੋਕਥਾਮ ਲਈ ਸਿਹਤ ਵਿਭਾਗ ਵੱਲੋਂ ਪ੍ਰਚਾਰ ਜਾਰੀ

**ਪੱਟੀ (ਬਲਦੇਵ ਸਿੰਘ ਸੰਧੂ)**- ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਵੱਲੋਂ ਪ੍ਰਾਪਤ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੋਇਆਂ ਸਿਹਤ ਵਿਭਾਗ ਵੱਲੋਂ ਡੇਂਗੂ ਬੁਖਾਰ ਦੇ ਵਿਰੁੱਧ ਸ਼ੁਰੂ ਕੀਤੀ ਗਈ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਤਹਿਤ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ 'ਚ ਜਾਗਰੂਕਤਾ ਗਤੀਵਿਧੀਆਂ ਕੀਤੀਆਂ ਗਈਆਂ। ਜ਼ਿਲ੍ਹਾ ਐਪੀਡਮੋਲੋਜਿਸਟ ਡਾ. ਸੁਖਜਿੰਦਰ ਸਿੰਘ ਦੀ ਅਗਵਾਈ ਹੇਠ ਸਿਹਤ ਕਰਮੀਆਂ ਵਲੋਂ ਪਿੰਡ ਪਿੱਦੀ ਵਿਖੇ ਮਾਈ ਭਾਗੋ ਜੀ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੂੰ ਡੇਂਗੂ ਵਿਰੁੱਧ ਜਾਗਰੂਕ ਕੀਤਾ। ਇਸ ਮੌਕੇ ਸਿਵਲ ਸਰਜਨ ਡਾ. ਰਾਏ ਨੇ ਦੱਸਿਆ ਕਿ ਪੰਜਾਬ ਦੇ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਡੇਂਗੂ ਬੁਖਾਰ ਦੀ ਰੋਕਥਾਮ ਸਬੰਧੀ ਵਿਸ਼ੇਸ਼ ਤੌਰ 'ਤੇ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਨੂੰ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਜ਼ਿਲ੍ਹਾ ਤਰਨ ਤਾਰਨ ਦੇ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ ਜਾਗਰੂਕਤਾ ਗਤੀਵਿਧੀਆਂ ਦੇ ਨਾਲ-ਨਾਲ ਸਿਹਤ ਕਰਮੀਆਂ ਵੱਲੋਂ ਫੀਵਰ ਸਰਵੇ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸਿਹਤ ਕਰਮੀਆਂ ਵੱਲੋਂ ਡੇਂਗੂ ਜ਼ਿਲ੍ਹੇ ਦੇ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਸ ਬੁਖਾਰ ਦੇ ਲੱਛਣਾਂ ਅਤੇ ਬਚਾਅ ਬਾਰੇ ਵਡਮੁੱਲੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ।



ਸਿਵਲ ਸਰਜਨ ਡਾ. ਰਾਏ ਨੇ ਦਸਿਆ ਕਿ ਸਿਹਤ ਵਿਭਾਗ ਵੱਲੋਂ ਸ਼ੁੱਕਰਵਾਰ ਨੂੰ ਡ੍ਰਾਈ ਡੇਅ ਐਲਾਨਿਆ ਗਿਆ ਹੈ ਅਤੇ ਇਸ ਦਿਨ ਸਾਨੂੰ ਸਾਰਿਆ ਨੂੰ ਉਨਾਂ ਸਥਾਨਾਂ ਦੀ ਸਾਫ-ਸਫਾਈ ਕਰਨੀ ਚਾਹੀਦੀ ਹੈ, ਜਿਥੇ ਪਾਣੀ ਇਕੱਠਾ ਹੋਣ ਦਾ ਖਦਸ਼ਾ ਹੋਵੇ। ਉਹਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਦਾ ਕਾਫੀ ਦਿਨਾਂ ਤੱਕ ਤੇਜ਼ ਬੁਖਾਰ ਨਾ ਉਤਰੇ, ਸਰੀਰ 'ਤੇ ਚਤੱਕੇ ਪੈਣ, ਤੇਜ਼ ਸਿਰ ਪੀੜ, ਜੋੜਾਂ 'ਚ ਦਰਦ, ਜ਼ੁਕਾਮ ਹੋਵੇ ਤਾਂ ਉਹ ਤੁਰੰਤ ਨਜ਼ਦੀਕੀ ਹਸਪਤਾਲ 'ਚ ਜਾ ਕੇ ਡਾਕਟਰ ਨੂੰ ਮਿਲਣ ਅਤੇ ਟੈਸਟ ਕਰਵਾਉਣ।ਨੋਡਲ ਅਫ਼ਸਰ ਡਾ.ਸੁਖਜਿੰਦਰ ਸਿੰਘ ਨੇ ਕਿਹਾ ਕਿ ਡੇਂਗੂ ਦੀ ਰੋਕਥਾਮ ਨਾਗਰਿਕ ਆਪਣੇ ਘਰਾਂ ਦੇ ਆਲੇ-ਦੁਆਲੇ ਛੋਟੇ ਟੋਇਆਂ 'ਚ ਪਾਨੀ ਨਾ ਇਕੱਠਾ ਹੋਣ ਦੇਣ ਅਤੇ ਛੱਪੜਾਂ 'ਚ ਖੜ੍ਹੇ ਪਾਣੀ ਵਿੱਚ ਕਾਲੇ ਤੇਲ ਦਾ ਛਿੜਕਾ ਕਰਨ। ਉਨ੍ਹਾਂ ਕਿਹਾ ਕਿ ਅਜਿਹੇ ਕੱਪੜੇ ਪਾਏ ਜਾਣ ਜਿਸ ਨਾਲ ਪੂਰਾ ਸਰੀਰ ਨੂੰ ਢਕਿਆ ਜਾ ਸਕੇ ਤਾਂ ਜੋ ਮੱਛਰ ਦੇ ਕੱਟਣ ਤੋਂ ਬਚਾਇਆ ਜਾ ਸਕੇ। ਇਸ ਮੌਕੇ ਜ਼ਿਲ੍ਹਾ ਮਾਸ ਮੀਡੀਆ ਅਫਸਰ ਸੁਖਵੰਤ ਸਿੰਘ ਸਿੱਧੂ, ਸੈਨੇਟਰੀ ਇੰਸਪੈਕਟਰ ਕਾਰਜ ਸਿੰਘ, ਸੈਨੇਟਰੀ ਇੰਸਪੈਕਟਰ ਭੁਪਿੰਦਰ ਸਿੰਘ, ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ, ਸੈਨੇਟਰੀ ਇੰਸਪੈਕਟਰ ਅਮਰਜੀਤ ਸਿੰਘ, ਸੈਨੇਟਰੀ ਇੰਸਪੈਕਟਰ ਤੇਜਿੰਦਰ ਸਿੰਘ, ਫੁਲਬੀਰ ਸਿੰਘ ਆਦਿ ਮੌਜੂਦ ਰਹੇ।

# ਬਜਟ ਆਮ ਲੋਕਾਂ ਦੇ ਅੱਖੀਂ ਘੱਟਾ : ਦਦੇਹਰ

**ਸਰਹਾਲੀ ਕਲਾਂ / ਚੋਹਲਾ ਸਾਹਿਬ (ਰਮਨ ਚੱਡਾ)**- ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਗਿਆ ਸੂਬਾਈ ਬਜਟ ਅੰਕੜਿਆਂ ਦੇ ਹੇਰ ਫੇਰ ਨਾਲ ਲੋਕਾਂ ਦੀ ਅੱਖੀਂ ਘੱਟਾ ਪਾਉਣ ਵਾਲਾ ਹੈ।ਬਜਟ 'ਤੇ ਇਹ ਪ੍ਰਤੀਕਿਰਿਆ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਚੋਹਲਾ ਦੇ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਪ੍ਰਧਾਨ ਪਰਮਜੀਤ ਸਿੰਘ ਚੋਹਲਾ ਨੇ ਪ੍ਰੈਸ ਨੂੰ ਇਹ ਬਿਆਨ ਜਾਰੀ ਕੀਤਾ। ਉਹਨਾਂ ਕਿਹਾ ਕਿ ਪਿਛਲੇ ਬਾਰਾਂ ਸਾਲਾਂ ਤੋਂ ਮਜ਼ਦੂਰਾਂ ਦੀ ਘੱਟੋ ਘੱਟ ਉਜਰਤ ਵਿੱਚ ਕੋਈ ਵਾਧਾ ਨਹੀਂ ਹੋਇਆ ਤੇ ਇਸ ਬਜਟ ਵਿੱਚ ਵੀ ਮਾਨ ਸਰਕਾਰ ਨੇ ਘੱਟੋ ਘੱਟ ਉਜਰਤ ਸਮੇਤ ਮਜ਼ਦੂਰ ਵਰਗ ਲਈ ਕੁੱਝ ਨਹੀਂ ਕੀਤਾ। ਉਹਨਾਂ ਕਿਹਾ ਕਿ ਕਿਸਾਨਾਂ ਨੂੰ 22 ਫ਼ਸਲਾਂ 'ਤੇ ਐਮ ਐਸ ਪੀ ਦੇਣ ਦਾ ਵਾਅਦਾ ਕੀਤਾ ਸੀ ਪਰ ਬਜਟ ਵਿੱਚ ਕੁੱਝ ਵੀ ਨਹੀਂ। ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਯੋਜਨਾ ਨਹੀਂ, ਨਾ ਹੀ ਬੇਰੁਜ਼ਗਾਰੀ ਭੱਤਾ ਦੇਣ ਬਾਰੇ ਕੋਈ ਜ਼ਿਕਰ ਹੈ। ਵਪਾਰੀਆਂ ਲਈ ਅੱਜ ਸੁਰੱਖਿਆ ਸਭ ਤੋਂ ਅਹਿਮ ਗੱਲ ਹੈ ਪਰ ਸਰਕਾਰ ਦਾ ਕੋਈ ਧਿਆਨ ਨਹੀਂ। ਬੁਢਾਪਾ, ਅੰਗਹੀਣ ਤੇ ਵਿਧਵਾ ਪੈਨਸ਼ਨ ਵਧਾਉਣ ਦਾ ਵਾਅਦਾ ਵੀ ਵਫ਼ਾ ਨਹੀਂ ਹੋਇਆ। ਭਗਵੰਤ ਮਾਨ ਸਰਕਾਰ ਵੱਲੋਂ ਵਿੱਤ ਮੰਤਰੀ ਦੁਆਰਾ ਪੇਸ਼ ਕੀਤਾ ਬਜਟ ਸਿਰਫ਼ ਗੱਲਾਂ ਦਾ ਕੜਾਹ ਹੀ ਹੈ ਹੋਰ ਕੁੱਝ ਨਹੀਂ। ਉਹਨਾਂ ਕਿਹਾ ਕਿ ਇਸ ਵੇਲੇ ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਦੀ ਹੈ।ਜਿਸ ਕਰਕੇ ਅੱਜ ਦੇ ਨੌਜਵਾਨ ਨਸ਼ਿਆਂ, ਲੁੱਟਾਂ ਖੋਹਾਂ ਤੇ ਗੈਂਗਸਟਰ ਵਾਲੇ ਪਾਸੇ ਜਾ ਰਹੇ ਹਨ। ਬਜਟ ਵਿੱਚ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ।

# ਉੱਪ ਮੰਡਲ ਅਫਸਰ ਵੱਲੋਂ 31 ਤੱਕ ਬਿਜਲੀ ਬਿੱਲ ਜਮ੍ਹਾਂ ਕਰਾਉਣ ਦੀ ਅਪੀਲ

**ਚੋਹਲਾ ਸਾਹਿਬ (ਰਮਨ ਚੱਡਾ)**- ਪਾਵਰਕਾਮ ਦੀਆਂ ਸਖਤ ਹਦਾਇਤਾਂ ਦੀ ਪਾਲਣਾ ਕਰਦਿਆਂ ਹੋਇਆਂ ਅੱਜ ਕਸਬਾ ਚੋਹਲਾ ਸਾਹਿਬ ਵਿਖੇ ਬਿਜਲੀ ਬਿੱਲ ਡਿਫਾਲਟਰਾਂ ਦੇ ਬਿੱਲਾਂ ਦੀ ਉਗਰਾਹੀ ਕਰਦਿਆਂ ਜਸਵਿੰਦਰ ਸਿੰਘ ਛੱਜਲਵੱਡੀ ਉੱਪ ਮੰਡਲ ਅਫਸਰ ਸਰਹਾਲੀ ਸਾਹਿਬ ਨੇ ਬਿਜਲੀ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਹਨਾਂ ਵੱਲ ਬਿਜਲੀ ਬਿੱਲਾਂ ਦਾ ਬਕਾਇਆ ਹੈ, ਉਹ 31 ਮਾਰਚ ਤੱਕ ਆਪੋ ਆਪਣੇ ਬਿਜਲੀ ਦੇ ਬਿੱਲ ਜਮ੍ਹਾਂ ਕਰਵਾ ਦੇਣ ਨਹੀ ਤਾਂ ਉਹਨਾਂ ਦੇ ਬਿਜਲੀ ਕੁਨੈਕਸ਼ਨ ਕੱਟ ਦਿਤੇ ਜਾਣਗੇ। ਉਹਨਾਂ ਕਿਹਾ ਕਿ ਬਿਜਲੀ ਚੋਰੀ ਨਾ ਕੀਤੀ ਜਾਵੇ ਜਿਹੜਾ ਬਿਜਲੀ ਚੋਰੀ ਕਰਦਾ ਫੜਿਆ ਗਿਆ ਤਾਂ ਉਸ 'ਤੇ ਪੀ. ਐਸ. ਪੀ. ਸੀ. ਐਲ. ਦੇ ਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਉਹਨਾ ਨਾਲ ਹਰਪਾਲ ਸਿੰਘ ਜੇਈ, ਬਲਜੀਤ ਸਿੰਘ ਜੇਈ, ਜੁਗਿੰਦਰ ਸਿੰਘ ਲਾਈਨਮੈਨ, ਰਛਪਾਲ ਸਿੰਘ ਲਾਈਨਮੈਨ, ਮਨਦੀਪ ਸਿੰਘ ਅਤੇ ਹੋਰ ਵੀ ਸਟਾਫ ਹਾਜ਼ਰ ਸੀ।



# ਕਰਮਚਾਰੀ ਦਲ ਸ਼ਹਿਰੀ ਮੰਡਲ ਸਰਕਲ ਝਬਾਲ ਦੀ ਚੋਣ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਅੱਜ ਸਰਕਲ ਤਰਨ ਤਾਰਨ ਦੀ ਚੋਣ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ ਦੀ ਪ੍ਰਧਾਨਗੀ ਹੇਠ ਤਰਨ ਤਾਰਨ ਵਿਖੇ ਸਰਬ ਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਸਰਪ੍ਰਸਤ ਅਸ਼ੀਸ਼ ਕੁਮਾਰ, ਪ੍ਰਧਾਨ ਧਰਮਵੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਦਿਲਬਾਗ ਸਿੰਘ, ਸੀ. ਮੀਤ ਪ੍ਰਧਾਨ ਸੁਰਜੀਤ ਸਿੰਘ ਉੱਪਲ, ਮੀਤ ਪ੍ਰਧਾਨ ਸਤਨਾਮ ਸਿੰਘ ਮਹਿਤਾ, ਮੀਤ ਪ੍ਰਧਾਨ ਸਕੱਤਰ ਸਿੰਘ ਭਿੱਖੀਵਿੰਡ, ਜਨਰਲ ਸਕੱਤਰ ਨਿਰਵੈਲ ਸਿੰਘ ਭਿੰਡਰ, ਸਕੱਤਰ ਮਨਜੀਤ ਸਿੰਘ ਨੌਸ਼ਹਿਰਾ, ਵਿੱਤ ਸਕੱਤਰ ਸਤਨਾਮ ਸਿੰਘ, ਸਹਾਇਕ ਸਾਹਿਬ ਸਿੰਘ ਝਬਾਲ, ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਸੁਰਸਿੰਘ, ਪ੍ਰੈਸ ਸਕੱਤਰ ਮਨਜੀਤ ਸਿੰਘ ਫਤਿਆਬਾਦ, ਮੁੱਖ ਸਲਾਹਕਾਰ ਬਾਬਾ ਚਰਨਜੀਤ ਸਿੰਘ, ਸਲਾਹਕਾਰ ਹਰਜਿੰਦਰ ਸਿੰਘ ਐਲ ਡੀ ਸੀ ਸਰਕਲ ਅਹੁਦੇਦਾਰ ਚੁਣੇ ਗਏ ਅਤੇ ਸ਼ਹਿਰੀ ਮੰਡਲ ਦੀ ਚੋਣ 'ਚ ਪ੍ਰਧਾਨ ਰਤਨ ਸਿੰਘ ਲਾਲੂ ਘੁੰਮਣ, ਸਕੱਤਰ ਰਾਜਵਿੰਦਰ ਸਿੰਘ ਗੋਹਲਵੜ, ਮੀਤ ਪ੍ਰਧਾਨ ਪ੍ਰਭਜੀਤ ਸਿੰਘ ਨੂਰਦੀ, ਸੀਨੀ: ਪ੍ਰਧਾਨ ਕੁਲਬੀਰ ਸਿੰਘ ਪੰਜਵੜ, ਖਜ਼ਾਨਚੀ ਸਾਹਿਬ ਸਿੰਘ, ਪ੍ਰੈਸ ਸਕੱਤਰ ਸੁਖਚੈਨ ਸਿੰਘ ਪੰਜਵੜ ਸਰਬ ਸੰਮਤੀ ਨਾਲ ਚੁਣੇ ਗਏ।ਇਸ ਮੌਕੇ ਰਵੇਲ ਸਿੰਘ ਸਰਾਏਪੁਰ ਪ੍ਰਧਾਨ, ਹਰਦੇਵ ਸਿੰਘ ਨਾਗੋਕੇ ਜਨਰਲ ਸਕੱਤਰ, ਤੇਜਿੰਦਰ ਸਿੰਘ ਸੇਖੋਂ, ਦਰਬਾਰਾ ਸਿੰਘ ਛੀਨਾ, ਚਰਨਜੀਤ ਸਿੰਘ ਖਾਲਸਾ ਤੋਂ ਇਲਾਵਾ ਦਲਬੀਰ ਸਿੰਘ ਉਸਵਾਨ, ਗੁਰਬਚਨ ਸਿੰਘ ਬਾਠ, ਅਸ਼ੀਸ਼ ਕੁਮਾਰ ਏ ਏ ਈ, ਜਸਵਿੰਦਰ ਸਿੰਘ ਗਿੱਲ, ਕਰਮਜੀਤ ਸਿੰਘ ਮੱਲ ਮੋਹਰੀ, ਨਰਿੰਦਰ ਸਿੰਘ ਜੋਧਪੁਰ, ਅਮਰਜੀਤ ਸਿੰਘ ਅਨਮੋਲ, ਸੁਖਵਿੰਦਰ ਸਿੰਘ ਗਿੱਲ, ਗੁਰਭੇਜ ਸਿੰਘ ਵਡਾਲਾ, ਚਰਨਜੀਤ ਸਿੰਘ ਬਾਬਾ ਝਬਾਲ, ਦਿਲਬਾਗ ਸਿੰਘ ਬੁੱਟਰ, ਅਮੋਲਕ ਸਿੰਘ ਗਿੱਲ, ਰਤਨ ਸਿੰਘ ਲਾਲੂ ਘੁੰਮਣ, ਸੁਖਵੰਤ ਸਿੰਘ ਭੈਣੀ, ਪੁਸ਼ਵਿੰਦਰ ਸਿੰਘ ਕੋਟ,ਅਜੀਤ ਸਿੰਘ ਜੋਧਪੁਰ, ਪ੍ਰਗਟ ਸਿੰਘ ਗਿੱਲ, ਦਿਲਬਾਗ ਸਿੰਘ ਭੁੱਲਰ, ਸਤਪਾਲ ਸਿੰਘ ਆਦਿ ਵੀ ਹਾਜ਼ਰ ਸਨ।



# ਸੇਂਟ ਜੋਸਫ ਕਾਨਵੈਂਟ ਸਕੂਲ ਡੱਲਾ ਵਿਖੇ ਵਿੱਦਿਆ ਆਰੰਭ ਰਸਮ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸੇਂਟ ਜੋਸਫ ਕਾਨਵੈਂਟ ਸਕੂਲ ਡੱਲਾ ਮੋੜ ਕਾਦੀਆਂ ਵਿਖੇ ਨਰਸਰੀ ਜਮਾਤ ਦਾ ਆਗਮਨ ਕਰਦਿਆਂ ਵਿੱਦਿਆ ਆਰੰਭ ਰਸਮ ਕੀਤੀ ਗਈ ।ਜਿਸ ਵਿੱਚ ਬੱਚਿਆਂ ਅਤੇ ਉਹਨਾਂ ਦੇ ਮਾਤਾ ਪਿਤਾ ਦਾ ਸਕੂਲ ਦੇ ਮੈਨੇਜਰ ਫਾਦਰ ਵਿਲੀਅਮ ਸਹੋਤਾ, ਪ੍ਰਿੰਸੀਪਲ ਸਿਸਟਰ ਜੋਸੀਆ, ਵਾਈਸ ਪ੍ਰਿੰਸੀਪਲ ਸਿਸਟਰ ਲਿਟੀ, ਸਿਸਟਰ ਗਿਰਸ਼ਮਾ, ਸਿਸਟਰ ਜੋਤੀ ਅਤੇ ਸਮੂਹ ਸਟਾਫ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਬੱਚਿਆਂ ਤੇ ਉਹਨਾਂ ਦੇ ਮਾਤਾ ਪਿਤਾ ਦੇ ਨਾਲ ਮਿਲ ਕੇ ਸ਼ਮ੍ਹਾ ਰੋਸ਼ਨ ਕੀਤੀ ਗਈ। ਐਲ ਕੇ ਜੀ ਕਲਾਸ ਅਤੇ ਯੂ ਕੇ ਜੀ ਕਲਾਸ ਦੇ ਬੱਚਿਆਂ ਦੁਆਰਾ ਉਹਨਾਂ ਦਾ ਸਵਾਗਤ ਕੀਤਾ ਗਿਆ ।ਜਿਸ ਵਿੱਚ ਗੀਤ ਡਾਂਸ ਅਤੇ ਭੰਗੜਾ ਪੇਸ਼ ਕੀਤਾ ਗਿਆ। ਇੱਕ ਪੌਦਾ ਲਗਾ ਕੇ ਇਸ ਵਿੱਦਿਆ ਆਰੰਭ ਰਸਮ ਦਾ ਆਗਾਜ਼ ਕੀਤਾ ਗਿਆ ।ਮੈਨੇਜਰ ਫਾਦਰ ਨੇ ਬੱਚਿਆਂ ਦੇ ਮਾਤਾ ਪਿਤਾ ਨੂੰ ਤਸੱਲੀ ਦਿੱਤੀ ਕਿ ਇੱਥੇ ਉਹਨਾਂ ਨੂੰ ਘਰ ਵਾਲਾ ਮਾਹੌਲ ਤੇ ਪਿਆਰ ਦਿੱਤਾ ਜਾਵੇਗਾ ਤੇ ਅਖੀਰ ਬੱਚਿਆਂ ਨੂੰ ਉਹਨਾਂ ਦੇ ਅਧਿਆਪਕਾਂ ਨਾਲ ਜਮਾਤ ਵਿੱਚ ਲਿਜਾਇਆ ਗਿਆ।

# ਸਿਹਤ ਮੰਤਰੀ ਤੇ ਚੇਅਰਮੈਨ ਬਹਿਲ ਨੇ ਜ਼ਿਲ੍ਹਾ ਹਸਪਤਾਲ 'ਚ ਡਾਇਲਸਸ ਸੈਂਟਰ ਦਾ ਕੀਤਾ ਉਦਘਾਟਨ

**ਗੁਰਦਾਸਪੁਰ, (ਦਿਨੇਸ਼ ਕੁਮਾਰ)**- ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀਆਂ ਕੋਸ਼ਿਸ਼ਾਂ ਸਦਕਾ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਨੂੰ ਡਾਇਲਸਸ ਸੈਂਟਰ ਦਾ ਵੱਡਾ ਤੋਹਫ਼ਾ ਮਿਲਿਆ ਹੈ। ਪੰਜਾਬ ਦੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਵਰਚੁਅਲ ਤੌਰ 'ਤੇ ਡਾਇਲਸਸ ਸੈਂਟਰ ਦਾ ਉਦਘਾਟਨ ਕੀਤਾ ਗਿਆ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਫ਼ਿਰੋਜ਼ਪੁਰ ਅਤੇ ਮੁਕਤਸਰ ਦੇ ਹਸਪਤਾਲਾਂ ਦੇ ਡਾਇਲਸਸ ਸੈਂਟਰਾਂ ਦਾ ਉਦਘਾਟਨ ਵੀ ਕੀਤਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕਰਦਿਆਂ ਰਮਨ ਬਹਿਲ ਨੇ ਕਿਹਾ ਕਿ ਅੱਜ ਜ਼ਿਲ੍ਹਾ ਹਸਪਤਾਲ ਬੱਬਰੀ (ਗੁਰਦਾਸਪੁਰ) ਵਿਖੇ ਡਾਇਲਸਸ ਸੈਂਟਰ ਸ਼ੁਰੂ ਹੋਣ ਨਾਲ ਇਲਾਕੇ ਦੇ ਲੋਕਾਂ ਦੀ ਬਹੁਤ ਪੁਰਾਣੀ ਮੰਗ ਪੂਰੀ ਹੋਈ ਹੈ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹੰਸ ਫਾਊਂਡੇਸ਼ਨ ਦੇ ਸਹਿਯੋਗ ਦੇ ਨਾਲ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਇਹ ਡਾਇਲਸਸ ਯੂਨਿਟ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ 6 ਡਾਇਲਸਸ ਯੂਨਿਟ ਲਗਾਏ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਜ਼ਿਲ੍ਹਾ ਹਸਪਤਾਲ ਵਿੱਚ ਡਾਇਲਸਸ ਸੈਂਟਰ ਸ਼ੁਰੂ ਹੋਣ ਨਾਲ ਮਰੀਜ਼ਾਂ ਨੂੰ ਡਾਇਲਸਸ ਦੀ ਸਹੂਲਤ ਬਿਲਕੁਲ ਮੁਫ਼ਤ ਮਿਲੇਗੀ। ਚੇਅਰਮੈਨ ਬਹਿਲ ਨੇ ਕਿਹਾ ਕਿ ਜ਼ਿਲ੍ਹਾ ਹਸਪਤਾਲ ਬੱਬਰੀ (ਗੁਰਦਾਸਪੁਰ) ਵਿੱਚ ਬੁਨਿਆਦੀ ਢਾਂਚੇ ਦਾ ਵਿਕਾਸ ਕਰਨ ਦੇ ਨਾਲ ਡਾਕਟਰਾਂ ਦੀ ਘਾਟ ਨੂੰ ਪੂਰਾ ਕੀਤਾ ਗਿਆ ਹੈ ਅਤੇ ਦਵਾਈਆਂ ਦੀ ਉਪਲਬਧਤਾ ਨੂੰ ਵੀ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਮਰੀਜ਼ਾਂ ਲਈ ਮਿਆਰੀ ਤੇ ਸਸਤੀਆਂ ਸਿਹਤ ਸੇਵਾਵਾਂ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਹੀ ਉਪਲਬਧ ਹਨ। ਇਸ ਮੌਕੇ ਸਿਵਲ ਸਰਜਨ ਡਾ. ਭਾਰਤ ਭੂਸ਼ਨ, ਡੀ. ਐਚ. ਓ. ਡਾ. ਤਜਿੰਦਰ ਕੌਰ, ਐਸ.ਐਮ. ਓ. ਡਾ. ਅਰਵਿੰਦ ਮਹਾਜਨ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਹਿਤੇਸ਼ ਮਹਾਜਨ ਤੇ ਹੋਰ ਮੋਹਤਬਰ ਵੀ ਹਾਜ਼ਰ ਸਨ।

# ਰਾਜਪਾਲ 3 ਤੇ 4 ਨੂੰ ਗੁਰਦਾਸਪੁਰ 'ਚ ਨਸ਼ਿਆਂ ਵਿਰੁੱਧ ਕਰਨਗੇ ਪੈਦਲ ਯਾਤਰਾ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਵੱਲੋਂ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਵਿੱਚ 3 ਅਤੇ 4 ਅਪ੍ਰੈਲ ਨੂੰ ਨਸ਼ਿਆਂ ਵਿਰੁੱਧ ਪੈਦਲ ਯਾਤਰਾ ਕਰਕੇ ਸੂਬਾ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕੀਤਾ ਜਾਵੇਗਾ। ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਨੇ ਦੱਸਿਆ ਕਿ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆ ਵੱਲੋਂ ਨਸ਼ਿਆਂ ਖਿਲਾਫ਼ ਪੈਦਲ ਯਾਤਰਾ ਦੀ ਸ਼ੁਰੂਆਤ 3 ਅਪ੍ਰੈਲ ਨੂੰ ਸਵੇਰੇ 6:00 ਵਜੇ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ, ਡੇਰਾ ਬਾਬਾ ਨਾਨਕ ਤੋਂ ਕੀਤੀ ਜਾਵੇਗੀ। ਇਸ ਪੈਦਲ ਯਾਤਰਾ ਵਿੱਚ ਜ਼ਿਲ੍ਹੇ ਦੇ ਨੌਜਵਾਨ, ਖਿਡਾਰੀ, ਵਿਦਿਆਰਥੀ, ਲੇਖਕ, ਬੁੱਧੀਜੀਵੀ, ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਆਮ ਲੋਕ ਹਿੱਸਾ ਲੈ ਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਅਹਿਦ ਲੈਣਗੇ। ਉਨ੍ਹਾਂ ਦੱਸਿਆ ਕਿ ਰਾਜਪਾਲ ਵੱਲੋਂ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਵੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਹਿਲੇ ਦਿਨ ਪੈਦਲ ਯਾਤਰਾ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ, ਡੇਰਾ ਬਾਬਾ ਨਾਨਕ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਟਾਹਲੀ ਸਾਹਿਬ (ਨੇੜੇ ਡੇਰਾ ਬਾਬਾ ਨਾਨਕ) ਵਿਖੇ ਖ਼ਤਮ ਹੋਵੇਗੀ।ਉਨ੍ਹਾਂ ਅੱਗੇ ਦੱਸਿਆ ਕਿ 4 ਅਪ੍ਰੈਲ ਨੂੰ ਪੈਦਲ ਯਾਤਰਾ ਦਾ ਦੂਸਰੇ ਦਿਨ ਦਾ ਆਗਾਜ਼ ਡਿਵਾਈਨ ਪਬਲਿਕ ਸਕੂਲ (ਫਤਿਹਗੜ੍ਹ ਚੂੜੀਆਂ-ਡੇਰਾ ਬਾਬਾ ਨਾਨਕ ਰੋਡ) ਤੋਂ ਸਵੇਰੇ 6:00 ਵਜੇ ਹੋਵੇਗਾ ਅਤੇ ਇਸ ਦੀ ਸਮਾਪਤੀ ਐਸ.ਡੀ. ਕਾਲਜ ਫ਼ਤਿਹਗੜ੍ਹ ਚੂੜੀਆਂ ਵਿਖੇ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਪੈਦਲ ਯਾਤਰਾ ਵਿੱਚ ਨੌਜਵਾਨ, ਖਿਡਾਰੀ, ਵਿਦਿਆਰਥੀ, ਲੇਖਕ, ਬੁੱਧੀਜੀਵੀ, ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੇ ਅਤੇ ਪੰਚਾਇਤੀ ਨੁਮਾਇੰਦਿਆਂ ਦੇ ਨਾਲ ਆਮ ਲੋਕ ਵੀ ਹਿੱਸਾ ਲੈਣਗੇ।



# ਅਨਿਲ ਬੌਬੀ ਅੰਮ੍ਰਿਤਸਰ ਕਲੱਬ ਦੇ ਸਕੱਤਰ ਬਣੇ



**ਅੰਮ੍ਰਿਤਸਰ (ਅਰੋੜਾ)**- ਮਹਾਂਨਗਰ ਵਿਖੇ ਬੁੱਧੀਜੀਵੀਆਂ ਵਿਅਕਤੀਆਂ ਦੇ ਸੰਗਠਨ ਨਾਲ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸਮਾਜ ਸੇਵਕ ਕਲੱਬ ਦੇ ਸੀਨੀਅਰ ਮੈਂਬਰ ਅਨਿਲ ਬੌਬੀ ਨੂੰ ਕਲੱਬ ਦਾ ਸਕੱਤਰ ਨਿਯੁਕਤ ਕੀਤਾ। ਸਾਰੇ ਮੈਂਬਰਾਂ ਨੇ ਸਰਬ ਸੰਮਤੀ ਨਾਲ ਉਨ੍ਹਾਂ ਨੂੰ ਸਕੱਤਰ ਅਹੁਦੇ ਲਈ ਸ਼ੁਸ਼ੋਭਿਤ ਕੀਤਾ। ਅਨਿਲ ਬੌਬੀ ਨੇ ਸਾਰੇ ਮੈਂਬਰਾਂ ਅਤੇ ਅਹੁਦੇਦਾਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਦੇ ਨਾਲ ਨਿਭਾਉਣਗੇ ਅਤੇ ਕਲੱਬ ਦੇ ਵਿਕਾਸ ਦੇ ਲਈ ਹਰ ਤਰਾਂ ਦੇ ਕੰਮ ਸੰਜੀਦਗੀ ਦੇ ਨਾਲ ਕਰਨਗੇ। ਕਲੱਬ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਨਵੇਂ ਚੁਣੇ ਸਕੱਤਰ ਅਨਿਲ ਬੌਬੀ ਨੂੰ ਸਨਮਾਨਤ ਵੀ ਕੀਤਾ। ਸਨਮਾਨਿਤ ਕਰਨ ਵਾਲਿਆਂ 'ਚ ਪੰਮਪੀ ਮੇਹਰਾ, ਟੋਨੀ ਅਰੋੜਾ, ਪ੍ਰਧਾਨ ਲਲਿਤ ਚੰਡੋਕ, ਰਵੀ ਮੇਹਰਾ, ਗਰੋਵਰ, ਮਨੀਸ਼ ਅਰੋੜਾ, ਰਾਜੂ ਬਤਰਾ, ਲਾਲੀ ਟਾਬੀਆਂ, ਵਿਜੇ ਨਈਅਰ, ਰਾਜੇਸ਼ ਮੇਹਰਾ, ਪ੍ਰਿੰਸੀਪਲ ਮੁਕੇਸ਼ ਪੁਰੀ, ਦੀਪਕ ਖੰਨਾ ਅਤੇ ਅੰਮ੍ਰਿਤਸਰ ਕਲੱਬ ਦੇ ਸਮੂਹ ਮੈਂਬਰ ਮੌਜੂਦ ਹਨ।


## ਰੇਲਯਾਤਰੀ ਕਿਰਪਾ ਧਿਆਨ ਦੇਣ !

## ਗਰਮੀਆਂ ਦੀਆਂ ਵਿਸ਼ੇਸ਼ ਰੇਲਗੱਡੀਆਂ-2025

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਦੇ ਲਈ ਰੇਲਵੇ ਦੁਆਰਾ ਹੇਠਾਂ ਲਿਖਤ ਗਰਮੀਆਂ ਦੀਆਂ ਵਿਸ਼ੇਸ਼ ਰੇਲਗੱਡੀਆਂ ਨਿਮਨ ਟਾਈਮ-ਟੇਬਲ ਦੇ ਅਨੁਸਾਰ ਚਲਾਈਆਂ ਜਾਣਗੀਆਂ:-

**02270/02269 ਲਖਨਊ - ਛਪਰਾ - ਲਖਨਊ ਰੀਜ਼ਰਵ ਵੰਦੇ ਭਾਰਤ ਐਕਸਪ੍ਰੈਸ — 54 ਫੇਰੇ**

| ਰੇਲਗੱਡੀ ਨੰ. 02270 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 02269 ਆਉਣਾ | ਜਾਣਾ |
|---|---|---|---|---|
| -- | 14:15 | ਲਖਨਊ | 06:30 | – |
| 21:30 | – | ਛਪਰਾ | -- | 23:00 |

ਚੱਲਣ ਦੀ ਮਿਤੀ : 02270 ਲਖਨਊ ਤੋਂ ਅਤੇ 02269 ਛਪਰਾ ਤੋਂ ਰੋਜ਼ਾਨਾ (ਮੰਗਲਵਾਰ ਛੱਡ ਕੇ) ਮਿਤੀ 26.04.2025 ਤਕ। ਸਥਾਨ : ਚੇਅਰਕਾਰ, ਐਕਜ਼ੀਕਯੂਟਿਵ ਚੇਅਰਕਾਰ। ਠਹਿਰਾਓ : ਸੁਲਤਾਨਪੁਰ ਜੰ. ਵਾਰਾਨਸੀ ਜੰ. ਗਾਜ਼ੀਪੁਰ ਸਿਟੀ, ਬਲਿਯਾ ਅਤੇ ਸੁਰੇਮਨਪੁਰ ਸਟੇਸ਼ਨ।

**02436/02435 ਨਵੀਂ ਦਿੱਲੀ - ਪਟਨਾ ਜੰ. - ਨਵੀਂ ਦਿੱਲੀ ਰੀਜ਼ਰਵ ਵੰਦੇ ਭਾਰਤ ਸਪੈਸ਼ਲ ਐਕਸਪ੍ਰੈਸ — 06 ਫੇਰੇ**

| ਰੇਲਗੱਡੀ ਨੰ. 02436 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 02435 ਆਉਣਾ | ਜਾਣਾ |
|---|---|---|---|---|
| -- | 08:30 | ਨਵੀਂ ਦਿੱਲੀ | 20:10 | – |
| 20:10 | – | ਪਟਨਾ ਜੰ. | -- | 08:30 |

ਚੱਲਣ ਦੀ ਮਿਤੀ : 02436 ਨਵੀਂ ਦਿੱਲੀ ਤੋਂ 29, 30 ਅਤੇ 31.03.2025 ਨੂੰ ਅਤੇ 02435 ਪਟਨਾ ਜੰ. ਤੋਂ 30, 31.03.2025 ਅਤੇ 01.04.2025 ਨੂੰ ਸਥਾਨ : ਚੇਅਰਕਾਰ, ਐਕਜ਼ੀਕਯੂਟਿਵ ਚੇਅਰਕਾਰ। ਠਹਿਰਾਓ : ਗਾਜ਼ੀਆਬਾਦ, ਅਲੀਗੜ੍ਹ, ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ, ਦੀਨ ਦਿਆਲ ਉਪਾਧਿਆਏ, ਬਕਸਰ ਅਤੇ ਆਰਾ ਸਟੇਸ਼ਨ।

**01123/01124 ਲੋਕਮਾਨਯ ਤਿਲਕ (ਟ.) - ਮਊ - ਲੋਕਮਾਨਯ ਤਿਲਕ (ਟ.) ਸਪੈਸ਼ਲ ਟ੍ਰੇਨ (ਸਪਤਾਹ ਵਿਚ ਦੋ ਦਿਨ) — 48 ਫੇਰੇ**

| ਰੇਲਗੱਡੀ ਨੰ. 01123 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 01124 ਆਉਣਾ | ਜਾਣਾ |
|---|---|---|---|---|
| -- | 12:15 | ਲੋਕਮਾਨਯ ਤਿਲਕ (ਟ.) | 16:45 | – |
| 20:20 | – | ਮਊ | -- | 05:50 |

ਚੱਲਣ ਦੀ ਮਿਤੀ : 01123 ਲੋਕਮਾਨਯ ਤਿਲਕ ਟ. ਤੋਂ ਸ਼ੁਕਰਵਾਰ ਅਤੇ ਐਤਵਾਰ ਨੂੰ ਮਿਤੀ 06.04.2025 ਤੋਂ 29.06.2025 ਤਕ (ਮਿਤੀ 02.05.2025 ਨੂੰ ਇਹ ਰੇਲਗੱਡੀ 01125 ਸਿਖਿਅਕ ਵਿਸ਼ੇਸ਼ ਰੇਲਗੱਡੀ ਦੇ ਤੌਰ ਤੇ ਚਲੇਗੀ) ਅਤੇ 01124 ਮਊ ਤੋਂ ਐਤਵਾਰ ਅਤੇ ਮੰਗਲਵਾਰ ਨੂੰ ਮਿਤੀ 08.04.2025 ਤੋਂ 01.07.2025 ਤਕ (ਮਿਤੀ 10.06.2025 ਨੂੰ ਇਹ ਰੇਲਗੱਡੀ 01126 ਸਿਖਿਅਕ ਵਿਸ਼ੇਸ਼ ਰੇਲਗੱਡੀ ਦੇ ਤੌਰ ਤੇ ਚਲੇਗੀ) ਸਥਾਨ : 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ, ਠਹਿਰਾਓ : ਠਾਨੇ, ਕਲਯਾਨ, ਇਗਤਪੁਰੀ, ਨਾਸਿਕ ਰੋਡ, ਜਲਗਾਂਵ, ਭੁਸਾਵਲ, ਖੰਡਵਾ, ਇਟਾਰਸੀ, ਪਿਪਰਿਯਾ, ਨਰਸਿੰਘਪੁਰ, ਮਦਨ ਮਹਲ, ਕਟਨੀ, ਮੈਹਰ, ਸਤਨਾ, ਮਾਨਿਕਪੁਰ, ਪ੍ਰਯਾਗਰਾਜ ਛਿਵਕੀ, ਵਾਰਾਨਸੀ, ਜੌਨਪੁਰ ਅਤੇ ਔਰਿਹਾਰ ਸਟੇਸ਼ਨ।

**01053/01054 ਲੋਕਮਾਨਯ ਤਿਲਕ (ਟ.) - ਬਨਾਰਸ - ਲੋਕਮਾਨਯ ਤਿਲਕ (ਟ.) ਸਪੈਸ਼ਲ ਟ੍ਰੇਨ (ਸਪਤਾਹ ਵਿਚ ਦੋ ਦਿਨ) — 48 ਫੇਰੇ**

| ਰੇਲਗੱਡੀ ਨੰ. 01053 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 01054 ਆਉਣਾ | ਜਾਣਾ |
|---|---|---|---|---|
| -- | 12:15 | ਲੋਕਮਾਨਯ ਤਿਲਕ (ਟ.) | 04:40 | – |
| 16:05 | – | ਬਨਾਰਸ | -- | 20:30 |

ਚੱਲਣ ਦੀ ਮਿਤੀ : 01053 ਲੋਕਮਾਨਯ ਤਿਲਕ ਟ. ਤੋਂ ਬੁਧਵਾਰ ਅਤੇ ਵੀਰਵਾਰ ਨੂੰ ਮਿਤੀ 09.04.2025 ਤੋਂ 26.06.2025 ਤਕ ਅਤੇ 01054 ਬਨਾਰਸ ਤੋਂ ਵੀਰਵਾਰ ਅਤੇ ਸ਼ੁਕਰਵਾਰ ਨੂੰ ਮਿਤੀ 10.04.2025 ਤੋਂ 27.06.2025 ਤਕ ਸਥਾਨ : 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ, ਠਹਿਰਾਓ : ਠਾਨੇ, ਕਲਯਾਨ, ਇਗਤਪੁਰੀ, ਨਾਸਿਕ ਰੋਡ, ਜਲਗਾਂਵ, ਭੁਸਾਵਲ, ਖੰਡਵਾ, ਇਟਾਰਸੀ, ਪਿਪਰਿਯਾ, ਨਰਸਿੰਘਪੁਰ, ਮਦਨ ਮਹਲ, ਕਟਨੀ, ਮੈਹਰ, ਸਤਨਾ, ਮਾਨਿਕਪੁਰ, ਪ੍ਰਯਾਗਰਾਜ ਛਿਵਕੀ, ਸਟੇਸ਼ਨ।

**01431/01432 ਪੁਣੇ - ਗਾਜ਼ੀਪੁਰ ਸਿਟੀ - ਪੁਣੇ ਸਪੈਸ਼ਲ ਟ੍ਰੇਨ (ਸਪਤਾਹ ਵਿਚ ਦੋ ਦਿਨ) — 48 ਫੇਰੇ**

| ਰੇਲਗੱਡੀ ਨੰ. 01431 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 01432 ਆਉਣਾ | ਜਾਣਾ |
|---|---|---|---|---|
| -- | 06:40 | ਪੁਣੇ | 16:20 | – |
| 20:15 | – | ਗਾਜ਼ੀਪੁਰ ਸਿਟੀ | -- | 04:20 |

ਚੱਲਣ ਦੀ ਮਿਤੀ : 01431 ਪੁਣੇ ਤੋਂ ਸ਼ੁਕਰਵਾਰ ਅਤੇ ਮੰਗਲਵਾਰ ਨੂੰ ਮਿਤੀ 08.04.2025 ਤੋਂ 27.06.2025 ਤਕ ਅਤੇ 01432 ਗਾਜ਼ੀਪੁਰ ਸਿਟੀ ਤੋਂ ਐਤਵਾਰ ਅਤੇ ਵੀਰਵਾਰ ਨੂੰ ਮਿਤੀ 10.04.2025 ਤੋਂ 29.06.2025 ਤਕ ਸਥਾਨ : 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ, ਠਹਿਰਾਓ : ਦੌਂਡ ਕੌਂਡ੍ਰ ਲਾਈਨ, ਅਹਿਮਦਨਗਰ, ਮਨਮਾਡ, ਜਲਗਾਂਵ, ਭੁਸਾਵਲ, ਖੰਡਵਾ, ਇਟਾਰਸੀ, ਪਿਪਰਿਯਾ, ਨਰਸਿੰਘਪੁਰ, ਮਦਨ ਮਹਲ, ਕਟਨੀ, ਮੈਹਰ, ਸਤਨਾ, ਮਾਨਿਕਪੁਰ, ਪ੍ਰਯਾਗਰਾਜ ਛਿਵਕੀ, ਵਾਰਾਨਸੀ, ਜੌਨਪੁਰ ਅਤੇ ਔਰਿਹਾਰ ਸਟੇਸ਼ਨ।

**01491/01492 ਪੁਣੇ - ਹਜਰਤ ਨਿਜ਼ਾਮੁਦੀਨ - ਪੁਣੇ ਸਪੈਸ਼ਲ ਟ੍ਰੇਨ (ਸਪਤਾਹਿਕ) — 24 ਫੇਰੇ**

| ਰੇਲਗੱਡੀ ਨੰ. 01491 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 01492 ਆਉਣਾ | ਜਾਣਾ |
|---|---|---|---|---|
| -- | 17:30 | ਪੁਣੇ | 23:55 | – |
| 18:10 | – | ਹਜਰਤ ਨਿਜ਼ਾਮੁਦੀਨ | -- | 22:10 |

ਚੱਲਣ ਦੀ ਮਿਤੀ : 01491 ਪੁਣੇ ਤੋਂ ਹਰੇਕ ਸ਼ੁਕਰਵਾਰ ਨੂੰ ਮਿਤੀ 11.04.2025 ਤੋਂ 27.06.2025 ਤਕ ਅਤੇ 01492 ਹਜਰਤ ਨਿਜ਼ਾਮੁਦੀਨ ਤੋਂ ਹਰੇਕ ਸ਼ਨੀਵਾਰ ਨੂੰ ਅਤੇ ਮਿਤੀ 12.04.2025 ਤੋਂ 28.06.2025 ਤਕ ਸਥਾਨ : 2 ਟੀਯਰ ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ, ਠਹਿਰਾਓ :ਲੋਨਾਵਾਲਾ, ਕਲਯਾਨ, ਭਿਵੰਡੀ ਰੋਡ, ਦਸਈ ਰੋਡ, ਪਾਲਘਰ, ਵਾਪੀ, ਕਲਸਾਡ, ਉਧਨਾ, ਵਡੋਦਰਾ, ਰਤਲਾਮ, ਭਵਾਨੀ ਮੰਡੀ, ਸਵਾਈ ਮਾਧੋਪੁਰ ਅਤੇ ਮਥੁਰਾ ਸਟੇਸ਼ਨ।

**04092 / 04091 ਨਵੀਂ ਦਿੱਲੀ - ਇੰਦੌਰ ਜੰ.-ਨਵੀਂ ਦਿੱਲੀ ਸੁਪਰਫਾਸਟ ਐਕਸਪ੍ਰੈਸ ਸਪੈਸ਼ਲ ਟ੍ਰੇਨ — 04 ਫੇਰੇ**

| ਰੇਲਗੱਡੀ ਨੰ. 04092 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 04091 ਆਉਣਾ | ਜਾਣਾ |
|---|---|---|---|---|
| -- | 15:30 | ਨਵੀਂ ਦਿੱਲੀ | 02:30 | – |
| 06:00 | – | ਇੰਦੌਰ ਜੰ. | -- | 11:30 |

ਚੱਲਣ ਦੀ ਮਿਤੀ : 04092 ਨਵੀਂ ਦਿੱਲੀ ਤੋਂ ਮਿਤੀ 28.03.2025 ਤੋਂ 30.03.2025 ਤਕ ਨੂੰ ਅਤੇ 04091 ਇੰਦੌਰ ਜੰ. ਤੋਂ ਹਰੇਕ ਮਿਤੀ 29.03.2025 ਤੋਂ 31.03.2025 ਤਕ ਸਥਾਨ : 3 ਟੀਯਰ ਏਸੀ., ਸਲੀਪਰ ਅਤੇ ਜਨਰਲ, ਠਹਿਰਾਓ :ਮਥੁਰਾ, ਕੋਟਾ, ਨਾਗਦਾ ਅਤੇ ਰਤਲਾਮ ਸਟੇਸ਼ਨ।

**01415/01416 ਪੁਣੇ - ਗਾਜ਼ੀਪੁਰ ਸਿਟੀ - ਪੁਣੇ ਸਪੈਸ਼ਲ ਟ੍ਰੇਨ (ਅਣਰੀਜ਼ਰਵ) (ਸਪਤਾਹਿਕ) — 26 ਫੇਰੇ**

| ਰੇਲਗੱਡੀ ਨੰ. 01415 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 01416 ਆਉਣਾ | ਜਾਣਾ |
|---|---|---|---|---|
| -- | 06:40 | ਪੁਣੇ | 17:50 | – |
| 20:15 | – | ਗਾਜ਼ੀਪੁਰ | -- | 04:20 |

ਚੱਲਣ ਦੀ ਮਿਤੀ : 01415 ਪੁਣੇ ਤੋਂ ਹਰੇਕ ਸ਼ਨੀਵਾਰ ਨੂੰ ਮਿਤੀ 05.04.2025 ਤੋਂ 28.06.2025 ਤਕ ਅਤੇ 01416 ਗਾਜ਼ੀਪੁਰ ਸਿਟੀ ਤੋਂ ਹਰੇਕ ਸੋਮਵਾਰ ਨੂੰ ਮਿਤੀ 07.04.2025 ਤੋਂ 30.06.2025 ਤਕ ਸਥਾਨ : ਜਨਰਲ ਠਹਿਰਾਓ :ਦੌਂਡ ਕੌਂਡ੍ਰ ਲਾਈਨ ਅਹਿਮਦਨਗਰ, ਮਨਮਾਡ, ਜਲਗਾਂਵ, ਭੁਸਾਵਲ, ਖੰਡਵਾ, ਇਟਾਰਸੀ, ਪਿਪਰਿਯਾ, ਨਰਸਿੰਘਪੁਰ, ਮਦਨ ਮਹਲ, ਕਟਨੀ, ਮੈਹਰ, ਸਤਨਾ, ਮਾਨਿਕਪੁਰ, ਪ੍ਰਯਾਗਰਾਜ ਛਿਵਕੀ, ਵਾਰਾਨਸੀ, ਜੌਨਪੁਰ ਅਤੇ ਔਰਿਹਾਰ ਸਟੇਸ਼ਨ।

**03297 ਦਾਨਾਪੁਰ - ਆਨੰਦ ਵਿਹਾਰ ਟ. ਸਪੈਸ਼ਲ ਟ੍ਰੇਨ — 01 ਫੇਰੇ**

| ਰੇਲਗੱਡੀ ਨੰ. 03297 ਆਉਣਾ | ਜਾਣਾ | ਸਟੇਸ਼ਨ |
|---|---|---|
| -- | 14:30 | ਦਾਨਾਪੁਰ |
| 11:15 | -- | ਆਨੰਦ ਵਿਹਾਰ ਟ. |

ਚੱਲਣ ਦੀ ਮਿਤੀ : 03297 ਦਾਨਾਪੁਰ ਤੋਂ ਮਿਤੀ 02.04.2025 ਤੋਂ ਸਥਾਨ : ਜਨਰਲ ਠਹਿਰਾਓ ਆਰਾ, ਬਕਸਰ, ਦੀਨ ਦਿਆਲ ਉਪਾਧਿਆਏ, ਪ੍ਰਯਾਗਰਾਜ ਅਤੇ ਕਾਨਪੁਰ ਸੈਂਟ੍ਰਲ ਸਟੇਸ਼ਨ

**04085/04086 ਨਵੀਂ ਦਿੱਲੀ - ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ - ਨਵੀਂ ਦਿੱਲੀ ਰੀਜ਼ਰਵ ਸਪੈਸ਼ਲ ਐਕਸਪ੍ਰੈਸ — 08 ਫੇਰੇ**

| ਰੇਲਗੱਡੀ ਨੰ. 04085 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 04086 ਆਉਣਾ | ਜਾਣਾ |
|---|---|---|---|---|
| -- | 12:30 | ਨਵੀਂ ਦਿੱਲੀ | 20:00 | – |
| 02:00 | – | ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | -- | 07:30 |

ਚੱਲਣ ਦੀ ਮਿਤੀ : 04085 ਨਵੀਂ ਦਿੱਲੀ ਤੋਂ ਮਿਤੀ 28, 29, 30 ਅਤੇ 31.03.2025 ਨੂੰ ਅਤੇ 04086 ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਮਿਤੀ 29, 30, 31.03.2025 ਅਤੇ 01.04.2025 ਨੂੰ ਤੋਂ ਸਥਾਨ : 2 ਟੀਯਰ, ਏਸੀ., 3 ਟੀਯਰ ਏਸੀ., ਸਲੀਪਰ ਅਤੇ ਜਨਰਲ, ਠਹਿਰਾਓ: ਸੋਨੀਪਤ, ਪਾਨੀਪਤ, ਕਰਨਾਲ, ਕੁਰੂਸ਼ੇਤਰ, ਅੰਬਾਲਾ ਕੈਂਟ, ਢੰਡਾਰੀ ਕਲਾਂ, ਜਲੰਧਰ ਕੈਂਟ, ਪਠਾਨਕੋਟ ਕੈਂਟ, ਜੰਮੂ ਤਵੀ ਅਤੇ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਸਟੇਸ਼ਨ।

**04024/04023 ਦਿੱਲੀ ਜੰ. - ਵਾਰਾਨਸੀ ਜੰ. - ਦਿੱਲੀ ਜੰ. ਰੀਜ਼ਰਵ ਸੁਪਰਫਾਸਟ ਸਪੈਸ਼ਲ ਐਕਸਪ੍ਰੈਸ — 06 ਫੇਰੇ**

| ਰੇਲਗੱਡੀ ਨੰ. 04024 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 04023 ਆਉਣਾ | ਜਾਣਾ |
|---|---|---|---|---|
| -- | 19:30 | ਦਿੱਲੀ ਜੰ. | 08:50 | – |
| 09:45 | – | ਵਾਰਾਨਸੀ ਜੰ. | -- | 18:35 |

ਚੱਲਣ ਦੀ ਮਿਤੀ : 04024 ਦਿੱਲੀ ਤੋਂ ਮਿਤੀ 28, 29, ਅਤੇ 30.03.2025 ਨੂੰ ਅਤੇ 04023 ਵਾਰਾਨਸੀ ਜੰ. ਤੋਂ ਮਿਤੀ 29, 30, 31.03.2025 ਨੂੰ ਤੋਂ ਸਥਾਨ :3 ਟੀਯਰ ਏਸੀ., ਸਲੀਪਰ ਅਤੇ ਜਨਰਲ, ਠਹਿਰਾਓ: ਗਾਜ਼ੀਆਬਾਦ, ਮੁਰਾਦਾਬਾਦ, ਆਲਮਨਗਰ, ਲਖਨਊ, ਰਾਯਬਰੇਲੀ ਅਤੇ ਮਾਂ ਬੇਲਹਾ ਦੇਵੀ ਧਾਮ ਪ੍ਰਤਾਪਗੜ੍ਹ ਸਟੇਸ਼ਨ।

**04088/04087 ਨਵੀਂ ਦਿੱਲੀ - ਪਟਨਾ ਜੰ. - ਨਵੀਂ ਦਿੱਲੀ ਰੀਜ਼ਰਵ ਸੁਪਰਫਾਸਟ ਸਪੈਸ਼ਲ ਐਕਸਪ੍ਰੈਸ — 10 ਫੇਰੇ**

| ਰੇਲਗੱਡੀ ਨੰ. 04088 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 04087 ਆਉਣਾ | ਜਾਣਾ |
|---|---|---|---|---|
| -- | 15:50 | ਨਵੀਂ ਦਿੱਲੀ | 04:40 | – |
| 08:40 | – | ਪਟਨਾ ਜੰ. | -- | 12:00 |

ਚੱਲਣ ਦੀ ਮਿਤੀ : 04088 ਨਵੀਂ ਦਿੱਲੀ ਤੋਂ ਮਿਤੀ 28, 29, 30, 31.03.2025 ਅਤੇ 01.04.2025 ਨੂੰ ਅਤੇ 04087 ਪਟਨਾ ਜੰ. ਤੋਂ ਮਿਤੀ 29, 30, 31.03.2025 ਅਤੇ 02.04.2025 ਨੂੰ ਸਥਾਨ :3 ਟੀਯਰ ਏਸੀ., ਇਕੋਨਾਮੀ ਅਤੇ ਜਨਰਲ, ਠਹਿਰਾਓ: ਗੋਵਿੰਦਪੁਰੀ, ਪ੍ਰਯਾਗਰਾਜ, ਪੀਟੀ। ਦੀਨ ਦਿਆਲ ਉਪਾਧਿਆਏ, ਬਕਸਰ, ਆਰਾ ਅਤੇ ਦਾਨਾਪੁਰ ਸਟੇਸ਼ਨ।

**04090/04089 ਦਿੱਲੀ ਜੰ. - ਸਹਰਸਾ ਜੰ. - ਦਿੱਲੀ ਜੰ. ਰੀਜ਼ਰਵ ਸਪੈਸ਼ਲ ਐਕਸਪ੍ਰੈਸ — 04 ਫੇਰੇ**

| ਰੇਲਗੱਡੀ ਨੰ. 04090 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 04089 ਆਉਣਾ | ਜਾਣਾ |
|---|---|---|---|---|
| -- | 14:15 | ਨਵੀਂ ਦਿੱਲੀ | 18:00 | – |
| 13:30 | – | ਸਹਰਸਾ ਜੰ. | -- | 18:45 |

ਚੱਲਣ ਦੀ ਮਿਤੀ : 04090 ਨਵੀਂ ਦਿੱਲੀ ਤੋਂ ਮਿਤੀ 28.03.2025 ਅਤੇ 31.03.2025 ਨੂੰ ਅਤੇ 04089 ਸਹਰਸਾ ਜੰ. ਤੋਂ ਮਿਤੀ 29.03.2025 ਅਤੇ 01.04.2025 ਨੂੰ ਸਥਾਨ :ਸਲੀਪਰ ਅਤੇ ਜਨਰਲ, ਠਹਿਰਾਓ: ਗੋਵਿੰਦਪੁਰੀ, ਪ੍ਰਯਾਗਰਾਜ, ਪੰ. ਦੀਨ ਦਿਆਲ ਉਪਾਧਿਆਏ, ਬਕਸਰ, ਆਰਾ, ਦਾਨਾਪੁਰ, ਪਾਟਲਿਪੁਤਰ, ਹਾਜੀਪੁਰ, ਬਰੌਨੀ, ਬੇਗੂ ਸਰਾਏ, ਖਗੜਿਯਾ ਅਤੇ ਮਾਨਸੀ ਸਟੇਸ਼ਨ।

**04430/04429 ਆਨੰਦ ਵਿਹਾਰ ਟ.- ਭਾਗਲਪੁਰ - ਆਨੰਦ ਵਿਹਾਰ ਟ. ਅਣਰੀਜ਼ਰਵ ਸਪੈਸ਼ਲ ਐਕਸਪ੍ਰੈਸ — 06 ਫੇਰੇ**

| ਰੇਲਗੱਡੀ ਨੰ.04430 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ.04429 ਆਉਣਾ | ਜਾਣਾ |
|---|---|---|---|---|
| -- | 12:40 | ਆਨੰਦ ਵਿਹਾਰ ਟ. | 14:30 | – |
| 12:10 | – | ਭਾਗਲਪੁਰ | -- | 14:30 |

ਚੱਲਣ ਦੀ ਮਿਤੀ : 04430 ਆਨੰਦ ਵਿਹਾਰ ਟ. ਤੋਂ ਮਿਤੀ 28.03.2025 ਅਤੇ 30.03.2025 ਤਕ ਅਤੇ 04429 ਭਾਗਲਪੁਰ ਜੰ. ਤੋਂ ਮਿਤੀ 29.03.2025 ਅਤੇ 31.03.2025 ਤਕ। ਸਥਾਨ ਜਨਰਲ, ਠਹਿਰਾਓ: ਗੋਵਿੰਦਪੁਰੀ, ਪ੍ਰਯਾਗਰਾਜ, ਪੰ. ਦੀਨ ਦਿਆਲ ਉਪਾਧਿਆਏ, ਬਕਸਰ, ਆਰਾ, ਦਾਨਾਪੁਰ, ਪਟਨਾ, ਬਖਿਤਯਾਰਪੁਰ, ਮੋਕਾਮਾ, ਹਾਥੀਦਾ, ਲਕਖੀਸਰਾਯ, ਕਿਊਲ, ਅਭੈਪੁਰ, ਜਮਾਲਪੁਰ ਅਤੇ ਸੁਲਤਾਨਗੰਜ ਸਟੇਸ਼ਨ।

**04432/04431 ਦਿੱਲੀ ਜੰ. - ਸਹਰਸਾ ਜੰ. - ਦਿੱਲੀ ਜੰ. ਅਣਰੀਜ਼ਰਵ ਸਪੈਸ਼ਲ ਐਕਸਪ੍ਰੈਸ — 06 ਫੇਰੇ**

| ਰੇਲਗੱਡੀ ਨੰ. 04432 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 04431 ਆਉਣਾ | ਜਾਣਾ |
|---|---|---|---|---|
| -- | 15:20 | ਦਿੱਲੀ ਜੰ. | 20:10 | – |
| 16:00 | – | ਸਹਰਸਾ ਜੰ. | -- | 20:00 |

ਚੱਲਣ ਦੀ ਮਿਤੀ : 04432 ਦਿੱਲੀ ਜੰ. ਤੋਂ ਮਿਤੀ 28.03.2025 ਤੋਂ 30.03.2025 ਤਕ ਅਤੇ 04431 ਸਹਰਸਾ ਤੋਂ ਮਿਤੀ 29.03.2025 ਤੋਂ 31.03.2025 ਤਕ। ਸਥਾਨ ਜਨਰਲ, ਠਹਿਰਾਓ: ਕਾਨਪੁਰ ਸੈਂਟ੍ਰਲ, ਪ੍ਰਯਾਗਰਾਜ, ਵਾਰਾਨਸੀ, ਗਾਜ਼ੀਪੁਰ ਸਿਟੀ, ਬਲਿਯਾ, ਸੁਰੇਮਨਪੁਰ, ਛਪਰਾ, ਸੋਨਪੁਰ, ਹਾਜੀਪੁਰ, ਬਰੌਨੀ ਅਤੇ ਖਗੜਿਯਾ ਜੰ. ਸਟੇਸ਼ਨ।

**04434/04433 ਨਵੀਂ ਦਿੱਲੀ - ਜਯਨਗਰ - ਨਵੀਂ ਦਿੱਲੀ ਅਣਰੀਜ਼ਰਵ ਸਪੈਸ਼ਲ ਐਕਸਪ੍ਰੈਸ — 06 ਫੇਰੇ**

| ਰੇਲਗੱਡੀ ਨੰ. 04434 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 04433 ਆਉਣਾ | ਜਾਣਾ |
|---|---|---|---|---|
| -- | 23:30 | ਨਵੀਂ ਦਿੱਲੀ | 04:00 | – |
| 23:00 | – | ਜਯਨਗਰ | -- | 04:00 |

ਚੱਲਣ ਦੀ ਮਿਤੀ : 04434 ਨਵੀਂ ਦਿੱਲੀ ਤੋਂ ਮਿਤੀ 28, 29, ਅਤੇ 30.03.2025 ਨੂੰ ਅਤੇ 04433 ਜਯਨਗਰ ਤੋਂ ਮਿਤੀ 30, 31.03.2025 ਅਤੇ 01.04.2025 ਨੂੰ। ਸਥਾਨ ਜਨਰਲ, ਠਹਿਰਾਓ: ਗੋਵਿੰਦਪੁਰੀ, ਪ੍ਰਯਾਗਰਾਜ, ਪੰ. ਦੀਨ ਦਿਆਲ ਉਪਾਧਿਆਏ, ਬਕਸਰ, ਆਰਾ, ਦਾਨਾਪੁਰ, ਪਾਟਲਿਪੁਤਰ, ਹਾਜੀਪੁਰ, ਮੁਜਫਰਪੁਰ, ਸਮਸਤੀਪੁਰ, ਦਰਭੰਗਾ ਅਤੇ ਮਧੂਬਨੀ ਸਟੇਸ਼ਨ।

**04438/04437 ਦਿੱਲੀ ਜੰ. - ਕਟਿਹਾਰ - ਦਿੱਲੀ ਜੰ. ਅਣਰੀਜ਼ਰਵ ਸਪੈਸ਼ਲ ਐਕਸਪ੍ਰੈਸ — 06 ਫੇਰੇ**

| ਰੇਲਗੱਡੀ ਨੰ. 04438 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ. 04437 ਆਉਣਾ | ਜਾਣਾ |
|---|---|---|---|---|
| -- | 14:15 | ਦਿੱਲੀ ਜੰ. | 18:30 | – |
| 13:40 | – | ਕਟਿਹਾਰ | -- | 18:45 |

ਚੱਲਣ ਦੀ ਮਿਤੀ : 04438 ਦਿੱਲੀ ਜੰ. ਤੋਂ ਮਿਤੀ 28.03.2025 ਤੋਂ 30.03.2025 ਤਕ ਅਤੇ 04437 ਕਟਿਹਾਰ ਤੋਂ 29.03.2025 ਤੋਂ 31.03.2025 ਤਕ। ਸਥਾਨ ਜਨਰਲ, ਠਹਿਰਾਓ: ਨਵੀਂ ਦਿੱਲੀ, ਗੋਵਿੰਦਪੁਰੀ, ਪ੍ਰਯਾਗਰਾਜ, ਪੰ. ਦੀਨ ਦਿਆਲ ਉਪਾਧਿਆਏ, ਬਕਸਰ, ਆਰਾ, ਦਾਨਾਪੁਰ, ਪਾਟਲਿਪੁਤਰ, ਹਾਜੀਪੁਰ, ਬਰੌਨੀ, ਬੇਗੂਸਰਾਯ, ਖਗੜਿਯਾ ਅਤੇ ਮਾਨਸੀ ਸਟੇਸ਼ਨ।

**01079/01080 ਲੋਕਮਾਨਯ ਤਿਲਕ (ਟ.) ਮਊ - ਲੋਕਮਾਨਯ ਤਿਲਕ (ਟ.) ਅਣਰੀਜ਼ਰਵ ਸਪੈਸ਼ਲ ਐਕਸਪ੍ਰੈਸ (ਸਪਤਾਹਿਕ) — 24 ਫੇਰੇ**

| ਰੇਲਗੱਡੀ ਨੰ.01079 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ.01080 ਆਉਣਾ | ਜਾਣਾ |
|---|---|---|---|---|
| -- | 22:55 | ਲੋਕਮਾਨਯ ਤਿਲਕ (ਟ.) | 00:40 | – |
| 11:00 | – | ਮਊ | -- | 13:00 |

ਚੱਲਣ ਦੀ ਮਿਤੀ : 01079 ਲੋਕ ਮਾਨਯ ਤਿਲਕ ਟ. ਤੋਂ ਹਰੇਕ ਸੋਮਵਾਰ ਨੂੰ ਮਿਤੀ 07.04.2025 ਤੋਂ 23.06.2025 ਤਕ ਅਤੇ 01080 ਮਊ ਤੋਂ ਹਰੇਕ ਬੁਧਵਾਰ ਨੂੰ ਮਿਤੀ 09.04.2025 ਤੋਂ 25.06.2025 ਤਕ। ਸਥਾਨ ਜਨਰਲ, ਠਹਿਰਾਓ: ਠਾਨੇ, ਕਲਯਾਨ, ਇਗਤਪੁਰੀ, ਨਾਸਿਕ ਰੋਡ, ਜਲਗਾਂਵ, ਭੁਸਾਵਲ, ਇਟਾਰਸੀ, ਜਬਲਪੁਰ, ਕਟਨੀ, ਸਤਨਾ, ਮਾਨਿਕਪੁਰ, ਪ੍ਰਯਾਗਰਾਜ ਛਿਵਕੀ, ਵਾਰਾਨਸੀ, ਜੌਨਪੁਰ ਅਤੇ ਔਰਿਹਾਰ ਸਟੇਸ਼ਨ।

ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਆਉਣ ਵਾਲੇ ਠਹਿਰਾਵਾਂ ਅਤੇ ਟਾਈਮ-ਟੇਬਲ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ. 139 ਡਾਇਲ ਕਰੋ ਜਾਂ ਰੇਲਗੱਡੀ ਪੁਛਗਿਛ ਵੈਬਸਾਈਟ www.enquiry.indianrail.gov.in ਵੇਖੋ।

ਰੇਲਮਦਦ ਹੈਲਪਲਾਈਨ ਨੰ. 139

ਰੇਲਮਦਦ ਵੈਬਸਾਈਟ ਵੇਖੋ:- www.railmadad.indianrailways.gov.in

ਰੇਲਮਦਦ ਐਪ ਡਾਊਨਲੋਡ ਕਰੋ

'ਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ — ਸਦਾ ਤੁਹਾਡੀ ਸੇਵਾ ਵਿਚ — www.nr.indianrailways.gov.in 'ਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

29-March-PAGE-4.qxd 3/28/2025 10:43 PM Page 1



# ਕਰੋੜਪਤੀਆਂ ਦਾ ਕਬਜ਼ਾ

*ਸਾਡੇ ਦੇਸ਼ ਦੇ ਲੋਕਤੰਤਰ 'ਤੇ ਕਰੋੜਪਤੀਆਂ ਨੇ ਕਬਜ਼ਾ ਕਰ ਲਿਆ ਹੈ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ ਡੀ ਆਰ) ਵੱਲੋਂ ਇਕੱਠੇ ਕੀਤੇ ਗਏ ਅੰਕੜਿਆਂ ਮੁਤਾਬਕ 2024 ਵਿੱਚ ਬਣੀ 543 ਮੈਂਬਰੀ ਲੋਕ ਸਭਾ 'ਚ ਕਰੋੜਪਤੀ ਮੈਂਬਰਾਂ ਦੀ ਗਿਣਤੀ 504 ਹੈ, ਜੋ ਕਿ ਕਰੀਬ 93 ਫੀਸਦੀ ਬਣਦੀ ਹੈ। ਏ ਡੀ ਆਰ ਮੁਤਾਬਕ 2002 ਵਿੱਚ ਕਰੋੜਪਤੀ ਮੈਂਬਰਾਂ ਦੀ ਗਿਣਤੀ 153 ਸੀ, 2009 ਵਿੱਚ 300 ਪਾਰ ਕਰ ਗਈ ਤੇ 2014 ਵਿੱਚ 443 ਹੋ ਗਈ। 2019 ਵਿੱਚ ਇਹ ਗਿਣਤੀ ਵਧ ਕੇ 479 ਹੋ ਗਈ ਸੀ ਤੇ ਹੁਣ 504 ਹੋ ਗਈ ਹੈ, ਯਾਨੀ ਕਿ 92.08 ਫੀਸਦੀ ਮੈਂਬਰ ਕਰੋੜਪਤੀ ਹਨ।*

*ਜਦੋਂ ਤੋਂ ਲੋਕ ਸਭਾ ਮੈਂਬਰਾਂ ਲਈ ਆਪਣੀ ਸੰਪਤੀ ਦੇ ਵੇਰਵੇ ਦੱਸਣੇ ਲਾਜ਼ਮੀ ਕੀਤੇ ਗਏ ਹਨ, ਉਦੋਂ ਤੋਂ ਕਰੋੜਪਤੀ ਮੈਂਬਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਮੈਂਬਰਾਂ ਨੂੰ ਆਪਣੀ ਸੰਪਤੀ ਦਾ ਬਾਜ਼ਾਰੀ ਭਾਅ ਦੱਸਣਾ ਪੈਂਦਾ ਹੈ। 2004 ਤੋਂ 2024 ਤੱਕ ਕਰੋੜਪਤੀ ਮੈਂਬਰਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਇਸ ਵਾਧੇ ਤੋਂ ਇਹੀ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਹੁਣ ਪਾਰਟੀਆਂ ਸਿਰਫ ਦੌਲਤਮੰਦਾਂ ਨੂੰ ਹੀ ਟਿਕਟਾਂ ਦਿੰਦੀਆਂ ਹਨ। ਜਿਹੜਾ ਕਰੋੜਪਤੀ ਨਹੀਂ, ਉਹ ਚੋਣ ਮੈਦਾਨ ਵਿੱਚ ਉਤਰਨ ਦਾ ਹੌਸਲਾ ਨਹੀਂ ਕਰੇਗਾ। ਇਸ ਤਰ੍ਹਾਂ ਅਜਿਹੇ ਮੈਂਬਰ ਆਪਣੇ ਕਾਰਜਕਾਲ ਦੌਰਾਨ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਧਿਆਨ ਦੇਣ ਦੀ ਥਾਂ ਖੁਦ ਦੀ ਆਰਥਕ ਸਥਿਤੀ ਨੂੰ ਮਜ਼ਬੂਤ ਕਰਨ ਵਿੱਚ ਬਹੁਤਾ ਸਮਾਂ ਬਿਤਾਉਂਦੇ ਹਨ।*

*ਪੈਸੇ ਵਾਲਿਆਂ ਦੇ ਹੀ ਲੋਕ ਸਭਾ ਤੇ ਵਿਧਾਨ ਸਭਾਵਾਂ ਦੇ ਮੈਂਬਰ ਬਣਨ ਦਾ ਹੀ ਨਤੀਜਾ ਹੈ ਕਿ ਸਦਨਾਂ ਵਿੱਚ ਨਿੱਜੀਕਰਨ ਦੀਆਂ ਨੀਤੀਆਂ ਧੜਾਧੜ ਪਾਸ ਹੋ ਰਹੀਆਂ ਹਨ। ਮਨਰੇਗਾ ਵਰਗੇ ਜਿਹੜੇ ਪ੍ਰੋਗਰਾਮ ਗਰੀਬਾਂ ਦਾ ਕੁਝ ਢਿੱਡ ਭਰਦੇ ਹਨ, ਉਨ੍ਹਾਂ ਦੇ ਫੰਡਾਂ ਵਿੱਚ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ। ਸਰਕਾਰੀ ਸਿੱਖਿਆ ਲਈ ਘੱਟ ਫੰਡ ਰੱਖੇ ਜਾ ਰਹੇ ਹਨ, ਤਾਂ ਕਿ ਗਰੀਬਾਂ ਦੇ ਬੱਚੇ ਮਜ਼ਦੂਰੀ ਕਰਨ ਜੋਗੇ ਹੀ ਰਹਿਣ। ਵੋਟਰਾਂ ਨੂੰ ਇਹ ਸੋਚਣਾ ਪੈਣਾ ਹੈ ਕਿ ਚੋਣਾਂ ਵਿੱਚ ਤਰ੍ਹਾਂ-ਤਰ੍ਹਾਂ ਦੇ ਲਾਲਚ ਦੇ ਕੇ ਸਾਂਸਦ ਤੇ ਵਿਧਾਇਕ ਬਣਨ ਵਾਲੇ ਉਨ੍ਹਾਂ ਦੇ ਖੈਰ-ਖਵਾਹ ਨਹੀਂ। ਅਜਿਹੇ ਲੋਕਾਂ ਦਾ ਮਕਸਦ ਸਿਰਫ ਆਪਣੀ ਦੌਲਤ ਵਧਾਉਣਾ ਹੀ ਹੈ। ਵੋਟਰਾਂ ਨੇ ਸਮਝਦਾਰੀ ਨਾ ਦਿਖਾਈ ਤਾਂ ਸੰਸਦ ਤੇ ਵਿਧਾਨ ਸਭਾਵਾਂ ਵਿੱਚ ਉਨ੍ਹਾਂ ਦੇ ਹੱਕ ਵਿੱਚ ਬੋਲਣ ਵਾਲਾ ਕੋਈ ਨਹੀਂ ਰਹਿਣਾ ਅਤੇ ਮੁਫਤ ਦੀਆਂ ਸਕੀਮਾਂ ਵੀ ਜਾਂਦੀਆਂ ਲੱਗਣੀਆਂ ਹਨ।*

# ਅੰਧ-ਵਿਸ਼ਵਾਸੀ ਧਾਰਮਿਕਤਾ ਦੇਸ਼ ਦਾ ਬੇੜਾ ਡੋਬੇਗੀ

**ਜਸਵੰਤ ਜੀਰਖ**

ਜਦੋਂ ਦੇਸ਼ ਦੀ ਰਾਜ ਕਰਤਾ ਸ਼੍ਰੇਣੀ ਦੇ ਰਾਜਨੀਤੀਵਾਨ ਦੇਸ਼ ਦੇ ਲੋਕਾਂ ਦੀ ਕਿਸਮਤ ਨੂੰ ਤੀਰਥ ਇਸ਼ਨਾਨਾਂ , ਧਾਰਮਿਕ ਅਸਥਾਨਾਂ ਦੀ ਯਾਤਰਾ, ਸਾਧੂਆਂ-ਸੰਤਾਂ ਦੇ ਅੰਧਵਿਸ਼ਵਾਸੀ ਪ੍ਰਵਚਨਾਂ, ਪੂਜਾ-ਪਾਠਾਂ ਆਦਿ ਰਾਹੀਂ ਬਦਲਣ ਨੂੰ ਮਾਨਤਾ ਦੇਣ ਸਮੇਤ ਜਗੀਰੂ ਤੇ ਪੂੰਜੀਪਤੀ ਹਿਤਾਂ ਨੂੰ ਮਹੱਤਤਾ ਦੇਣ ਲੱਗ ਜਾਣ, ਤਾਂ ਸਮਝ ਲਓ ਕਿ ਉਹ ਦੇਸ਼ ਦੀ ਬਰਬਾਦੀ ਦੇ ਰਾਹ ਚੱਲ ਪਏ ਹਨ । ਸਾਡੇ ਦੇਸ਼ ਨੂੰ ਅੱਜਕੱਲ੍ਹ ਇਸੇ ਰਸਤੇ 'ਤੇ ਚਲਾਉਣ ਦੇ ਸਿਰਤੋੜ ਯਤਨ ਹੀ ਨਹੀਂ ਹੋ ਰਹੇ, ਸਗੋਂ ਚਲਾਇਆ ਜਾ ਰਿਹਾ ਹੈ।

ਲੋਕ ਹੀ ਦੇਸ਼ ਹੁੰਦੇ ਹਨ, ਨਾ ਕਿ ਕੁਝ ਕੁ ਸਰਮਾਏਦਾਰ ਜਾਂ ਵੱਡੀਆਂ ਜਗੀਰਾਂ ਵਾਲੇ ਉਹ 'ਮਹਾਨ ਘਰਾਣੇ' , ਜਿਹਨਾਂ ਦੇ ਕਾਰੋਬਾਰ ਦੇਸ਼ ਦੀ ਲੁੱਟ ਨਾਲ ਚਲਦੇ ਹੋਣ, ਜਿਸ ਦੇਸ਼ ਦੀ ਰਾਜਨੀਤੀ ਵਿੱਚ ਲੋਕਾਂ ਨੂੰ ਸਿਰਫ ਵੋਟ ਪਾਉਣ ਤੱਕ ਸੀਮਤ ਕਰਕੇ ਉਹਨਾਂ ਦੀ ਕਿਰਤ ਕੁਝ ਕੁ ਧਨਾਢਾਂ ਨੂੰ ਹੋਰ ਧਨਾਢ ਬਣਾਉਣ ਵਿੱਚ ਲਗਾ ਕੇ ਆਮ ਲੋਕਾਂ ਨੂੰ ਆਪਣੀ ਜ਼ਿੰਦਗੀ ਸੁਧਾਰਨ ਲਈ ਉਪਰੋਕਤ ਅੰਧਵਿਸ਼ਵਾਸੀ ਕਰਮ ਕਾਂਡਾਂ ਵੱਲ ਧੱਕਿਆ ਜਾਂਦਾ ਹੋਵੇ, ਤਾਂ ਅੰਤ ਉਸ ਦੇਸ਼ ਦਾ ਕੀ ਬਣੇਗਾ ? ਜਦੋਂ ਲੋਕਾਂ ਨੂੰ ਆਪਣੀ ਜ਼ਿੰਦਗੀ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਲਈ ਤਾਂ ਬਣਦੇ ਹੱਕ ਮੰਗਣ ਦਾ ਕੋਈ ਅਧਿਕਾਰ ਖੋਹਿਆ ਜਾ ਰਿਹਾ ਹੋਵੇ, ਪਰ ਤੀਰਥ ਯਾਤਰਾ ਕਰਵਾਉਣ ਲਈ ਕਰੋੜਾਂ ਖਰਚ ਦਿੱਤੇ ਜਾਣ, ਤਾਂ ਇਹ ਰਸਤਾ ਦੇਸ਼ ਨੂੰ ਕਿਹੜੇ ਵਿਕਾਸ ਵੱਲ ਲੈ ਕੇ ਜਾਵੇਗਾ? ਰਾਜਨੀਤੀਵਾਨਾਂ ਵੱਲੋਂ ਚਲਾਏ ਜਾ ਰਹੇ ਅਜਿਹੇ ਰਾਜ ਪ੍ਰਬੰਧ ਨੂੰ ਚਲਾਉਣ ਲਈ ਉਹਨਾਂ ਨਾਲ ਭਾਈਵਾਲ ਬਣ ਕੇ ਲੋਕਾਂ ਨੂੰ ਮੂਰਖ ਬਣਾਉਣ ਵਾਲੇ ਭਾਂਤ-ਭਾਂਤ ਦੇ 'ਮਹਾਰਾਜਾ' ਦੀ ਵੱਖਰੀ ਸਲਤਨਤ ਹੈ। ਇਹਨਾਂ ਵਿੱਚ ਚਿੱਟ ਕੱਪੜੀਏ ਬਾਬੇ, ਡੇਰੇਦਾਰ ਮਹਾਂਪੁਰਸ਼, ਨਾਂਗੇ ਸਾਧੂਆਂ ਸਮੇਤ ਹੋਰ ਵੀ ਕਈ ਵੰਨਗੀਆਂ ਹਨ। ਜਦੋਂ ਸਰਕਾਰ ਨਵੀਂ ਬਣਾਈ ਪਾਰਲੀਮੈਂਟ ਦਾ ਉਦਘਾਟਨ ਕਰਨ ਵੇਲੇ ਅਜਿਹੇ ਸਾਧੂਆਂ ਨੂੰ ਜੋ ਦੇਸ਼ ਦੇ ਕਿਰਤੀ ਲੋਕਾਂ ਰਾਹੀਂ ਪੈਦਾ ਕੀਤੇ ਅਨਾਜ ਅਤੇ ਪੈਸੇ ਸਹਾਰੇ ਪਲਦੇ ਹੋਣ, ਨੂੰ ਸਰਕਾਰੀ ਸਨਮਾਨ ਦਿੱਤਾ ਜਾਂਦਾ ਹੋਵੇ ਤਾਂ ਕੀ ਇਸ ਤਰ੍ਹਾਂ ਦੇਸ਼ ਦਾ ਭਵਿੱਖ ਰੌਸ਼ਨ ਹੋ ਸਕਦਾ ਹੈ ? ਦੇਸ਼ ਵਿੱਚ ਜਿੱਥੇ ਕਿਰਤੀ ਲੋਕ ਗਰੀਬੀ, ਬੇਰੋਜ਼ਗਾਰੀ, ਭੁੱਖਮਰੀ , ਭ੍ਰਿਸ਼ਟਾਚਾਰ ਵਰਗੀਆਂ ਵੱਡੀਆਂ ਅਲਾਮਤਾਂ ਕਾਰਨ ਜ਼ਿੰਦਗੀ ਜਿਉਣ ਦੀ ਬਜਾਏ ਸਿਰਫ ਜੂਨੀ ਹੰਡਾਅ ਰਹੇ ਹੋਣ , ਉੱਥੇ ਉਹਨਾਂ ਨੂੰ ਚੰਗੀ ਸਿੱਖਿਆ ਦੇ ਕੇ ਜ਼ਿੰਦਗੀ ਦੇ ਸਹੀ ਮਾਅਨੇ ਸਮਝਾਉਣ ਦੀ ਲੋੜ ਹੁੰਦੀ ਹੈ, ਨਾ ਕਿ ਅੰਧਵਿਸ਼ਵਾਸੀ ਅਡੰਬਰਾਂ ਵੱਲ ਤੋਰਨ ਦੀ । ਦੇਸ਼ ਵਿੱਚ ਅੱਜਕੱਲ੍ਹ ਇੱਕ ਅਜਿਹੇ ਤੀਰਥ 'ਮਹਾਂ ਕੁੰਭ' ਦੀ ਮਹਿਮਾ ਸਰਕਾਰੀ ਤੌਰ 'ਤੇ ਇਸ ਤਰ੍ਹਾਂ ਕੀਤੀ ਜਾਂਦੀ ਰਹੀ ਹੈ , ਜਿਵੇਂ ਇੱਥੇ ਪਹੁੰਚ ਕੇ ਮਨੁੱਖ ਦੇ ਸਭ ਦੁੱਖ ਦਲਿੱਦਰ ਦੂਰ ਹੋ ਜਾਣਗੇ । ਇੱਕ ਬਗੇਸ਼ਵਰ ਵਾਲੇ ਬਾਬੇ ਦੇ ਨਾਂਅ ਨਾਲ ਜਾਣੇ ਜਾਂਦੇ 'ਨੌਜਵਾਨ ਬਾਬੇ' ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਜਿਹੜਾ ਦੇਸ਼ ਵਾਸੀ ਇਸ ਮਹਾਂ-ਕੁੰਭ ਸਮੇਂ ਇੱਥੇ ਇਸ਼ਨਾਨ ਨਹੀਂ ਕਰੇਗਾ, ਉਹ ਦੇਸ਼ ਧਰੋਹੀ ਹੈ। ਧਰਮ ਦੇ ਨਾਂਅ 'ਤੇ ਤੀਰਥ ਇਸ਼ਨਾਨ ਦੀ ਆਸਥਾ ਨੂੰ ਹਿੰਦੂਤਵੀ ਏਜੰਡੇ ਲਈ ਵਰਤਣ ਲਈ ਸਰਕਾਰੀ ਖਜ਼ਾਨੇ 'ਚੋਂ ਅਰਬਾਂ ਰੁਪਏ ਖਰਚੇ ਗਏ, ਪਰ ਆਮ ਲੋਕਾਂ ਲਈ ਤੀਰਥ ਅਸਥਾਨ ਵਿਖੇ ਢੁਕਵੇਂ ਪ੍ਰਬੰਧਾਂ ਦੀ ਬਦਇੰਤਜ਼ਾਮੀ ਕਾਰਨ ਹੋਈ ਭਗਦੜ ਦੌਰਾਨ ਸੈਂਕੜੇ ਲੋਕ ਮਾਰੇ ਗਏ ਅਤੇ ਕਿੰਨੇ ਹੀ ਜ਼ਖਮੀ ਹੋਏ । ਇਸ ਘਟਨਾ ਵਿੱਚ ਮਾਰੇ ਗਿਆਂ ਬਾਰੇ ਇਹ ਕਹਿਣਾ ਕਿ ਉਹਨਾਂ ਨੂੰ ਮੋਕਸ਼ ਦੀ ਪ੍ਰਾਪਤੀ ਹੋ ਗਈ ਹੈ, ਹੋਰ ਵੀ ਘਿਨਾਉਣੀ ਮਾਨਤਾ ਹੈ । ਮੋਕਸ਼ ਪ੍ਰਾਪਤੀ ਨੂੰ ਮਨੁੱਖੀ ਜ਼ਿੰਦਗੀ ਦਾ ਮੁੱਖ ਉਦੇਸ਼ ਹੋਣ ਬਾਰੇ ਸਾਰੇ ਧਰਮਾਂ ਵਿੱਚ ਪ੍ਰਚਾਰਿਆ ਜਾਂਦਾ ਹੈ ਅਤੇ ਅਜਿਹੇ ਤੀਰਥ ਅਸਥਾਨਾਂ 'ਤੇ ਨਹਾਉਣ ਨਾਲ ਪਿਛਲੇ ਪਾਪ ਧੋਤੇ ਜਾਣ ਵਰਗੀਆਂ ਅੰਧਵਿਸ਼ਵਾਸੀ ਮਾਨਤਾਵਾਂ ਵੀ ਪ੍ਰੱਚਲਿਤ ਹਨ । ਜੇਕਰ ਇਸ ਤਰ੍ਹਾਂ ਮਰਨ ਨੂੰ ਮੋਕਸ਼ ਪ੍ਰਾਪਤ ਹੋਣਾ ਮੰਨਿਆ ਜਾਂਦਾ ਹੈ ਤਾਂ ਇਸ ਮੋਕਸ਼ ਦੇ ਨਾਂਅ 'ਤੇ ਲੋਕਾਂ ਨੂੰ ਪ੍ਰਵਚਨ ਸੁਣਾਉਣ ਵਾਲੇ ਖੁਦ ਇਸ ਤਰ੍ਹਾਂ ਮੋਕਸ਼ ਦੀ ਪ੍ਰਾਪਤੀ ਕਿਉਂ ਨਹੀਂ ਕਰ ਲੈਂਦੇ ? ਸਿਰਫ ਲੋਕਾਂ ਨੂੰ ਹੀ ਇਸ ਦੇ ਨਾਂਅ ਹੇਠ ਮੂਰਖ ਕਿਉਂ ਬਣਾਇਆ ਜਾ ਰਿਹਾ ਹੈ ? ਸਮਾਜ ਵਿੱਚ ਵਾਪਰੀ ਜਿਹੜੀ ਆਫਤ ਸਰਕਾਰਾਂ ਅਤੇ 'ਮਹਾਂਪੁਰਸ਼ਾਂ' ਦੀ ਨਲਾਇਕੀ ਦਾ ਸਿੱਟਾ ਹੋਵੇ , ਉਸ ਰਾਹੀਂ ਹੋਏ ਨੁਕਸਾਨ ਦੇ ਭੁਗਤਾਨ ਲਈ ਸਰਕਾਰੀ ਮੰਤਰੀ, ਸੰਤਰੀ, ਪ੍ਰਧਾਨ ਮੰਤਰੀ ਅਤੇ ਹੋਰ ਅਫਸ਼ਰਸਾਹੀ ਸਮੇਤ ਇਹ 'ਮਹਾਂਪੁਰਸ਼' ਅਖਵਾਉਣ ਵਾਲੇ ਜ਼ੁੰਮੇਵਾਰ ਹਨ। ਇਸ ਲਈ ਇਹਨਾਂ ਰਾਹੀਂ ਫੈਲਾਏ ਅੰਧਵਿਸ਼ਵਾਸਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਸਰਕਾਰੀ ਖਜ਼ਾਨੇ 'ਚੋਂ ਕਰਨ ਦੀ ਬਜਾਏ ਇਹਨਾਂ ਦੀ ਨਿੱਜੀ ਸੰਪਤੀ ਵਿੱਚੋਂ ਕਰਨੀ ਬਣਦੀ ਹੈ, ਕਿਉਂਕਿ ਜੇਕਰ ਨਸ਼ਾ ਤਸਕਰਾਂ ਵੱਲੋਂ ਸਮਾਜ ਵਿੱਚ ਨੌਜਵਾਨਾਂ ਨੂੰ ਨਸ਼ੇ 'ਤੇ ਲਾਉਣ ਦੀ ਜ਼ੁੰਮੇਵਾਰੀ ਸਮਝਕੇ, ਇਸ ਕਾਰਨ ਹੋਈਆਂ ਮੌਤਾਂ ਬਦਲੇ ਉਹਨਾਂ ਦੀਆਂ ਸੰਪਤੀਆਂ ਕੁਰਕ ਕੀਤੀਆਂ ਜਾਂ ਢਾਹੀਆਂ ਜਾ ਸਕਦੀਆਂ ਹਨ ਤਾਂ ਜਿਹੜੀਆਂ ਆਫਤਾਂ ਲਈ ਸਰਕਾਰਾਂ ਅਤੇ ਉਹਨਾਂ ਦੀ ਛਤਰ-ਛਾਇਆ ਹੇਠ ਵਧਫੁਲ ਰਹੇ'ਮਹਾਂਪੁਰਸ਼' ਸਿੱਧੇ ਤੌਰ 'ਤੇ ਜ਼ੁੰਮੇਵਾਰ ਹਨ, ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ ਹੋਏ ਨੁਕਸਾਨ ਦੀਆਂ ਭਰਪਾਈਆਂ ਕਿਉਂ ਨਹੀਂ ਹੋ ਰਹੀਆਂ ? ਇਹ ਇਕ ਵੱਡਾ ਸਵਾਲ ਹੈ, ਜਿਸ ਬਾਰੇ ਚਰਚਾ ਕਰਕੇ ਗਲਤ ਕਾਰਗੁਜ਼ਾਰੀ ਨੂੰ ਰੋਕਣ ਲਈ ਅੱਗੇ ਆਉਣਾ ਪਏਗਾ । ਆਸਥਾ ਦੇ ਭਰਮ ਵਿੱਚ ਉਲਝੇ, ਡੁੱਬਕੀ ਲਗਾਉਣ ਵਾਲੇ ਲੋਕਾਂ ਨੇ ਇਸ ਗੱਲ ਵੱਲ ਵੀ ਕੋਈ ਧਿਆਨ ਦੇਣ ਦੀ ਲੋੜ ਨਹੀਂ ਸਮਝੀ ਕਿ ਇਹ ਪਾਣੀ ਨਹਾਉਣ ਯੋਗ ਵੀ ਹੈ ਕਿ ਨਹੀਂ ? ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਅਨੁਸਾਰ ਤਾਂ ਇਹ ਪਾਣੀ ਨਹਾਉਣ ਯੋਗ ਹੀ ਨਹੀਂ, ਕਿਉਂਕਿ ਇਸ ਵਿੱਚ ਮਨੁੱਖੀ ਤੇ ਪਸ਼ੂ ਮਲ-ਮੂਤਰ ਕਾਰਨ ਖਤਰਨਾਕ ਬੈਕਟੀਰੀਆ ਦੇ ਅੰਸ਼ ਵੱਡੀ ਮਾਤਰਾ ਵਿੱਚ ਪਾਏ ਗਏ, ਪਰ ਧਾਰਮਿਕ ਆਸਥਾ ਤਹਿਤ ਲੋਕ ਇਹ ਪਾਣੀ ਪੀਂਦੇ ਵੀ ਰਹੇ। ਸੋ ਬੇਹੱਦ ਗੰਭੀਰਤਾ ਨਾਲ ਸੋਚਣਾ ਬਣਦਾ ਹੈ ਕਿ ਅਜਿਹੀ ਤਰਕਹੀਣ ਆਸਥਾ ਅਤੇ ਲਾਈਲੱਗਤਾ ਬਣਾਈ ਰੱਖਣ ਲਈ ਸਾਡੇ ਦੇਸ਼ ਦਾ ਰਾਜ ਪ੍ਰਬੰਧ ਮਨੁੱਖ ਨੂੰ ਕਿੱਧਰ ਲੈ ਕੇ ਜਾ ਰਿਹਾ ਹੈ ? ਸਾਰੇ ਰਾਜ ਨੇਤਾ ਇੱਕ ਪਾਸੇ ਤਾਂ ਹਰ ਧਰਮ ਦਾ ਸਤਿਕਾਰ ਕਰਨ ਦੀ ਗੱਲ ਕਰਦੇ ਹਨ, ਪਰ ਦੂਜੇ ਪਾਸੇ ਇਹ ਆਪਣੇ ਧਰਮ ਨੂੰ ਦੂਜੇ ਧਰਮ ਤੋਂ ਵੱਧ ਮਹੱਤਤਾ ਦੇ ਕੇ ਨਫਰਤੀ ਭਾਸ਼ਾ ਵਰਤ ਕੇ ਦੰਗੇ-ਫਸਾਦ ਕਰਵਾਉਣ ਦੇ ਵੀ ਜ਼ੁੰਮੇਵਾਰ ਹੁੰਦੇ ਹਨ।

ਦੇਸ ਦੇ ਪ੍ਰਮੁੱਖ ਰਾਜਾਂ ਦਿੱਲੀ, ਗੁਜਰਾਤ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਧਰਮ ਅਧਾਰਤ ਹੋਏ ਅਣਮਨੁੱਖੀ ਦੰਗੇ, ਫਸਾਦਾਂ ਵਰਗੇ ਵਰਤਾਰਿਆਂ ਦੇ ਜ਼ਖਮ ਅੱਜ ਤੱਕ ਵੀ ਦੇਸ਼ ਦੇ ਲੋਕ ਭੁਗਤ ਰਹੇ ਹਨ, ਜਿਹਨਾਂ ਲਈ ਸਿੱਧੇ ਰੂਪ ਵਿੱਚ ਧਰਮਾਂ ਦੀ ਰਾਜਨੀਤੀ ਕਰਨ ਵਾਲੇ ਨੇਤਾ ਅਤੇ ਇਹਨਾਂ ਲਈ ਵੋਟ ਬੈਂਕ ਬਣੇ ਤਰ੍ਹਾਂ-ਤਰ੍ਹਾਂ ਦੇ ਸਫੈਦਪੋਸ਼ ਅਤੇ ਭਗਵਾਂਧਾਰੀ ਦੋਵੇਂ ਤਰ੍ਹਾਂ ਦੇ ਡੇਰੇ ਜ਼ੁੰਮੇਵਾਰ ਹਨ। ਹੁਣੇ-ਹੁਣੇ ਪੰਜਾਬ ਦੇ ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਮੰਦਰਾਂ, ਮਸਜਿਦਾਂ ਦੀ ਭੰਨਤੋੜ ਵਿੱਚ ਧਰਮਾਂ ਨੂੰ ਵਰਤ ਕੇ ਲੋਕਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਹਟਾ ਕੇ ਇਕ ਦੂਜੇ ਦੇ ਦੁਸ਼ਮਣ ਬਣਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਹੋਲੀ ਅਤੇ ਹੋਲਾ ਮਹੱਲਾ ਵਰਗੇ ਧਰਮ ਅਧਾਰਤ ਤਿਉਹਾਰ ਮੌਕੇ, ਦਿਸ਼ਾਹੀਣ ਹੁੱਲੜਬਾਜ਼ਾਂ ਵੱਲੋਂ ਧਰਮ ਦੇ ਨਾਂਅ ਹੇਠ ਕੀਤੀਆਂ ਖਰਮਸਤੀਆਂ ਨਾਲ ਲਲਕਾਰੇ ਮਾਰਦਿਆਂ ਅਤੇ ਆਪਹੁਦਰੀ ਦਾ ਵਿਖਾਵਾ ਕਰਦੀਆਂ ਭੀੜਾਂ ਨੂੰ ਸੋਸ਼ਲ ਮੀਡੀਆ ਰਾਹੀਂ ਸਭ ਨੇ ਵੇਖਿਆ। ਜਿਸ ਦੇਸ਼ ਵਿੱਚ ਨੌਜਵਾਨੀ ਰੋਜ਼ਗਾਰ ਦੀ ਭਾਲ ਵਿੱਚ ਆਪਣਾ ਦੇਸ਼ਛੱਡਣ ਨੂੰ ਪਹਿਲ ਦਿੰਦੀ ਹੋਵੇ ਅਤੇ ਆਪਣੀਆਂ ਜਾਨਾਂ ਦੀ ਵੀ ਪ੍ਰਵਾਹ ਕਰੇ ਬਿਨਾਂ ਵਿਦੇਸ਼ ਪਹੁੰਚਣ ਲਈ ਬਰਬਾਦ ਹੋ ਰਹੀ ਹੋਵੇ, ਤਾਂ ਕੀ ਅਜਿਹੇ ਦੇਸ਼ ਨੂੰ 'ਵਿਸ਼ਵ ਗੁਰੂ' ਕਹਾਉਣ ਵੱਲ ਵਿਕਾਸ ਕਰਦਾ ਕਹੋਗੇ ? ਦੇਸ਼ ਦੀ ਜੁਆਨੀ ਨੂੰ ਜਦੋਂ ਆਪਣੇ ਦੇਸ਼ ਵਿੱਚ ਆਪਣਾ ਭਵਿੱਖ ਹਨੇਰਾ ਨਜ਼ਰ ਆਣ ਲੱਗੇ ਤਾਂ ਉਹ ਭਵਿੱਖ ਨੂੰ ਉੱਜਲ ਬਣਾਉਣ ਲਈ ਕਿਸੇ ਵੀ ਜਾਇਜ਼-ਨਾਜਾਇਜ਼ ਢੰਗ ਦੁਆਰਾ ਆਪਣਾ ਦੇਸ਼ , ਮਾਂ-ਬਾਪ, ਭੈਣ-ਭਰਾ ਛੱਡਣ ਦਾ ਕੌੜਾ ਘੁੱਟ ਨਾ ਭਰੇ ਤਾਂ ਹੋਰ ਕੀ ਕਰੇ ? ਕੀ ਇਹ ਵਰਤਾਰੇ ਰਾਜ ਪ੍ਰਬੰਧ ਚਲਾਉਣ ਵਾਲਿਆਂ ਦੀ ਨਾਕਾਮੀ ਦਾ ਸਿੱਟਾ ਨਹੀਂ ? ਉਹਨਾਂ ਨੂੰ ਨਸ਼ਿਆਂ ਅਤੇ ਖੁਦਕੁਸ਼ੀਆਂ ਰਾਹੀਂ ਆਪਣੀਆਂ ਅਤੇ ਆਪਣੇ ਪਰਵਾਰਾਂ ਦੀਆਂ ਜ਼ਿੰਦਗੀਆਂ ਬਰਬਾਦ ਕਰਨ ਦੇ ਰਾਹ ਤੋਰਨ ਲਈ ਕੀ ਅਜਿਹਾ ਰਾਜ ਪ੍ਰਬੰਧ ਚਲਾਉਣ ਵਾਲੇ ਜ਼ੁੰਮੇਵਾਰ ਨਹੀਂ ? ਜਿਸ ਦੇਸ਼ ਦੇ ਅੱਧੋਂ ਵੱਧ (80 ਕਰੋੜ) ਲੋਕ 5 ਕਿੱਲੋ ਸਰਕਾਰੀ ਅਨਾਜ 'ਤੇ ਗੁਜ਼ਾਰਾ ਕਰਨ ਲਈ ਮਜਬੂਰ ਹੋਣ, ਪਰ ਦੂਜੇ ਪਾਸੇ ਇਸੇ ਪ੍ਰਬੰਧ ਹੇਠ ਵੱਡੇ-ਵੱਡੇ ਕਾਰਪੋਰੇਟਾਂ ਦੀ ਆਮਦਨ ਦਿਨੋ-ਦਿਨ ਅਸਮਾਨ ਛੂਹਣ ਵੱਲ ਵਧ ਰਹੀ ਹੋਵੇ, ਤਾਂ ਸਪੱਸ਼ਟ ਹੈ ਕਿ 5 ਟ੍ਰਿਲੀਅਨ ਆਰਥਿਕਤਾ ਦੇਸ਼ ਦੀ ਨਹੀਂ, ਸਗੋਂ ਇਹਨਾਂ ਕਾਰਪੋਰੇਟਾਂ ਦੀ ਕਰਨ ਦਾ ਸਰਕਾਰੀ ਟੀਚਾ ਸਮਝਿਆ ਜਾਣਾ ਚਾਹੀਦਾ ਹੈ । ਦੁੱਖ ਇਸ ਗੱਲ ਦਾ ਹੈ ਕਿ ਸਾਡੀ ਜਨਤਾ ਭਾਵੇਂ ਕਾਰਪੋਰੇਟਾਂ ਦੇ ਨਾਂਅ ਤੋਂ ਤਾਂ ਕਿਸਾਨੀ ਮੋਰਚੇ ਰਾਹੀਂ ਜਾਣੂ ਹੋ ਗਈ ਹੈ, ਪਰ ਅਜੇ ਵੀ ਪੜ੍ਹ ਲਿਖਣ ਦੇ ਬਾਵਜੂਦ ਅੰਧਵਿਸ਼ਵਾਸੀ ਆਸਥਾ ਦੇ ਪ੍ਰਭਾਵਾਂ ਹੇਠ ਅਨਪੜ੍ਹ ਬਣੀ ਹੋਈ ਹੈ , ਜਿਸ ਨੂੰ ਕੋਈ ਵੀ ਐਰਾ-ਗੈਰਾ ਭਗਵਾਂਧਾਰੀ ਸਿਆਸਤਦਾਨ ਅਤੇ ਕਿਸਮਤ ਬਦਲਣ ਦੇ ਪੀੜ੍ਹੀ ਦਰ ਪੀੜ੍ਹੀ ਚਲਦੇ ਨੁਸਖੇ ਦੱਸ ਕੇ ਲੁੱਟਣ ਵਾਲੇ, ਜੋਤਸ਼ੀ ਅਤੇ ਹੋਰ ਅਖੌਤੀ ਕਰਾਮਾਤੀ ਦਾਅਵੇਦਾਰ ਆਪਣੇ ਪਿੱਛੇ ਤੋਰਨ ਵਿੱਚ ਸਫਲ ਹੋ ਰਹੇ ਹਨ । ਦੇਸ਼ ਦਾ ਬੇੜਾ ਡੋਬਣ ਵੱਲ ਵਧਦੇ ਇਹਨਾਂ ਵਰਤਾਰਿਆਂ ਨੂੰ ਗੰਭੀਰਤਾ ਨਾਲ ਲੈਣ ਦੀ ਬੇਹੱਦ ਲੋੜ ਹੈ । 'ਪਰਲੋਕ' ਸੁਧਾਰਨ ਦੀ ਝੂਠੀ ਮਾਨਸਿਕਤਾ ਵਿੱਚ ਫਸੇ ਲੋਕਾਂ ਨੂੰ ਸਿਖਿਅਤ ਕਰਕੇ ਸਹੀ ਸੇਧ ਦੇਣ ਲਈ ਵਿਗਿਆਨਕ ਨਜ਼ਰੀਆ ਵਿਕਸਤ ਕਰਨ ਲਈ ਸੰਵਿਧਾਨ ਵਿੱਚ ਦਰਜ ਧਾਰਾ 51 ਸਰਕਾਰ ਦੀ ਜ਼ੁੰਮੇਵਾਰੀ ਤਹਿ ਕਰਦੀ ਹੈ, ਪਰ ਸਰਕਾਰ ਵੱਲੋਂ ਇਹ ਜ਼ੁੰਮੇਵਾਰੀ ਨਿਭਾਉਣ ਦੀ ਬਜਾਏ ਇਸ ਧਾਰਾ ਦੀ ਉਲੰਘਣਾ ਕਰਕੇ ਅੰਧਵਿਸ਼ਵਾਸ ਫੈਲਾਉਣ ਵਾਲਿਆਂ ਦੀ ਪਿੱਠ ਥੱਪ-ਥਪਾਈ ਜਾ ਰਹੀ ਹੈ । ਇਸ ਲਈ ਦੇਸ਼ ਪ੍ਰਤੀ ਸੰਜੀਦਗੀ ਨਾਲ ਵਿਚਾਰਨ ਵਾਲੇ ਲੋਕਾਂ ਨੂੰ ਅੱਗੇ ਆ ਕੇ ਸੰਵਿਧਾਨ ਅਨੁਸਾਰ ਹਰ ਤਰ੍ਹਾਂ ਦੀ ਗੈਰ-ਵਿਗਿਆਨਕ ਆਸਥਾ ਦਾ ਖੰਡਨ ਕਰਨ ਲਈ ਜਥੇਬੰਦਕ ਕਦਮ ਚੁੱਕਣ ਦੀ ਬਹੁਤ ਜ਼ਰੂਰੀ ਲੋੜ ਹੈ ।

**# ਸੰਪਰਕ : 98151-69825**

# ਬੇਲਗਾਮ ਬਾਜ਼ਾਰ, ਖਪਤਕਾਰ ਬੇਜ਼ਾਰ !

**ਅਰੁਣ ਕੁਮਾਰ ਕੈਹਰਬਾ**

ਸੱਭਿਅਤਾ ਦੇ ਵਿਕਾਸ ਦੇ ਨਾਲ-ਨਾਲ ਬਾਜਾਰ ਨੇ ਇੱਕ ਵੱਡੀ ਸ਼ਕਤੀ ਦਾ ਰੂਪ ਧਾਰਨ ਕਰ ਲਿਆ ਹੈ। ਖਾਸ ਕਰਕੇ ਪੂੰਜੀਵਾਦੀ ਪ੍ਰਣਾਲੀ ਵਿੱਚ, ਬਾਜ਼ਾਰ ਆਪਣੇ ਜ਼ਾਲਮ ਅਤੇ ਸ਼ੋਸ਼ਣਕਾਰੀ ਰੂਪ ਵਿੱਚ ਪ੍ਰਗਟ ਹੁੰਦਾ ਹੈ। ਇੱਕ ਸ਼ਕਤੀ ਦੇ ਰੂਪ ਵਿੱਚ ਇਹ ਮਨੁੱਖਾਂ ਨੂੰ ਆਪਣੀ ਮਨੁੱਖਤਾ ਭੁੱਲਣ ਅਤੇ ਖਪਤਕਾਰਾਂ ਦਾ ਰੂਪ ਅਪਣਾਉਣ ਦੀ ਕੋਸ਼ਿਸ਼ ਕਰਦੀ ਹੈ। ਅਜਿਹੇ ਖਪਤਕਾਰ ਜਿਨ੍ਹਾਂ ਲਈ ਤਰਜੀਹ ਬਾਜ਼ਾਰ ਵਿੱਚ ਵੇਚੇ ਜਾ ਰਹੇ ਉਤਪਾਦਾਂ ਨੂੰ ਪ੍ਰਾਪਤ ਕਰਨਾ ਅਤੇ ਖਪਤ ਕਰਨਾ ਹੈ। ਖਪਤਕਾਰ ਸੱਭਿਆਚਾਰ ਪੂੰਜੀਵਾਦੀ ਪ੍ਰਣਾਲੀ ਦੇ ਤਰਕਸ਼ ਵਿੱਚ ਇੱਕ ਤੀਰ ਵਾਂਗ ਕੰਮ ਕਰਦਾ ਹੈ। ਇੱਕ ਪਾਸੇ, ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਦੇ ਨਾਂਅ 'ਤੇ ਵਿੱਤੀ ਪੂੰਜੀ ਨੂੰ ਅਸਮਿਤ ਆਜ਼ਾਦੀ ਪ੍ਰਦਾਨ ਕੀਤੀ ਜਾਂਦੀ ਹੈ, ਦੂਜੇ ਪਾਸੇ ਜਿਊਣ ਲਈ ਖਾਣ ਦੇ ਵਿਚਾਰ ਨੂੰ ਉਲਟਾ ਦਿੱਤਾ ਜਾਂਦਾ ਹੈ ਅਤੇ ਖਾਣ ਲਈ ਜੀਣਾ ਮਨੁੱਖੀ ਜੀਵਨ ਦਾ ਉਦੇਸ਼ ਬਣ ਜਾਂਦਾ ਹੈ। ਇੱਕ ਰਾਜਨੀਤਿਕ, ਆਰਥਿਕ ਪ੍ਰਣਾਲੀ ਵਿੱਚ ਜੋ ਵੱਡੀ ਪੂੰਜੀ ਨੂੰ ਕੇਂਦਰੀ ਮਹੱਤਵ ਦਿੰਦੀ ਹੈ, ਖਪਤਕਾਰਾਂ ਦੇ ਅਧਿਕਾਰ ਲਾਜ਼ਮੀ ਤੌਰ 'ਤੇ ਹਾਸ਼ੀਏ 'ਤੇ ਧੱਕ ਦਿੱਤੇ ਜਾਂਦੇ ਹਨ। ਖਪਤਕਾਰਾਂ ਨੂੰ ਖੁੱਲ੍ਹੇ ਬਾਜ਼ਾਰ ਵੱਲੋਂ ਪ੍ਰੋਤਸਾਹਨ ਦਿੱਤੇ ਜਾਂਦੇ ਹਨ। ਇਹ ਖਪਤਕਾਰਾਂ ਨੂੰ ਫਸਾਉਣ, ਵੱਧ ਤੋਂ ਵੱਧ ਮੁਨਾਫਾ ਕਮਾਉਣ ਅਤੇ ਵਾਧੂ ਸਾਮਾਨ ਦੇ ਨਿਪਟਾਰੇ ਲਈ ਕੀਤਾ ਜਾਂਦਾ ਹੈ। ਅਜਿਹੀਆਂ ਗੁੰਝਲਦਾਰ ਸਥਿਤੀਆਂ ਵਿੱਚ ਹੀ ਵਿਸ਼ਵ ਖਪਤਕਾਰ ਦਿਵਸ ਵਰਗੇ ਜਾਗਰੂਕਤਾ ਦਿਵਸ ਦੀ ਸਾਰਥਿਕਤਾ ਨੂੰ ਸਮਝਿਆ ਜਾ ਸਕਦਾ ਹੈ।

ਖਪਤਕਾਰ ਲਹਿਰ ਅਮਰੀਕਾ ਵਿੱਚ ਸ਼ੁਰੂ ਹੋਈ। 15 ਮਾਰਚ, 1962 ਨੂੰ ਅਮਰੀਕੀ ਰਾਸ਼ਟਰਪਤੀ ਜੌਨ ਐੱਫ. ਕੈਨੇਡੀ ਨੇ ਖਪਤਕਾਰ ਅਧਿਕਾਰਾਂ 'ਤੇ ਕਾਂਗਰਸ ਨੂੰ ਇੱਕ ਸ਼ਕਤੀਸ਼ਾਲੀ ਭਾਸ਼ਣ ਦਿੱਤਾ। 15 ਮਾਰਚ ਨੂੰ ਪਹਿਲੀ ਵਾਰ 1983 ਵਿੱਚ ਕੰਜ਼ਿਊਮਰਜ਼ ਇੰਟਰਨੈਸ਼ਨਲ ਦੁਆਰਾ ਅੰਤਰਰਾਸ਼ਟਰੀ ਖਪਤਕਾਰ ਅਧਿਕਾਰ ਦਿਵਸ ਵਜੋਂ ਮਨਾਇਆ ਗਿਆ ਸੀ। ਭਾਰਤ ਵਿੱਚ ਖਪਤਕਾਰ ਸੁਰੱਖਿਆ ਐਕਟ 1986 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਪਹਿਲਕਦਮੀ 'ਤੇ ਲਾਗੂ ਹੋਇਆ ਸੀ। ਬਾਅਦ ਵਿੱਚ ਇਸ ਨੂੰ ਖਪਤਕਾਰ ਸੁਰੱਖਿਆ ਐਕਟ, 2019 ਦੁਆਰਾ ਬਦਲ ਦਿੱਤਾ ਗਿਆ। ਇਸ ਐਕਟ ਦੇ ਅਨੁਸਾਰ ਖਪਤਕਾਰ ਨੂੰ ਆਪਣੀ ਪਸੰਦ ਦੀਆਂ ਸੁਰੱਖਿਅਤ ਵਸਤਾਂ ਅਤੇ ਸੇਵਾਵਾਂ, ਸ਼ਿਕਾਇਤਾਂ ਦੀ ਸੁਣਵਾਈ ਅਤੇ ਨਿਪਟਾਰੇ ਅਤੇ ਨਕਲੀ ਜਾਂ ਗੁੰਮਰਾਹਕੁੰਨ ਇਸ਼ਤਿਹਾਰਾਂ 'ਤੇ ਨਿਯੰਤਰਣ ਦਾ ਅਧਿਕਾਰ ਹੈ। ਇਸ ਵਿੱਚ ਆਨਲਾਈਨ ਖਰੀਦਦਾਰੀ ਕਰਦੇ ਸਮੇਂ ਵੀ ਖਪਤਕਾਰਾਂ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਐਕਟ ਦੇ ਤਹਿਤ ਜ਼ਿਲ੍ਹਾ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਖਪਤਕਾਰ ਵਿਵਾਦ ਨਿਵਾਰਨ ਕਮਿਸ਼ਨਾਂ ਦਾ ਗਠਨ ਕੀਤਾ ਗਿਆ ਹੈ।

ਖਪਤਕਾਰ ਸੁਰੱਖਿਆ ਕਾਨੂੰਨ ਦੇ ਬਾਵਜੂਦ, ਅਸਲ ਵਿੱਚ ਬਾਜ਼ਾਰ ਇੱਕ ਵੱਡੀ ਸ਼ਕਤੀ ਹੈ, ਜਿਸ ਵਿੱਚ ਖਪਤਕਾਰ ਜਮ੍ਹਾਂਖੋਰੀ, ਕਾਲਾਬਾਜ਼ਾਰੀ, ਮਿਲਾਵਟਖੋਰੀ, ਘਟੀਆ ਉਤਪਾਦਾਂ ਦੀ ਵਿਕਰੀ, ਉੱਚ ਕੀਮਤਾਂ, ਗਰੰਟੀ ਤੋਂ ਬਾਅਦ ਸੇਵਾ ਦਾ ਪ੍ਰਬੰਧ ਨਾ ਕਰਨਾ, ਧੋਖਾਧੜੀ ਅਤੇ ਘੱਟ ਮਾਪ ਵਰਗੀਆਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਕਈ ਵਾਰ ਘਾਤਕ ਹੁੰਦੀ ਹੈ ਅਤੇ ਕਈ ਵਾਰ ਇਹ ਹੌਲੀ-ਹੌਲੀ ਕੰਮ ਕਰਨ ਵਾਲਾ ਜ਼ਹਿਰ ਹੁੰਦਾ ਹੈ। ਯੂਰੀਆ ਅਤੇ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਕਰਕੇ ਜੀਵਨਦਾਇਕ ਦੁੱਧ ਵੀ ਨਕਲੀ ਤੌਰ 'ਤੇ ਬਣਾਇਆ ਜਾ ਰਿਹਾ ਹੈ। ਘਿਓ ਅਤੇ ਤੇਲ ਵਿੱਚ ਮਿਲਾਵਟ ਹੋ ਰਹੀ ਹੈ। ਜਨਤਕ ਵੰਡ ਪ੍ਰਣਾਲੀ ਅਧੀਨ ਖੁੱਲ੍ਹੀਆਂ ਸਸਤੇ ਰਾਸ਼ਨ ਦੀਆਂ ਦੁਕਾਨਾਂ 'ਤੇ ਖਰਾਬ ਕਣਕ ਵੇਚੀ ਜਾਂਦੀ ਹੈ ਅਤੇ ਕਈ ਵਾਰ ਕੰਕਰਾਂ ਵਾਲੀਆਂ ਦਾਲਾਂ ਵੀ ਵੇਚੀਆਂ ਜਾਂਦੀਆਂ ਹਨ। ਕਾਲਾਬਾਜ਼ਾਰੀ ਕਾਰਨ ਵੰਡ ਪ੍ਰਣਾਲੀ ਵੀ ਅਸਫਲ ਹੋ ਰਹੀ ਹੈ। ਸਰਕਾਰੀ ਪ੍ਰਵਾਨਗੀ ਨਾਲ ਆਉਣ ਵਾਲੀਆਂ ਬੀਮਾ ਕੰਪਨੀਆਂ ਲੋਕਾਂ ਦੀ ਮਿਹਨਤ ਦੀ ਕਮਾਈ ਨੂੰ ਠੱਗਣ ਤੋਂ ਬਾਅਦ ਗਾਇਬ ਹੋ ਜਾਂਦੀਆਂ ਹਨ। ਮਾਨਤਾ ਪ੍ਰਾਪਤ ਨਿੱਜੀ ਸਿੱਖਿਆ ਸੰਸਥਾਵਾਂ ਵਿੱਚ ਨਾ ਤਾਂ ਪੂਰਾ ਸਟਾਫ ਹੈ ਅਤੇ ਨਾ ਹੀ ਹੋਰ ਸਹੂਲਤਾਂ। ਨਿੱਜੀਕਰਨ ਕਾਰਨ ਸਿੱਖਿਆ ਦੇ ਨਾਂਅ 'ਤੇ ਡਿਗਰੀਆਂ ਬਾਜਾਰ ਵਿੱਚ ਵਿਕਣ ਲੱਗ ਪਈਆਂ ਹਨ।

ਜਦੋਂ ਤੋਂ ਸਰਕਾਰ ਨੇ ਲੋਕ ਭਲਾਈ ਨੀਤੀਆਂ ਨੂੰ ਤਿਆਗ ਦਿੱਤਾ ਹੈ ਅਤੇ ਅਖੌਤੀ ਉਦਾਰਵਾਦੀ ਨੀਤੀਆਂ ਅਪਣਾਈਆਂ ਹਨ, ਖਪਤਕਾਰ ਅਧਿਕਾਰਾਂ ਦੀ ਉਲੰਘਣਾ ਹੋਰ ਵਧ ਗਈ ਹੈ। ਅੰਤਰਰਾਸ਼ਟਰੀ ਕੰਪਨੀਆਂ ਵੱਲੋਂ ਕਿਰਤ ਕਾਨੂੰਨਾਂ ਦੀ ਸਰੇਆਮ ਉਲੰਘਣਾ ਕੀਤੀ ਜਾ ਰਹੀ ਹੈ ਅਤੇ ਅੰਨ੍ਹੇਵਾਹ ਇਸ਼ਤਿਹਾਰਬਾਜ਼ੀ ਰਾਹੀਂ ਲਾਗਤ ਤੋਂ ਕਿਤੇ ਵੱਧ ਕੀਮਤਾਂ 'ਤੇ ਚੀਜ਼ਾਂ ਵੇਚ ਕੇ ਮੁਨਾਫਾ ਕਮਾਇਆ ਜਾ ਰਿਹਾ ਹੈ। ਖਪਤਕਾਰਾਂ ਵਿੱਚ ਜਾਗਰੂਕਤਾ ਮਹੱਤਵਪੂਰਨ ਹੈ, ਪਰ ਇਹ ਜਾਗਰੂਕਤਾ ਸਿਰਫ ਰਿਕਸ਼ਾ ਚਾਲਕਾਂ ਨਾਲ ਸੌਦੇਬਾਜ਼ੀ ਤੱਕ ਸੀਮਤ ਨਹੀਂ ਹੋਣੀ ਚਾਹੀਦੀ। ਖਪਤਕਾਰ ਅਧਿਕਾਰਾਂ ਦੇ ਕਈ ਪਹਿਲੂ ਹਨ। ਖਪਤਕਾਰਾਂ ਦੇ ਵਿਆਪਕ ਵਾਤਾਵਰਣ ਸੁਰੱਖਿਆ ਹਿੱਤਾਂ ਨੂੰ ਵੀ ਬਾਜ਼ਾਰ ਦੁਆਰਾ ਸਪੱਸ਼ਟ ਤੌਰ 'ਤੇ ਅਣਦੇਖਾ ਕੀਤਾ ਜਾਂਦਾ ਹੈ।

ਸਾਲ 2025 ਲਈ ਖਪਤਕਾਰ ਦਿਵਸ ਦਾ ਥੀਮ 'ਸਿਰਫ ਟਿਕਾਊ ਜੀਵਨ ਸ਼ੈਲੀ ਵੱਲ ਤਬਦੀਲੀ ਰੱਖਿਆ ਗਿਆ ਹੈ। ਇਹ ਇੱਕ ਅਜਿਹਾ ਵਿਚਾਰ ਹੈ, ਜੋ ਵਾਤਾਵਰਣ ਸਥਿਰਤਾ, ਸਮਾਜਿਕ ਨਿਆਂ ਅਤੇ ਆਰਥਿਕ ਸਮਾਵੇਸ ਨੂੰ ਇਕੱਠੇ ਸੰਤੁਲਿਤ ਕਰਨ 'ਤੇ ਕੇਂਦਰਤ ਹੈ। ਪਿਛਲੇ ਕਈ ਸਾਲਾਂ ਤੋਂ ਦੁਨੀਆ ਕਈ ਵਾਤਾਵਰਣਕ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਜਿਸ ਵਿੱਚ ਰਿਕਾਰਡ-ਤੋੜ ਤਾਪਮਾਨ, ਗੰਭੀਰ ਮੌਸਮੀ ਘਟਨਾਵਾਂ ਅਤੇ ਜੈਵ ਵਿਭਿੰਨਤਾ ਦਾ ਵਧਦਾ ਨੁਕਸਾਨ ਸ਼ਾਮਲ ਹੈ। ਜਲਵਾਯੂ ਪਰਿਵਰਤਨ, ਜੈਵ ਵਿਭਿੰਨਤਾ ਦੇ ਨੁਕਸਾਨ ਅਤੇ ਪ੍ਰਦੂਸ਼ਣ ਦੇ ਆਪਸ ਵਿੱਚ ਜੁੜੇ ਸੰਕਟਾਂ ਨੂੰ ਹੱਲ ਕਰਨ ਲਈ ਟਿਕਾਊ ਜੀਵਨ ਸ਼ੈਲੀ ਬਹੁਤ ਜ਼ਰੂਰੀ ਹੈ। ਇਹ ਸਿਰਫ ਵਾਤਾਵਰਣ ਸੰਬੰਧੀ ਚਿੰਤਾਵਾਂ ਨਹੀਂ ਹਨ, ਸਗੋਂ ਆਰਥਿਕ ਅਤੇ ਸਮਾਜਿਕ ਮੁੱਦੇ ਵੀ ਹਨ, ਜੋ ਦੁਨੀਆ ਭਰ ਦੇ ਭਾਈਚਾਰਿਆਂ ਨੂੰ ਪ੍ਰਭਾਵਤ ਕਰਦੇ ਹਨ। ਇੱਕ ਨਿਆਂਪੂਰਨ ਤਬਦੀਲੀ ਇਹ ਯਕੀਨੀ ਬਣਾਉਂਦੀ ਹੈ ਕਿ ਟਿਕਾਊ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਅਤੇ ਜ਼ਰੂਰਤਾਂ ਨੂੰ ਬਣਾਈ ਰੱਖਣ, ਕਠਿਨਾਈਆਂ ਥੋਪਣ ਦੀ ਬਜਾਏ ਇਹ ਸਮਾਵੇਸ਼ੀ ਤਰੱਕੀ ਦੇ ਮੌਕੇ ਪ੍ਰਦਾਨ ਕਰਦਾ ਹੈ ਅਤੇ ਨਾਲ ਹੀ ਅਜਿਹੇ ਹੱਲ ਵੀ ਪ੍ਰਦਾਨ ਕਰਦਾ ਹੈ, ਜੋ ਲੋਕਾਂ ਅਤੇ ਗ੍ਰਹਿ ਦੋਵਾਂ ਨੂੰ ਲਾਭ ਪਹੁੰਚਾਉਂਦੇ ਹਨ। ਇਸ ਸਾਲ ਦਾ ਥੀਮ ਇੱਕ ਟਿਕਾਊ ਜੀਵਨ ਸ਼ੈਲੀ ਪ੍ਰਾਪਤ ਕਰਨ ਲਈ ਲੋੜੀਂਦੇ ਮਾਰਗਾਂ ਨੂੰ ਉਜਾਗਰ ਕਰਦਾ ਹੈ ਅਤੇ ਦੁਨੀਆ ਭਰ ਵਿੱਚ ਮਜ਼ਬੂਤ ਖਪਤਕਾਰ ਸੁਰੱਖਿਆ ਅਤੇ ਸ਼ਸ਼ਕਤੀਕਰਨ ਦੀ ਮੰਗ ਕਰਦਾ ਹੈ।

**# ਸੰਪਰਕ : 94662-20145**

# ਕੁਲ ਹਿੰਦ ਕਿਸਾਨ ਸਭਾ ਦੀ 31ਵੀਂ ਸੂਬਾਈ ਕਾਨਫਰੰਸ ਦੀ ਗੱਲ ਕਰਦਿਆਂ

**ਗਿਆਨ ਸੈਦਪੁਰੀ**

ਕੁਲ ਹਿੰਦ ਕਿਸਾਨ ਸਭਾ ਦੀ ਪੰਜਾਬ ਇਕਾਈ ਦੀ ਸੂਬਾਈ ਕਾਨਫਰੰਸ ਮਾਝੇ ਦੀ ਇਤਿਹਾਸਿਕ ਧਰਤੀ ਤਰਨ ਤਾਰਨ ਵਿੱਚ 20, 21 ਮਾਰਚ ਨੂੰ ਹੋਈ। ਇਹ ਕਾਨਫਰੰਸ ਉਸ ਮੌਕੇ ਹੋਈ, ਜਦੋਂ ਕਿਸਾਨੀ ਮੁਸ਼ਕਲਾਂ ਦੇ ਹੱਲ ਦੀ ਪਹਿਲਕਦਮੀ ਦੀ ਬਜਾਏ ਕਿਸਾਨੀ ਸੰਘਰਸ਼ ਪ੍ਰਤੀ ਸਰਕਾਰਾਂ ਵੱਲੋਂ ਦਮਨ ਦੀ ਨੀਤੀ ਅਪਣਾਈ ਹੋਈ ਹੈ। ਸਰਕਾਰ ਭਾਵੇਂ ਕੇਂਦਰ ਦੀ ਹੋਵੇ ਜਾਂ ਸੂਬੇ ਦੀ, ਕਿਸਾਨੀ ਦੇ ਮਾਮਲੇ ਵਿੱਚ ਦੋਵਾਂ ਦਾ ਵਤੀਰਾ ਗੈਰ ਜ਼ਿੰਮੇਵਾਰਾਨਾ ਹੈ। ਇਸ ਲਈ ਸੂਬਾਈ ਕਾਨਫਰੰਸ ਵਧੇਰੇ ਮਹੱਤਵਪੂਰਨ ਹੈ। ਤਰਨ ਤਾਰਨ ਕਾਨਫਰੰਸ ਤੋਂ ਪਹਿਲੀ ਕਾਨਫਰੰਸ 17- 18 ਫਰਵਰੀ 2016 ਨੂੰ ਜ਼ੀਰਾ ਵਿਖੇ ਹੋਈ ਸੀ। ਇਸ ਸਮੇਂ ਦੌਰਾਨ ਕਈ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਹਨ।

31ਵੀਂ ਸੂਬਾਈ ਕਾਨਫਰੰਸ ਦੀ ਸ਼ੁਰੂਆਤ ਝੰਡਾ ਲਹਿਰਾਉਣ ਦੀ ਰਸਮ ਨਾਲ ਹੋਈ। ਇਹ ਮਾਣਮੱਤੀ ਰਸਮ ਕਾਮਰੇਡ ਭੁਪਿੰਦਰ ਸਾਂਬਰ ਦੇ ਹਿੱਸੇ ਆਈ। ਇਸ ਮੌਕੇ ਕਿਸਾਨ ਅੰਦੋਲਨ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਜਾਨਾਂ ਵਾਰ ਗਏ ਕਿਸਾਨਾਂ ਦੀ ਯਾਦ ਵਿੱਚ ਬਣਾਈ ਗਈ ਸ਼ਹੀਦੀ ਲਾਟ 'ਤੇ ਫੁੱਲ ਅਰਪਣ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।

'ਸੰਤ ਬਾਬਾ ਵਿਸਾਖਾ ਸਿੰਘ ਦਦੇਹਰ ਨਗਰ' ਵਿੱਚ 'ਦੇਸ਼ ਭਗਤ ਬਾਬਾ ਅਰਜਣ ਸਿੰਘ ਗੜਗੱਜ ਹਾਲ' ਵਿੱਚ ਕੁਲ ਹਿੰਦ ਕਿਸਾਨ ਸਭਾ ਦੇ ਕੌਮੀ ਪ੍ਰਧਾਨ ਰਾਜਨ ਕਸੀਰ ਸਾਗਰ ਨੇ ਕਾਨਫਰੰਸ ਦਾ ਉਦਘਾਟਨ ਕੀਤਾ। ਉਦਘਾਟਨੀ ਤਕਰੀਰ ਵਿੱਚ ਸਾਥੀ ਸਾਗਰ ਨੇ ਕੁਲ ਹਿੰਦ ਕਿਸਾਨ ਸਭਾ ਵੱਲੋਂ ਨਿਭਾਈ ਗਈ ਸ਼ਾਨਦਾਰ ਭੂਮਿਕਾ ਦਾ ਵਰਣਨ ਕੀਤਾ। ਇਸ ਮੌਕੇ ਉਨ੍ਹਾਂ ਸਰਕਾਰਾਂ ਦੇ ਕਿਸਾਨ ਵਿਰੋਧੀ ਵਤੀਰੇ ਦਾ ਵਿਸਥਾਰ ਨਾਲ ਵਰਣਨ ਕਰਦਿਆਂ ਕਿਸਾਨੀ ਕਿੱਤੇ ਦੇ ਮਹੱਤਵ ਦੀ ਗੱਲ ਵੀ ਕੀਤੀ ਤੇ ਇਸ ਕਿੱਤੇ ਨੂੰ ਲਾਹੇਵੰਦ ਬਣਾਉਣ ਦੀਆਂ ਤਰਕੀਬਾਂ ਬਣਾਉਣ ਲਈ ਪ੍ਰੇਰਨਾ ਵੀ ਦਿੱਤੀ। ਉਨ੍ਹਾਂ ਕਿਸਾਨੀ ਮੰਗਾਂ ਦਾ ਵਿਸਥਾਰ ਪੇਸ਼ ਕਰਦਿਆਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਮੰਗਾਂ ਨਾ ਮੰਗਣ ਦਾ ਸਰਕਾਰਾਂ ਨੂੰ ਖਮਿਆਜ਼ਾ ਭੁਗਤਣਾ ਪਵੇਗਾ।

ਬਲਕਰਨ ਸਿੰਘ ਬਰਾੜ, ਬਲਦੇਵ ਸਿੰਘ ਨਿਹਾਲਗੜ੍ਹ, ਰਜਿੰਦਰਪਾਲ ਕੌਰ, ਹਰਦੇਵ ਸਿੰਘ ਬਖਸ਼ੀਵਾਲਾ ਅਤੇ ਐਡਵੋਕੇਟ ਹਰਚੰਦ ਸਿੰਘ ਬਾਠ ਅਧਾਰਤ ਪ੍ਰਧਾਨਗੀ ਮੰਡਲ ਦੀ ਮੌਜੂਦਗੀ ਵਿੱਚ ਕਾਮਰੇਡ ਸੂਰਤ ਸਿੰਘ ਧਰਮਕੋਟ, ਲਖਬੀਰ ਸਿੰਘ ਨਿਜਾਮਪੁਰ, ਕੁਲਦੀਪ ਸਿੰਘ ਭੋਲਾ, ਸੁਰਿੰਦਰ ਸਿੰਘ ਢੰਡੀਆ, ਪੂਰਨ ਸਿੰਘ ਮਾੜੀ ਮੇਘਾ, ਕੁਲਵੰਤ ਸਿੰਘ ਮੌਲਵੀਵਾਲ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਗੁਲਜਾਰ ਸਿੰਘ, ਗੁਰਪ੍ਰੀਤ ਸਿੰਘ ਗੰਡੀਵਿੰਡ, ਮਹਾਂਬੀਰ ਸਿੰਘ ਗਿੱਲ, ਹਰਪਾਲ ਸਿੰਘ ਸੰਧਾਵਾਲੀਆ, ਚਮਕੌਰ ਸਿੰਘ, ਬਲਕਾਰ ਸਿੰਘ ਵਲਟੋਹਾ ਅਤੇ ਦਵਿੰਦਰ ਸੋਹਲ ਨੇ ਕਿਸਾਨੀ ਮਸਲਿਆਂ ਦੇ ਮਹੱਤਵਪੂਰਨ ਨੁਕਤਿਆਂ 'ਤੇ ਮੁੱਲਵਾਨ ਗੱਲਾਂ ਕੀਤੀਆਂ।

ਇਸੇ ਦੌਰਾਨ ਕੁਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਦੇਵ ਸਿੰਘ ਨਿਹਾਲਗੜ੍ਹ ਨੇ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ ਵਿੱਚ ਸੰਸਾਰ ਦੇ ਵੱਖ-ਵੱਖ ਖਿੱਤਿਆਂ ਵਿੱਚ ਚੱਲ ਰਹੀਆਂ ਜੰਗਾਂ, ਦੇਸ਼ ਵਿੱਚ ਤੀਸਰੀ ਵਾਰ ਮੋਦੀ ਦੀ ਅਗਵਾਈ ਵਿੱਚ ਬਣੀ ਸਰਕਾਰ ਦੇ ਲੋਕ ਦੋਖੀ ਕਦਮਾਂ ਤੋਂ ਲੈ ਕੇ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ, ਚਰਨਜੀਤ ਸਿੰਘ ਚੰਨੀ ਅਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲੱਗਭੱਗ ਅਸਫਲ ਕਾਰਗੁਜ਼ਾਰੀ ਦਾ ਵਰਣਨ ਕਰਨ ਦੇ ਨਾਲ-ਨਾਲ ਅਕਾਲੀ ਦਲ (ਬਾਦਲ) ਦੇ ਕਿਸਾਨ ਵਿਰੋਧੀ ਕਿਰਦਾਰ ਦੀ ਵੀ ਚੀਰ-ਫਾੜ ਕੀਤੀ ਗਈ। ਦਿੱਲੀ ਦੀਆਂ ਬਰੂਹਾਂ 'ਤੇ ਹੋਏ ਇਤਿਹਾਸਕ ਅੰਦੋਲਨ 'ਤੇ ਉਸ ਵਿੱਚ ਕੁਲ ਹਿੰਦ ਕਿਸਾਨ ਸਭਾ ਵੱਲੋਂ ਨਿਭਾਈ ਗਈ ਸ਼ਾਨਦਾਰ ਭੂਮਿਕਾ ਦਾ ਵਿਸਥਾਰਤ ਜ਼ਿਕਰ ਕੀਤਾ ਗਿਆ। ਕਿਸਾਨੀ ਅੰਦੋਲਨ ਵਿੱਚ ਵੱਖ-ਵੱਖ ਲੋਕਾਂ ਵੱਲੋਂ ਦਿੱਤੇ ਗਏ ਸਹਿਯੋਗ ਦੀ ਗੱਲ ਕਰਦਿਆਂ ਰਿਪੋਰਟ ਕਹਿੰਦੀ ਹੈ, 'ਪੰਜਾਬ ਦੇ ਕਲਾਕਾਰ ਭਾਈਚਾਰੇ ਨੇ ਆਪਣੇ ਗੀਤਾਂ, ਸਕਿੱਟਾਂ ਅਤੇ ਡਰਾਮਿਆਂ ਰਾਹੀਂ ਪੰਜਾਬ ਦੀ ਫਿਜ਼ਾ ਵਿੱਚ ਕਿਸਾਨ ਅੰਦੋਲਨ ਦੇ ਹੱਕ ਵਿੱਚ ਜੋਸ਼ ਭਰਿਆ, ਜਿਸ ਨਾਲ ਸਾਰਾ ਪੰਜਾਬ ਅੰਦੋਲਨ ਦੇ ਰੰਗ ਵਿੱਚ ਰੰਗਿਆ ਗਿਆ, ਜੋ ਜਿੱਤ ਦਾ ਵੱਡਾ ਕਾਰਨ ਬਣਿਆ'। ਟਰੇਡ ਯੂਨੀਅਨਾਂ, ਮਜ਼ਦੂਰ, ਨੌਜਵਾਨ, ਵਿਦਿਆਰਥੀ ਅਤੇ ਇਸਤਰੀ ਸੰਗਠਨਾਂ ਨੇ ਵੀ ਸਮੇਂ-ਸਮੇਂ ਅੰਦੋਲਨ ਵਿੱਚ ਭਰਪੂਰ ਹਾਜ਼ਰੀ ਲਗਵਾਈ।

ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਡਾਕਟਰ ਸੁਖਦੇਵ ਸਿੰਘ ਸਿਰਸਾ ਦੀ ਅਗਵਾਈ ਵਿੱਚ ਕੁਲ ਹਿੰਦ ਕਿਸਾਨ ਸਭਾ ਦੀ ਵੱਡੀ ਮਾਲੀ ਮਦਦ ਕੀਤੀ ਗਈ। ਏਟਕ ਦੇ ਸਾਥੀਆਂ ਨੇ ਬੀਬੀ ਅਮਰਜੀਤ ਕੌਰ, ਬੰਤ ਸਿੰਘ ਬਰਾੜ ਤੇ ਨਿਰਮਲ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਕਈ ਵਾਰ ਵੱਡੇ ਜਥੇ ਲੈ ਕੇ ਬਾਰਡਰਾਂ 'ਤੇ ਹਾਜ਼ਰੀ ਲਗਵਾਈ। ਸਾਥੀ ਹਰਦੇਵ ਸਿੰਘ ਅਰਸ਼ੀ ਅੰਦੋਲਨ ਦੌਰਾਨ ਪੰਜਾਬ ਅਤੇ ਦਿੱਲੀ ਵਿੱਚ ਲਗਾਤਾਰ ਸੰਘਰਸ਼ਸ਼ੀਲ ਰਹੇ। ਪੰਜਾਬ ਖੇਤ ਮਜ਼ਦੂਰ ਸਭਾ ਨੇ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਤੇ ਬੀਬੀ ਦੇਵੀ ਕੁਮਾਰੀ ਸਰਹਾਲੀ ਕਲਾਂ ਦੀ ਅਗਵਾਈ ਵਿੱਚ ਅੰਦੋਲਨ ਅੰਦਰ ਸ਼ਮੂਲੀਅਤ ਕੀਤੀ। ਰਿਪੋਰਟ ਵਿੱਚ ਕਿਸਾਨ ਅੰਦੋਲਨ ਦੌਰਾਨ ਜੰਤਰ-ਮੰਤਰ 'ਤੇ ਚਲਾਈ ਸਮਾਨੰਤਰ ਕਿਸਾਨ ਸੰਸਦ ਦਾ ਜ਼ਿਕਰ ਵੀ ਉਚੇਚ ਨਾਲ ਕੀਤਾ ਗਿਆ ਹੈ। ਇਹ ਅਹਿਮ ਘਟਨਾ ਬਾਰੇ ਰਿਪੋਰਟ ਵਿੱਚ ਦਰਜ ਹੈ, 'ਕਿਸਾਨ ਸੰਸਦ ਤੇ ਨੈਸ਼ਨਲ ਕਨਵੈਨਸ਼ਨ ਦੋ ਅਹਿਮ ਕਾਰਜ ਸਨ, ਜਿਸ ਨੂੰ ਸਾਡੀ ਜਥੇਬੰਦੀ ਨੇ ਬਾਖੂਬੀ ਢੰਗ ਨਾਲ ਨਿਭਾਇਆ। ਕਿਸਾਨ ਸੰਸਦ 22 ਜੁਲਾਈ ਤੋਂ 9 ਅਗਸਤ ਤੱਕ ਜੰਤਰ ਮੰਤਰ ਵਿਖੇ ਚੱਲੀ। ਸਪੀਕਰ ਦੀ ਭੂਮਿਕਾ ਅਤੇ ਬੋਲਣ ਵਾਲੇ ਨੇਤਾਵਾਂ ਵਿੱਚ ਸਭ ਤੋਂ ਵੱਧ ਗਿਣਤੀ ਸਾਡੇ ਬੁਲਾਰਿਆਂ ਦੀ ਹੁੰਦੀ ਸੀ। ਸਾਡੇ ਕਈ ਵੱਡੇ ਆਗੂ ਜਿਵੇਂ ਅਤੁਲ ਕੁਮਾਰ ਅਨਜਾਨ, ਐਨੀ ਰਾਜਾ, ਨਿਸ਼ਾ ਸਿੱਧੂ, ਹਰਦੇਵ ਅਰਸ਼ੀ ਤੇ ਬਲਦੇਵ ਸਿੰਘ ਨਿਹਾਲਗੜ੍ਹ ਨੇ ਕਿਸਾਨ ਸੰਸਦ ਦੇ ਸਪੀਕਰ ਤੇ ਡਿਪਟੀ ਸਪੀਕਰ ਦੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਈਆਂ।




ਜਥੇਬੰਦੀ ਦੇ ਇਤਿਹਾਸ ਬਾਰੇ ਰਿਪੋਰਟ ਵਿੱਚ ਦਰਜ ਹੈ, 'ਕੁਲ ਹਿੰਦ ਕਿਸਾਨ ਸਭਾ ਦੀ ਸਥਾਪਨਾ 11 ਅਪ੍ਰੈਲ 1936 ਵਿੱਚ ਲਖਨਊ ਵਿਖੇ ਕੀਤੀ ਗਈ। ਕਾਨਫਰੰਸ ਦੀ ਪ੍ਰਧਾਨਗੀ ਸਵਾਮੀ ਸਹਿਜਨੰਦ ਨੇ ਕੀਤੀ ਸੀ। ਕਾਨਫਰੰਸ ਨੂੰ ਕਾਮਰੇਡ ਸੋਹਣ ਸਿੰਘ ਜੋਸ਼ ਅਤੇ ਰਾਮ ਮਨੋਹਰ ਲੋਹੀਆ ਨੇ ਸੰਬੋਧਨ ਕੀਤਾ ਸੀ। ਇਸ ਇਤਿਹਾਸਕ ਜਥੇਬੰਦੀ ਦੀ ਸਥਾਪਨਾ ਸਮੇਂ ਦੇਸ਼ ਦੇ ਪ੍ਰਮੁੱਖ ਆਗੂ ਪੰਡਿਤ ਜਵਾਹਰ ਲਾਲ ਨਹਿਰੂ, ਬੈਕੰਮ ਮੁਕਰਜੀ, ਐੱਮ. ਐੱਨ. ਰਾਏ, ਆਚਾਰੀਆ ਨਰਿੰਦਰ ਦੇਵ, ਯੂਸਫ ਮੇਅਰ ਅਲੀ, ਐੱਸ ਡਾਂਗੇ, ਜੈ ਪ੍ਰਕਾਸ਼ ਨਾਰਾਇਣ, ਮੀਨੂੰ ਮਸਾਨੀ, ਇੰਦੂ ਲਾਲ ਜਾਗਨਿਕ ਅਤੇ ਏ. ਕੇ ਅਸ਼ਰਫ ਆਦਿ ਹਾਜ਼ਰ ਸਨ।

ਕੁਲ ਹਿੰਦ ਕਿਸਾਨ ਸਭਾ ਦੀਆਂ ਇਤਿਹਾਸਕ ਪ੍ਰਾਪਤੀਆਂ ਬਾਰੇ ਰਿਪੋਰਟ ਵਿੱਚ ਦਰਜ ਹੈ ਕਿ ਸਭਾ ਨੇ ਬਹੁਤ ਸਾਰੇ ਸੂਬਿਆਂ ਵਿੱਚ ਜ਼ਮੀਨੀ ਸੁਧਾਰ ਕਰਵਾਏ। ਪੈਪਸੂ ਮੁਜ਼ਾਰਾ ਮੂਵਮੈਂਟ ਲੜੀ ਤੇ ਬਹੁਤ ਘੱਟ ਨੁਕਸਾਨ ਉਠਾ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ। ਤੇਲੰਗਾਨਾ ਮੂਵਮੈਂਟ ਸਫਲਤਾ-ਪੂਰਵਕ ਲੜੀ ਗਈ। ਲੋਹ ਪੁਰਸ਼ ਮੰਨੇ ਜਾਂਦੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਸਮੇਂ ਭਾਖੜਾ ਨਹਿਰ ਹੋਂਦ ਵਿੱਚ ਆਈ। ਇਸ ਨਹਿਰ ਦੇ ਹੋਂਦ ਵਿੱਚ ਆਉਣ ਤੋਂ ਬਾਅਦ ਖੁਸ਼ ਹੈਸੀਅਤ ਟੈਕਸ ਲਾਇਆ ਗਿਆ। ਕਿਸਾਨ ਸਭਾ ਦੁਆਰਾ ਖੁਸ਼ ਹੈਸੀਅਤ ਟੈਕਸ ਦੇ ਵਿਰੋਧ ਵਿੱਚ ਚਲਾਏ ਗਏ ਅੰਦੋਲਨ ਅੱਗੇ ਝੁਕ ਕੇ ਉਨ੍ਹਾਂ ਨੂੰ ਟੈਕਸ ਵਾਪਸ ਲੈਣਾ ਪਿਆ ਸੀ।

ਰਿਪੋਰਟ 'ਤੇ ਬਹਿਸ ਤੋਂ ਪਹਿਲਾਂ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੇ ਸੰਗਰਾਮੀ ਵਧਾਈਆਂ ਦਿੱਤੀਆਂ। ਪੀ. ਐੱਸ. ਈ. ਬੀ. ਇੰਪਲਾਈਜ਼ ਫੈਡਰੇਸ਼ਨ ਵੱਲੋਂ ਗੁਰਪ੍ਰੀਤ ਸਿੰਘ ਗੰਡੀਵਿੰਡ, ਪੰਜਾਬ ਖੇਤ ਮਜਦੂਰ ਸਭਾ ਵੱਲੋਂ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ, ਪ. ਸ. ਸ. ਫ. ਵੱਲੋਂ ਕਾਰਜ ਸਿੰਘ ਕੈਰੋਂ ਅਤੇ ਨੌਜਵਾਨ ਸਭਾ ਵੱਲੋਂ ਚਰਨਜੀਤ ਛਾਂਗਾਰਾਏ ਨੇ ਵਧਾਈ ਸੰਦੇਸ਼ ਦਿੱਤੇ।

ਸਾਥੀ ਬਲਦੇਵ ਸਿੰਘ ਨਿਹਾਲਗੜ੍ਹ ਵੱਲੋਂ ਪੇਸ ਕੀਤੀ ਗਈ ਰਿਪੋਰਟ 'ਤੇ ਉਸਾਰੂ ਬਹਿਸ ਹੋਈ। ਡੈਲੀਗੇਟਾਂ ਨੇ ਰਿਪੋਰਟ ਵਿੱਚ ਦਰਜ ਕਰਨ ਲਈ ਅਨੇਕਾਂ ਸੁਝਾਅ ਦਿੱਤੇ। ਬਹਿਸ ਵਿੱਚ ਪੰਜਾਬੀ ਜਵਾਨੀ ਦੇ ਪ੍ਰਵਾਸ, ਤਰਕਸ਼ੀਲਤਾ, ਪੰਜਾਬ ਦੀਆਂ ਯੂਨੀਵਰਸਿਟੀਆਂ ਦੀ ਹਾਲਤ, ਮਜ਼ਦੂਰਾਂ ਦੇ ਮੰਦੜੇ ਹਾਲ, ਖੇਤੀ ਵਿਭਿੰਨਤਾ, ਪੰਜਾਬ ਦੀ ਸਿੱਖਿਆ ਨੀਤੀ ਦੀ, ਗੰਧਲੇ ਹੋ ਰਹੇ ਪਾਣੀਆਂ ਦੀ, ਕਿਸਾਨਾਂ-ਮਜਦੂਰਾਂ ਦੀਆਂ ਜੋਟੀਆਂ ਦੀ ਅਤੇ ਹੋਰ ਅਨੇਕਾਂ ਮਸਲਿਆਂ ਦੀ ਚਰਚਾ ਹੋਈ। ਬੱਚਿਆਂ ਅੰਦਰ ਸੰਘਰਸ਼ ਕਰਨ ਦੀ ਪ੍ਰਵਿਰਤੀ ਘਟਣ ਬਾਰੇ ਵੀ ਫਿਕਰਮੰਦੀ ਜ਼ਾਹਰ ਕੀਤੀ ਗਈ।

ਬਹਿਸ ਵਿੱਚ ਉੱਠੇ ਸਵਾਲਾਂ ਦੇ ਜਵਾਬ ਦਿੰਦਿਆਂ ਸਾਥੀ ਬਲਦੇਵ ਸਿੰਘ ਨਿਹਾਲਗੜ੍ਹ ਨੇ ਉਸਾਰੂ ਬਹਿਸ ਲਈ ਡੈਲੀਗੇਟਾਂ ਦਾ ਧੰਨਵਾਦ ਕੀਤਾ।

ਆਖਰ ਵਿੱਚ 45 ਮੈਂਬਰੀ ਸੂਬਾ ਕੌਂਸਲ ਦਾ ਗਠਨ ਕੀਤਾ ਗਿਆ। ਸਰਬ-ਸੰਮਤੀ ਨਾਲ ਹੋਈ ਚੋਣ ਵਿੱਚ ਬਲਦੇਵ ਸਿੰਘ ਨਿਹਾਲਗੜ੍ਹ ਪ੍ਰਧਾਨ, ਬਲਕਰਨ ਸਿੰਘ ਬਰਾੜ ਜਨਰਲ ਸਕੱਤਰ, ਵਰਕਿੰਗ ਪ੍ਰਧਾਨ ਮਹਾਂਬੀਰ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਸੂਰਤ ਸਿੰਘ ਧਰਮਕੋਟ, ਡਿਪਟੀ ਜਨਰਲ ਸਕੱਤਰ ਕੁਲਵੰਤ ਸਿੰਘ ਮੌਲਵੀਵਾਲਾ, ਸਕੱਤਰ ਸੁਰਿੰਦਰ ਸਿੰਘ ਢੰਡੀਆਂ, ਲਖਬੀਰ ਸਿੰਘ ਨਿਜਾਮ ਪੁਰ ਅਤੇ ਪ੍ਰੈੱਸ ਸਕੱਤਰ ਬਲਕਾਰ ਸਿੰਘ ਵਲਟੋਹਾ ਚੁਣੇ ਗਏ।

ਸਤੰਬਰ ਮਹੀਨੇ ਚੰਡੀਗੜ੍ਹ ਵਿਖੇ ਪਾਰਟੀ ਦੀ ਨੈਸ਼ਨਲ ਕਾਨਫਰੰਸ (ਪਾਰਟੀ ਕਾਂਗਰਸ) ਦੀ ਸਫਲਤਾ ਲਈ ਸੁਹਿਰਦ ਹੋਣ ਦਾ ਸੰਦੇਸ਼ ਦਿੰਦੀ ਹੋਈ ਕੁਲ ਹਿੰਦ ਕਿਸਾਨ ਸਭਾ ਦੀ 31ਵੀਂ ਸੂਬਾਈ ਕਾਨਫਰੰਸ ਸਫਲਤਾ-ਪੂਰਵਕ ਸੰਪੰਨ ਹੋਈ।

**# ਸੰਪਰਕ : 98725-40447**

# ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕਿਸਾਨਾਂ ਵੱਲੋਂ ਵੱਖ-ਵੱਖ ਥਾਈਂ ਵਿਸ਼ਾਲ ਰੋਸ ਪ੍ਰਦਰਸ਼ਨ










**ਲੁਧਿਆਣਾ (ਐੱਮ ਐੱਸ ਭਾਟੀਆ)**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਲੁਧਿਆਣਾ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਜਬਰ ਵਿਰੋਧੀ ਰੋਸ ਪ੍ਰਦਰਸ਼ਨ ਕੀਤਾ ਗਿਆ।ਕਿਸਾਨ ਮੰਗ ਕਰ ਰਹੇ ਸਨ ਕਿ ਪਿਛਲੇ ਦਿਨਾਂ ਵਿੱਚ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਚੱਲ ਰਹੇ ਅੰਦੋਲਨ ਨੂੰ ਪੁਲਸ ਦੇ ਜ਼ੋਰ ਨਾਲ ਦਬਾਇਆ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਲੋਕਾਂ ਦੇ ਜਮਹੂਰੀ ਹੱਕਾਂ ਉੱਪਰ ਡਾਕਾ ਮਾਰ ਕੇ ਉਨ੍ਹਾਂ ਨੂੰ ਘਰਾਂ ਤੇ ਜੇਲ੍ਹਾਂ ਵਿੱਚ ਨਜ਼ਰਬੰਦ ਕੀਤਾ ਜਾ ਰਿਹਾ ਹੈ, ਜਿਸ ਦੇ ਵਿਰੋਧ ਵਿੱਚ ਕਿਸਾਨਾਂ ਨੇ ਡਿਪਟੀ ਕਮਿਸ਼ਨਰ ਲੁਧਿਆਣਾ ਦੇ ਦਫਤਰ ਸਾਹਮਣੇ ਇਕੱਠੇ ਹੋ ਕੇ ਸਰਕਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕੀਤੀ।ਇਸ ਮੌਕੇ ਉਨ੍ਹਾ ਆਖਿਆ ਕਿ ਅੰਦੋਲਨਕਾਰੀ ਕਿਸਾਨਾਂ ਨੂੰ ਮੀਟਿੰਗ ਲਈ ਸੱਦ ਕੇ ਗ੍ਰਿਫਤਾਰ ਕਰਨ ਦੀ ਕਿਸੇ ਪਾਸੇ ਵੀ ਉਦਾਹਰਣ ਨਹੀਂ ਮਿਲਦੀ, ਜਿਸ ਕਾਰਨ ਕੇਂਦਰ ਤੇ ਪੰਜਾਬ ਦੀ ਸੂਬਾ ਸਰਕਾਰ ਨੇ ਆਪਣੀ ਭਰੋਸੇਯੋਗਤਾ ਗਵਾ ਲਈ ਹੈ।ਇਸ ਮੌਕੇ ਪੰਜਾਬ ਦੇ ਗਵਰਨਰ ਨੂੰ ਭੇਜੇ ਮੰਗ ਪੱਤਰ ਰਾਹੀਂ ਕਿਸਾਨਾਂ ਨੇ ਮੰਗ ਕੀਤੀ ਕਿ ਪੁਲਸ ਵੱਲੋਂ ਵਰਤੀ ਜਾ ਰਹੀ ਅੰਨ੍ਹੀਂ ਤਾਕਤ ਨੂੰ ਨੱਥ ਪਾ ਕੇ ਲੋਕਾਂ ਦੇ ਸੰਘਰਸ਼ ਕਰਨ ਦੇ ਜਮਹੂਰੀ ਹੱਕਾਂ ਨੂੰ ਬਹਾਲ ਕੀਤਾ ਜਾਵੇ।ਗ੍ਰਿਫਤਾਰ ਕੀਤੇ ਜਾਂ ਜੇਲ੍ਹਾਂ ਵਿੱਚ ਬੰਦ ਸਾਰੇ ਕਿਸਾਨਾਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ।ਕਿਸਾਨਾਂ ਦੇ ਟਰੈਕਟਰ-ਟਰਾਲੀਆਂ ਸਮੇਤ ਸਾਰਾ ਸਾਜ਼ੋ ਸਾਮਾਨ ਵਾਪਸ ਕੀਤਾ ਜਾਵੇ।ਨੁਕਸਾਨੇ ਗਏ ਜਾਂ ਚੋਰੀ ਹੋਏ ਸਾਮਾਨ ਦੀ ਭਰ ਪਾਈ ਪੰਜਾਬ ਸਰਕਾਰ ਵੱਲੋਂ ਪੂਰੀ ਕੀਤੀ ਜਾਵੇ।ਕਿਸਾਨਾਂ ਨੇ ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਕਰ ਮੁਕਤ ਵਪਾਰ ਸਮਝੌਤੇ ਦੀ ਚੱਲ ਰਹੀ ਗੱਲਬਾਤ ਨੂੰ ਰੋਕਣ ਦੀ ਮੰਗ ਵੀ ਕੀਤੀ ਗਈ।ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਨੀਆਂ ਮੰਗਾਂ ਨੂੰ ਤੁਰੰਤ ਲਾਗੂ ਕਰੇ ਤੇ ਰਹਿੰਦੀਆਂ ਮੰਗਾਂ ਨੂੰ ਜਲਦੀ ਮੰਨੇ।ਕਿਸਾਨਾਂ ਲਈ ਉਨ੍ਹਾਂ ਦੀਆਂ ਫਸਲਾਂ ਦੇ ਲਾਹੇਵੰਦ ਭਾਅ ਦੇਣ ਦੀ ਕਾਨੂੰਨੀ ਗਰੰਟੀ ਦਿੱਤੀ ਜਾਵੇ।ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਆਖਿਆ ਕਿ ਜੇ ਪੰਜਾਬ ਤੇ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਗੱਲ ਨਾ ਸੁਣੀ ਤਾਂ ਆਉਣ ਵਾਲੇ ਦਿਨਾਂ ਵਿੱਚ ਉਹ ਦੇਸ਼ ਭਰ ਵਿੱਚ ਵੱਡਾ ਅੰਦੋਲਨ ਸ਼ੁਰੂ ਕਰਨ ਲਈ ਮਜਬੂਰ ਹੋਣਗੇ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਤੇ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਆਗੂਆਂ ਕ੍ਰਮਵਾਰ ਬਲਵੀਰ ਸਿੰਘ ਰਾਜੇਵਾਲ ਤੇ ਹਰਿੰਦਰ ਸਿੰਘ ਲੱਖੋਵਾਲ ਨੇ ਆਖਿਆ ਕਿ ਇਸ ਸਮੇਂ ਦੀ ਸਭ ਤੋਂ ਕੱਟੜ ਬੇਈਮਾਨ ਸਰਕਾਰ ਸਾਬਿਤ ਹੋਈ ਹੈ, ਜਿਸ ਨੇ ਕਿਸਾਨਾਂ ਦੀਆਂ ਮੰਗਾਂ 'ਤੇ ਵਿਚਾਰ ਤਾਂ ਕੀ ਕਰਨਾ ਸੀ ਉਲਟਾ ਕਿਸਾਨਾਂ ਨੂੰ ਮੀਟਿੰਗ 'ਤੇ ਸੱਦ ਕੇ ਗ੍ਰਿਫਤਾਰ ਕਰ ਲਿਆ।ਉਨ੍ਹਾਂ ਕਿਹਾ ਕਿ ਕਿਸਾਨ ਕੇਂਦਰ ਤੇ ਸੂਬਾ ਸਰਕਾਰ ਦੀ ਲੋਕ ਵਿਰੋਧੀ ਕਾਰਵਾਈ ਭੁੱਲਣਗੇ ਨਹੀਂ।ਕੁੱਲ ਹਿੰਦ ਕਿਸਾਨ ਸਭਾ (ਹੰਨਨਮੁੱਲਾ), ਜਮਹੂਰੀ ਕਿਸਾਨ ਸਭਾ ਪੰਜਾਬ, ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਭਾਰਤੀ ਕਿਸਾਨ ਯੂਨੀਅਨ ਡਕੋਤਾ (ਧਨੇਰ), ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਕਿਰਤੀ ਕਿਸਾਨ ਯੂਨੀਅਨ ਪੰਜਾਬ, ਪੰਜਾਬ ਕਿਸਾਨ ਯੂਨੀਅਨ, ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ), ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ, ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ, ਆਂਗਨਵਾੜੀ ਵਰਕਰ ਯੂਨੀਅਨ, ਆਲ ਇੰਡੀਆ ਕਿਸਾਨ ਸਭਾ, ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ), ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ), ਸੀਟੂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਨੇ ਸੰਬੋਧਨ ਕੀਤਾ।ਅੱਜ ਦੇ ਰੋਸ ਪ੍ਰਦਰਸ਼ਨ ਤੋਂ ਬਾਅਦ ਭਾਰਤ ਦੇ ਰਾਸ਼ਟਰਪਤੀ ਤੇ ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ ਵੀ ਭੇਜਿਆ।




**ਮੋਗਾ (ਇਕਬਾਲ ਸਿੰਘ ਖਹਿਰਾ)** : ਸੰਯੁਕਤ ਕਿਸਾਨ ਮੋਰਚੇ ਭਾਰਤ ਦੇ ਸੱਦੇ ਤਹਿਤ ਮੋਗਾ ਡੀ ਸੀ ਦਫ਼ਤਰ ਅੱਗੇ ਜਬਰ ਵਿਰੋਧੀ ਦਿਵਸ ਮਨਾਉਂਦਿਆਂ ਹਜ਼ਾਰਾਂ ਦੀ ਗਿਣਤੀ ਵਿੱਚ ਇੱਕਠੇ ਹੋਏ ਕਿਸਾਨਾਂ ਵੱਲੋਂ ਰੋਸ ਧਰਨਾ ਦਿੱਤਾ ਗਿਆ। ਇਸ ਮੌਕੇ ਬੀਕੇਯੂ ਏਕਤਾ ਉਗਰਾਹਾਂ ਦੇ ਬਲੌਰ ਸਿੰਘ ਘੱਲ ਕਲਾਂ ਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਰਾਜਪਾਲ ਮੰਗ ਪੱਤਰ ਭੇਜਿਆ ਗਿਆ। ਆਗੂਆਂ ਨੇ ਪੰਜਾਬ ਦੇ ਰਾਜਪਾਲ ਤੋਂ ਮੰਗ ਕੀਤੀ ਗਈ ਕਿ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਨੂੰ ਬਹਾਲ ਕੀਤਾ ਜਾਵੇ ਤੇ ਰਾਜ ਵਿੱਚ ਪ੍ਰਚਲਤ ਪੁਲਸ ਦਮਨ ਬੰਦ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਇਸ ਵੇਲੇ ਅਮਰੀਕਾ ਦਾ ਇੱਕ ਵਫ਼ਦ ਉੱਚ ਪੱਧਰੀ ਗੱਲਬਾਤ ਲਈ ਭਾਰਤੀ ਖੇਤੀ ਬਾਰੇ ਮੁਕਤ ਵਪਾਰ ਦੇ ਸਮਝੌਤੇ ਕਰਨ ਆਇਆ ਹੈ। ਭਾਰਤ ਸਰਕਾਰ ਅਮਰੀਕੀ ਸਾਮਰਾਜੀਆਂ ਨਾਲ ਇਹ ਸਮਝੌਤੇ ਨਾ ਕਰੇ, ਕਿਉਂਕਿ ਭਾਰਤ ਪਹਿਲਾਂ ਹੀ ਗੰਭੀਰ ਖੇਤੀਬਾੜੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਇਸ ਨਾਲ ਇਹ ਹੋਰ ਵੀ ਗੰਭੀਰ ਹੋ ਸਕਦਾ ਹੈ, ਜੋ ਭਾਰਤ ਦੇ ਮਿਹਨਤਕਸ਼ ਲੋਕਾਂ ਨੂੰ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਕਿਸਾਨਾਂ ਦੀਆਂ ਫਸਲਾਂ ਦੀ ਹੋਰ ਵੀ ਸਸਤੇ ਭਾਵਾਂ ਉੱਤੇ ਅੰਨ੍ਹੀਂ ਲੁੱਟ ਹੋਵੇਗੀ ਤੇ ਪਹਿਲਾਂ ਹੀ ਕਿਸਾਨਾਂ ਮਜ਼ਦੂਰਾਂ ਨੂੰ ਖ਼ੁਦਕੁਸ਼ੀਆਂ ਲਈ ਮਜਬੂਰ ਕਰ ਰਹੇ ਕਿਸਾਨੀ ਕਰਜ਼ਿਆਂ ਵਿੱਚ ਹੋਰ ਵੀ ਭਾਰੀ ਵਾਧੇ ਹੋਣਗੇ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਲੌਰ ਸਿੰਘ ਘੱਲ ਕਲਾਂ ਨੇ ਨਿਭਾਈ। ਧਰਨੇ ਨੂੰ ਬੀਕੇਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ ਸੈਦੋਕੇ, ਕੁਲਦੀਪ ਕੌਰ ਕੁੱਸਾ, ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਸ਼ਿੰਦਰਪਾਲ ਕੌਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜ਼ਿਲ੍ਹਾ ਪ੍ਰਧਾਨ ਬਿੱਕਰ ਸਿੰਘ ਚੂਹੜਚੱਕ, ਬੀਕੇਯੂ ਰਾਜੇਵਾਲ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਬਹਿਰਾਮਕੇ, ਬੀਕੇਯੂ ਲੱਖੋਵਾਲ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ, ਬੀਕੇਯੂ ਕਾਦੀਆ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਘੋਲੀਆਂ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਜਰਨਲ ਸਕੱਤਰ ਜਗਜੀਤ ਸਿੰਘ ਧੂੜਕੋਟ, ਬੀਕੇਯੂ ਪੰਜਾਬ ਦੇ ਸੂਬਾ ਪ੍ਰਧਾਨ ਫਰਮਾਨ ਸਿੰਘ ਸੰਧੂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸੁਖਜੀਤ ਕੌਰ ਭੁੱਕਣਵਾਲਾ, ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੇ ਬਲਵੀਰ ਸਿੰਘ ਮਾਨ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਬਹਿਰਾਮਕੇ, ਬੀਕੇਯੂ ਏਕਤਾ ਆਜ਼ਾਦ ਦੇ ਜਗਰਾਜ ਸਿੰਘ ਦੱਦਾਹੂਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਕਾਲੇਕੇ, ਕ੍ਰਾਂਤੀਕਾਰੀ ਮਜ਼ਦੂਰ ਯੂਨੀਅਨ ਦੇ ਲਖਵੀਰ ਸਿੰਘ ਸਿੰਘਾਂਵਾਲਾ, ਜਮਹੂਰੀ ਲੋਕ ਅਧਿਕਾਰ ਸਭਾ ਦੇ ਦਰਸ਼ਨ ਸਿੰਘ ਤੂਰ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ। ਧਰਨੇ ਦੀ ਸਮਾਪਤੀ ਤੋਂ ਪਹਿਲਾਂ ਤਹਿਸੀਲਦਾਰ ਧਰਮਕੋਟ ਨੇ ਕਿਸਾਨਾਂ ਤੋਂ ਮੰਗ ਪੱਤਰ ਪ੍ਰਾਪਤ ਕੀਤਾ।

**ਮਾਨਸਾ (ਆਤਮਾ ਸਿੰਘ ਪਮਾਰ** : ਮੀਟਿੰਗਾਂ ਵਿੱਚ ਸੱਦ ਕੇ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ ਅਤੇ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਸ਼ਾਂਤਮਈ ਬੈਠੇ ਕਿਸਾਨਾਂ 'ਤੇ ਤਸ਼ੱਦਦ ਕਰਨ, ਸਾਮਾਨ ਖੁਰਦ ਬੁਰਦ ਕਰਨ ਤੇ ਉਨ੍ਹਾਂ ਨੂੰ ਚੁੱਕ ਕੇ ਜੇਲ੍ਹਾਂ ਵਿੱਚ ਡੱਕਣ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਅਗਵਾਈ ਹਜ਼ਾਰਾਂ ਕਿਸਾਨਾਂ ਨੇ ਇਕੱਠੇ ਹੋ ਕੇ ਡਿਪਟੀ ਕਮਿਸ਼ਨਰ ਮਾਨਸਾ ਦੇ ਦਫ਼ਤਰ ਦਾ ਘਿਰਾਓ ਕੀਤਾ ਤੇ ਦੇਸ਼ ਦੇ ਰਾਸ਼ਟਰਪਤੀ ਤੇ ਪੰਜਾਬ ਦੇ ਗਵਰਨਰ ਦੇ ਨਾਮ 'ਤੇ ਡਿਪਟੀ ਕਮਿਸ਼ਨਰ ਮਾਨਸਾ ਰਾਹੀਂ ਮੰਗ ਪੱਤਰ ਵੀ ਭੇਜਿਆ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਰੁਲਦੂ ਸਿੰਘ ਮਾਨਸਾ, ਰਾਮ ਸਿੰਘ ਭੈਣੀਬਾਘਾ, ਬਲਦੇਵ ਸਿੰਘ ਨਿਹਾਲਗੜ੍ਹ, ਮਲੂਕ ਸਿੰਘ ਹੀਰਕੇ, ਮਹਿੰਦਰ ਸਿੰਘ ਭੈਣੀਬਾਘਾ, ਭਜਨ ਸਿੰਘ ਘੁੰਮਣ, ਲਾਲ ਚੰਦ ਸਰਦੂਲਗੜ੍ਹ, ਜਸਵੀਰ ਸਿੰਘ ਅਕਲੀਆ, ਕੁਲਦੀਪ ਸਿੰਘ ਚੱਕ ਭਾਈਕੇ, ਦਰਸ਼ਨ ਸਿੰਘ ਜਟਾਣਾ, ਗੁਰਚਰਨ ਸਿੰਘ ਭੀਖੀ, ਹਰਚਰਨ ਸਿੰਘ, ਦਿਲਬਾਗ ਸਿੰਘ ਗੱਗੀ, ਜਗਦੇਵ ਸਿੰਘ ਭੈਣੀਬਾਘਾ, ਸੱਤਪਾਲ ਰਿਸ਼ੀ , ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਕ੍ਰਿਸ਼ਨ ਚੌਹਾਨ , ਕੁਲਵੰਤ ਸਿੰਘ ਕਿਸ਼ਨਗੜ੍ਹ, ਪਰਸ਼ੋਤਮ ਸਿੰਘ ਗਿੱਲ ਤੇ ਅਮਰੀਕ ਸਿੰਘ ਫਫੜੇ ਨੇ ਕਿਹਾ ਕਿ ਸਮੇਂ ਦੇ ਹਾਕਮ ਕਿਸੇ ਤਰ੍ਹਾਂ ਦੇ ਭੁਲੇਖੇ ਵਿੱਚ ਨਾ ਰਹਿਣ ਕਿ ਲਹਿਰਾਂ ਕਦੇ ਜਬਰ ਤੇ ਜ਼ੁਲਮ ਨਾਲ ਖਤਮ ਨਹੀਂ ਹੋਇਆ ਕਰਦੀਆਂ, ਸਗੋਂ ਹੋਰ ਪ੍ਰਚੰਡ ਰੂਪ ਧਾਰਨ ਕਰਦੀਆਂ ਹਨ।ਆਗੂਆਂ ਨੇ ਕਿਹਾ ਕਿ ਦੇਸ਼ ਦੀ ਮੋਦੀ ਹਕੂਮਤ ਦੇ ਇਸ਼ਾਰੇ ਤੇ ਕਿਸਾਨ ਲਹਿਰ ਨੂੰ ਕੁਚਲਣ ਦੇ ਯਤਨ ਕਰਨੇ ਬਹੁਤ ਮਹਿੰਗੇ ਪੈਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਵੀਰ ਕੌਰ ਨੱਤ, ਰੂਪ ਸਿੰਘ ਢਿੱਲੋਂ, ਆਂਗਣਵਾੜੀ ਮੁਲਾਜ਼ਮ ਯੂਨੀਅਨ ਦੇ ਰਣਜੀਤ ਕੌਰ ਬਰੇਟਾ, ਜੋਗਿੰਦਰ ਸਿੰਘ ਦਿਆਲਪੁਰਾ, ਜਗਸੀਰ ਸਿੰਘ ਜਵਾਹਰਕੇ, ਬਲਵਿੰਦਰ ਸਿੰਘ ਖਿਆਲਾ ਤੇ ਇਕਬਾਲ ਮਾਨਸਾ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਸਰਕਾਰ ਵੱਲੋਂ ਪਿਛਲੇ ਦਿਨੀ ਕੇਂਦਰ ਸਰਕਾਰ ਦੇ ਇਸ਼ਾਰੇ ਉੱਪਰ ਕਿਸਾਨਾਂ 'ਤੇ ਕੀਤੇ ਜਬਰ ਦੇ ਵਿਰੁੱਧ ਅੱਜ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਪਰ ਜ਼ਿਲ੍ਹੇ ਦੇ ਕਿਸਾਨਾਂ ਵੱਲੋਂ ਡੀ ਸੀ ਦਫਤਰ ਫਿਰੋਜ਼ਪੁਰ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ।ਅੱਜ ਇਕੱਤਰ ਹੋਏ ਕਿਸਾਨਾਂ ਵੱਲੋਂ ਪੰਜਾਬ ਤੇ ਕੇਂਦਰ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਅਵਤਾਰ ਸਿੰਘ ਮਹਿਮਾ ਨੇ ਦੱਸਿਆ ਕਿ ਸਰਕਾਰ ਵੱਲੋਂ ਪਹਿਲਾਂ ਸੰਯੁਕਤ ਕਿਸਾਨ ਮੋਰਚੇ ਦੇ ਚੰਡੀਗੜ੍ਹ ਦੇ ਸੱਦੇ ਨੂੰ ਫੇਲ੍ਹ ਕਰਨ ਤੇ ਉਸ ਤੋਂ ਬਾਅਦ ਸ਼ੰਭੂ ਅਤੇ ਖਨੌਰੀ ਮੋਰਚਿਆਂ 'ਤੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਧੋਖੇ ਨਾਲ ਗ੍ਰਿਫਤਾਰ ਕਰਕੇ ਕੀਤੇ ਗਏ ਜਬਰ ਦੇ ਵਿਰੋਧ ਵਿੱਚ ਅੱਜ ਐੱਸ ਕੇ ਐੱਮ ਵੱਲੋਂ ਸੱਦਾ ਦਿੱਤਾ ਗਿਆ ਸੀ, ਜਿਸ ਵਿੱਚ ਦੂਜੇ ਮੋਰਚਿਆਂ ਦੀਆਂ ਜਥੇਬੰਦੀਆਂ ਵੀਂ ਸ਼ਾਮਲ ਹੋਈਆਂ।ਉਨ੍ਹਾਂ ਕਿਹਾ ਕਿ ਸਰਕਾਰ ਨੇ ਚਾਰਾਂ ਵਿੱਚੋਂ ਇੱਕ ਮੰਗ ਮੰਨਦਿਆਂ ਹੋਇਆਂ ਸਾਰੇ ਕਿਸਾਨ ਆਗੂਆਂ ਨੂੰ ਰਿਹਾਅ ਕਰ ਦਿੱਤਾ।ਬਾਕੀ ਤਿੰਨ ਮੰਗਾਂ, ਜਿਨ੍ਹਾਂ ਵਿੱਚ ਸਰਕਾਰੀ ਜਬਰ ਬੰਦ ਕਰਕੇ ਲੋਕਾਂ ਦਾ ਸੰਘਰਸ਼ ਕਰਨ ਦਾ ਜਮਹੂਰੀ ਹੱਕ ਬਹਾਲ ਕਰਨ, ਉਨ੍ਹਾਂ ਦੇ ਟਰੈਕਟਰ ਟਰਾਲੀਆਂ ਤੇ ਹੋਰ ਸਾਜ਼ੋ ਸਾਮਾਨ ਵਾਪਸ ਕਰਨ ਤੇ ਕਿਸਾਨਾਂ ਦੇ ਚੋਰੀ ਹੋਏ ਸਾਮਾਨ ਦੀ ਭਰਪਾਈ ਸਰਕਾਰ ਕਰੇ, ਇਹ ਮੰਗਾਂ 'ਤੇ ਅੱਜ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ, ਜੋ ਅੱਗੇ ਵੀ ਜਾਰੀ ਰਹੇਗਾ।ਇਸ ਮੌਕੇ ਉੱਘੇ ਸਮਾਜਕ ਕਾਰਕੁਨ ਹਿਮਾਂਸ਼ੂ ਕੁਮਾਰ ਤੋਂ ਇਲਾਵਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਅਰਾਈਆਂਵਾਲਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ, ਬੀਕੇਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਹਰਿੰਦਰ ਸਿੰਘ ਖਹਿਰਾ, ਬੀਕੇਯੂ ਡਾਕੌਂਦਾ ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ, ਬੀਕੇਯੂ ਰਾਜੇਵਾਲ ਦੇ ਸੂਬਾ ਸਕੱਤਰ ਪ੍ਰਗਟ ਸਿੰਘ ਮਖੂ, ਕਿਸਾਨ ਬਚਾਓ ਮੋਰਚਾ ਦੇ ਪ੍ਰਧਾਨ ਕਿਰਪਾ ਸਿੰਘ ਨੱਥੂਵਾਲਾ, ਬੀਕੇਯੂ ਲੱਖੋਵਾਲ ਦੇ ਸੂਬਾ ਮੀਤ ਪ੍ਰਧਾਨ ਹਰਦਿਆਲ ਸਿੰਘ, ਬੀਕੇਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ, ਬੀਕੇਯੂ ਬਹਿਰਾਮ ਕੇ ਦੇ ਚਮਕੌਰ ਸਿੰਘ ਉਸਮਾਨ ਵਾਲਾ, ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਬੂਈਆਂ ਵਾਲਾ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਧਰਮ ਸਿੰਘ ਸਿੱਧੂ, ਬੀਕੇਯੂ ਕ੍ਰਾਂਤੀਕਾਰੀ ਦੇ ਜ਼ਿਲ੍ਹਾਂ ਪ੍ਰਧਾਨ ਗੁਰਪ੍ਰੀਤ ਸਿੰਘ ਫਰੀਦੇਵਾਲਾ, ਬੀਕੇਯੂ ਉਗਰਾਹਾਂ ਦੇ ਪ੍ਰਧਾਨ ਮਹਿੰਦਰ ਸਿੰਘ, ਬੀਕੇਯੂ ਡਕੌਂਦਾ ਬੁਰਜਗਿੱਲ ਦੇ ਜ਼ਿਲ੍ਹਾ ਪ੍ਰਧਾਨ ਭਾਗ ਸਿੰਘ ਮਰਖਾਈ, ਬੀਕੇਯੂ ਤੋਤੇਵਾਲ ਦੇ ਪ੍ਰਧਾਨ ਧਰਮ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜੈਲ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਡੀ ਸੀ ਦਫਤਰ ਅੱਗੇ ਬਨੇਗਾ ਐਕਸ਼ਨ ਡੇਅ ਪ੍ਰਦਰਸ਼ਨ

## ਪੰਜਾਬ ਸਰਕਾਰ ਨੇ ਚੌਥੇ ਬਜਟ 'ਚ ਵੀ ਨੌਜਵਾਨਾਂ ਨੂੰ ਅੱਖੋਂ-ਪਰੋਖੇ ਕੀਤਾ : ਚਰਨਜੀਤ, ਅੰਜੂ ਕੌਰ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਅਤੇ 6 ਘੰਟੇ ਦੀ ਕਾਨੂੰਨ ਕੰਮ ਦਿਹਾੜੀ ਲਾਗੂ ਕਰਵਾਉਣ ਲਈ ਹਰ ਮਹੀਨੇ ਦੇ ਚੌਥੇ ਸ਼ੁੱਕਰਵਾਰ ਪੰਜਾਬ ਸਮੂਹ ਡੀ ਸੀ ਦਫਤਰਾਂ ਤੇ ਐੱਸ ਡੀ ਐੱਮ ਦਫਤਰਾਂ 'ਬਨੇਗਾ ਐਕਸ਼ਨ ਡੇਅ' ਮਨਾਉਣ ਦੇ ਫੈਸਲੇ ਮੁਤਾਬਿਕ ਇਥੇ ਡੀ. ਸੀ. ਦਫਤਰ ਵਿਖੇ ਨੌਜਵਾਨਾਂ ਤੇ ਵਿਦਿਆਰਥੀਆਂ ਵੱਲੋਂ ਲਗਾਤਾਰ ਤੀਜਾ ਬਨੇਗਾ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਚਮੇਲੀ, ਜ਼ਿਲ੍ਹਾ ਆਗੂ ਅੰਜੂ ਕੌਰ ਰਾਜੋਵਾਲਾ, ਜ਼ਿਲ੍ਹਾ ਆਗੂ ਗੋਰਾ ਪਿਪਲੀ, ਵਿਦਿਆਰਥੀ ਆਗੂ ਰੁਪਿੰਦਰ ਕੌਰ ਤੇ ਗਗਨਦੀਪ ਕੌਰ ਨੇ ਕੀਤੀ। ਇਸ ਮੌਕੇ ਵੱਖ ਵੱਖ ਪਿੰਡਾਂ ਤੇ ਵਿੱਦਿਅਕ ਅਦਾਰਿਆਂ ਵਿੱਚੋਂ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਏਥੇ ਰੁਜ਼ਗਾਰ ਨਾ ਹੋਣ ਕਾਰਨ ਵਿਦੇਸ਼ਾਂ ਵੱਲ ਜਾ ਰਹੀ ਹੈ, ਪੰਜਾਬ ਵਿੱਚ ਘਰਾਂ ਦੇ ਘਰ ਖਾਲੀ ਹੋ ਰਹੇ ਹਨ ਤਾਂ ਸਮੇਂ ਦੀ ਲੋੜ ਬਣ ਜਾਂਦੀ ਹੈ ਕਿ ਉਨ੍ਹਾਂ ਨੌਜਵਾਨਾਂ/ਵਿਦਿਆਰਥੀਆਂ ਸਹੀ ਸੇਧ ਦੇਣ ਲਈ ਲਾਮਬੰਦ ਕੀਤਾ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਪੇਸ਼ ਕੀਤੇ ਸਾਲਾਨਾ ਬਜਟ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਆਪ ਸਰਕਾਰ ਦਾ ਇਹ ਚੌਥਾ ਬਜਟ ਹੈ ਤੇ ਪਹਿਲਾਂ ਦੀ ਤਰ੍ਹਾਂ ਇਸ ਬਜਟ ਵਿੱਚ ਵੀ ਪੰਜਾਬ ਦੀ ਬੇਰੁਜ਼ਗਾਰ ਜਵਾਨੀ ਦੇ ਰੁਜ਼ਗਾਰ ਦੇ ਮੁੱਦੇ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ, ਜੋਕਿ ਨਿਹਾਇਤ ਨਿੰਦਣਯੋਗ ਹੈ। ਉਨ੍ਹਾਂ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੋਵੇਂ ਜਥੇਬੰਦੀਆਂ ਪਿਛਲੇ ਲੰਮੇ ਸਮੇਂ ਤੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇ ਲਈ ਕੰਮ ਕਰ ਰਹੀਆਂ ਹਨ।ਇਹ ਕਾਨੂੰਨ ਹਰ 18 ਤੋਂ 58 ਸਾਲ ਦੇ ਮਰਦ-ਇਸਤਰੀ ਨੂੰ, ਹਰ ਹੱਥ ਨੂੰ ਉਸ ਦੀ ਯੋਗਤਾ ਅਨੁਸਾਰ ਕੰਮ ਤੇ ਅਨੁਸਾਰ ਤਨਖਾਹ ਦੀ ਗਰੰਟੀ ਕਰੇਗਾ।ਇਹ ਲਹਿਰ ਦੇਸ਼ ਪੱਧਰ 'ਤੇ ਸਰਗਰਮ ਰੂਪ 'ਚ ਕੰਮ ਕਰ ਰਹੀ ਹੈ, ਜ਼ਰੂਰਤ ਹੈ ਇਸ ਨੂੰ ਹਰ ਘਰ ਤੱਕ ਲੈ ਕੇ ਜਾਇਆ ਜਾਵੇ। ਦੇਸ਼ ਦਾ ਹਰ ਨੌਜਵਾਨ ਇਸ ਦਾ ਹਿੱਸਾ ਬਣੇ ਤੇ ਅਸੀਂ ਹਰ ਇੱਕ ਲਈ ਯੋਗਤਾ ਅਨੁਸਾਰ ਕੰਮ ਦੀ ਗਰੰਟੀ ਦਾ ਇਹ ਕਾਨੂੰਨ ਜਿੱਤ ਸਕੀਏ।ਉਨ੍ਹਾਂ ਨੌਜਵਾਨਾਂ/ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਓ ਇਸ ਲਹਿਰ ਦਾ ਹਿੱਸਾ ਬਣੀਏ।ਪਿੰਡਾਂ ਵਿੱਚ ਇਸ ਤਰ੍ਹਾਂ ਦੇ ਪ੍ਰੋਗਰਾਮ, ਟ੍ਰੇਨਿੰਗ ਕੈਂਪ ਜਥੇਬੰਦੀਆਂ ਵੱਲੋਂ ਲਗਾਤਾਰ ਹੋ ਰਹੇ ਹਨ, ਉਹ ਇਨ੍ਹਾਂ ਦਾ ਹਿੱਸਾ ਬਣ ਸਿੱਖਣ ਤੇ ਆਗੂ ਬਣਨ।ਇਸ ਮੌਕੇ ਪ੍ਰਦਰਸ਼ਨ ਨੂੰ ਵਿਦਿਆਰਥੀ ਆਗੂ ਰਾਜਦੀਪ ਕੌਰ, ਸੌਰਵ ਸਿੰਘ, ਸੁਰਜੀਤ ਸਿੰਘ, ਕਰਨੈਲ ਸਿੰਘ, ਗੁਰਦੀਪ ਸਿੰਘ, ਵੀਰ ਸਿੰਘ ਕੰਮੇਆਣਾ, ਬਲਕਾਰ ਸਿੰਘ ਸਹੋਤਾ ਤੇ ਬਸੰਤ ਸਿੰਘ ਭਾਣਾ ਨੇ ਵੀ ਸੰਬੋਧਨ ਕੀਤਾ।

# ਬਨੇਗਾ ਪ੍ਰਾਪਤੀ ਮੁਹਿੰਮ ਵੱਲੋਂ ਐੱਸ ਡੀ ਐੱਮ ਦਫਤਰ ਅੱਗੇ ਪ੍ਰਦਰਸ਼ਨ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਤੇ ਛੇ ਘੰਟੇ ਦੀ ਕਾਨੂੰਨ ਕੰਮ ਦਿਹਾੜੀ ਲਾਗੂ ਕਰਵਾਉਣ ਲਈ ਹਰ ਮਹੀਨੇ ਦੇ ਚੌਥੇ ਸ਼ੁੱਕਰਵਾਰ ਪੰਜਾਬ ਸਮੂਹ ਡੀ ਸੀ ਦਫਤਰਾਂ ਤੇ ਐੱਸ ਡੀ ਐੱਮ ਦਫਤਰਾਂ ਅੱਗੇ 'ਬਨੇਗਾ ਐਕਸ਼ਨ ਡੇਅ' ਮਨਾਉਣ ਦੇ ਫੈਸਲੇ ਮੁਤਾਬਿਕ ਅੱਜ ਇਥੇ ਐੱਸ ਡੀ ਐੱਮ ਦਫਤਰ ਵਿਖੇ ਨੌਜਵਾਨਾਂ ਵੱਲੋਂ ਲਗਾਤਾਰ ਤੀਜਾ ਬਨੇਗਾ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕੀਤੀ।ਇਸ ਮੌਕੇ ਵੱਖ ਵੱਖ ਪਿੰਡਾਂ ਵਿੱਚ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਏਥੇ ਰੁਜ਼ਗਾਰ ਨਾ ਹੋਣ ਕਾਰਨ ਵਿਦੇਸ਼ਾਂ ਵੱਲ ਜਾ ਰਹੀ ਹੈ, ਪੰਜਾਬ ਵਿੱਚ ਘਰਾਂ ਦੇ ਘਰ ਖਾਲੀ ਹੋ ਰਹੇ ਹਨ।ਇਸ ਸਮੇਂ ਲੋੜ ਬਣ ਜਾਂਦੀ ਹੈ ਕਿ ਉਨ੍ਹਾਂ ਨੌਜਵਾਨਾਂ-ਵਿਦਿਆਰਥੀਆਂ ਜਿਨ੍ਹਾਂ ਨੂੰ ਕੋਈ ਰਾਸਤਾ ਦਿਖਾਈ ਨਹੀਂ ਦੇ ਰਿਹਾ ਤੇ ਨਾ ਹੀ ਸਮੇਂ ਦੀਆਂ ਸਰਕਾਰਾਂ ਉਨ੍ਹਾਂ ਦੀ ਯੋਗਤਾ ਦਾ ਮੁੱਲ ਪਾ ਰਹੀਆਂ ਹਨ, ਨੂੰ ਸਹੀ ਸੇਧ ਦੇਣ ਲਈ ਲਾਮਬੰਦ ਕੀਤਾ ਜਾਵੇ।ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਪੇਸ਼ ਕੀਤੇ ਸਲਾਨਾ ਬਜਟ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਆਪ ਸਰਕਾਰ ਦਾ ਇਹ ਚੌਥਾ ਬਜਟ ਹੈ ਤੇ ਪਹਿਲਾਂ ਦੀ ਤਰ੍ਹਾਂ ਇਸ ਬਜਟ ਵਿੱਚ ਵੀ ਪੰਜਾਬ ਦੀ ਬੇਰੁਜ਼ਗਾਰ ਜਵਾਨੀ ਦੇ ਰੁਜ਼ਗਾਰ ਦੇ ਮੁੱਦੇ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ, ਜੋ ਕਿ ਨਿਹਾਇਤ ਨਿੰਦਣਯੋਗ ਹੈ।ਉਨ੍ਹਾਂ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੋਵੇਂ ਜਥੇਬੰਦੀਆਂ ਪਿਛਲੇ ਲੰਮੇ ਸਮੇਂ ਤੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇ ਲਈ ਕੰਮ ਕਰ ਰਹੀਆਂ ਹਨ। ਉਨ੍ਹਾਂ ਨੌਜਵਾਨਾਂ-ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਓ ਇਸ ਲਹਿਰ ਦਾ ਹਿੱਸਾ ਬਣੀਏ।ਪਿੰਡਾਂ ਵਿੱਚ ਇਸ ਤਰ੍ਹਾਂ ਦੇ ਪ੍ਰੋਗਰਾਮ, ਟ੍ਰੇਨਿੰਗ ਕੈਂਪ ਜਥੇਬੰਦੀਆਂ ਵੱਲੋਂ ਲਗਾਤਾਰ ਹੋ ਰਹੇ ਹਨ, ਉਹ ਇਨ੍ਹਾਂ ਦਾ ਹਿੱਸਾ ਬਣ ਸਿੱਖਣ ਤੇ ਆਗੂ ਬਣਨ। ਇਸ ਮੌਕੇ ਪ੍ਰਦਰਸ਼ਨ ਨੂੰ ਧਰਮਿੰਦਰ ਰਹਿਮੇਸ਼ਾਹ, ਮਨਜੀਤ ਛਾਂਗਾ ਰਾਏ, ਕਰਨੈਲ ਸਵਾਇਆ, ਸੁਖਚੈਨ ਸਵਾਇਆ, ਅਮਰਜੀਤ ਨੂਰੇ ਕੇ, ਪ੍ਰੇਮ ਖੈਰੇ ਕੇ, ਗੁਰਮੀਤ ਖੈਰੇ ਕੇ, ਪਿਆਰਾ ਮੇਘਾ, ਬਲਵਿੰਦਰ ਸਰੂਪੇ ਵਾਲਾ ਆਦਿ ਹਾਜ਼ਰ ਸਨ।

# ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਵੱਲੋਂ ਨਿਗਰਾਨ ਇੰਜੀਨੀਅਰ ਡਰੇਨਜ਼ ਨੂੰ ਮੰਗ ਪੱਤਰ

## ਦਰਜਾ ਚਾਰ ਮੁਲਾਜ਼ਮਾਂ ਨੂੰ ਪੋਕਲਾਈਨ ਮਸ਼ੀਨਾਂ ਚਲਾਉਣ ਵਾਲਾ ਪੱਤਰ ਵਾਪਸ ਲਿਆ ਜਾਵੇ : ਕਾਠਗੜ੍ਹ, ਸਿੱਧੂ, ਭੁੱਲਰ



**ਜ਼ੀਰਾ (ਨਰਿੰਦਰ ਅਨੇਜਾ)**-ਡਰੇਨਜ਼ ਵਿਭਾਗ ਦੇ ਦਰਜ਼ਾ ਚਾਰ ਮੁਲਾਜ਼ਮਾਂ ਦੀਆਂ ਹੋਰ ਵਿਭਾਗਾਂ ਵਿੱਚ ਬਦਲੀਆਂ ਕਰਕੇ ਜਬਰਨ ਪੋਕਲਾਈਨ ਮਸ਼ੀਨਾਂ ਚਲਾਉਣ ਦੇ ਪੱਤਰ ਦਾ ਫੀਲਡ ਕਾਮਿਆਂ ਦੀ ਜਥੇਬੰਦੀ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਨੇ ਸਖ਼ਤ ਐਕਸ਼ਨ ਲੈਂਦਿਆਂ ਉਸ ਪੱਤਰ ਦਾ ਵਿਰੋਧ ਕਰਦਿਆਂ ਨਿਗਰਾਨ ਇੰਜੀਨੀਅਰ ਡਰੇਨਜ਼ ਡਵੀਜ਼ਨ ਫਿਰੋਜ਼ਪੁਰ ਢੀਂਗਰਾ ਨੂੰ ਮੰਗ ਪੱਤਰ ਦੇ ਕੇ ਵਾਪਸ ਸਬ ਡਵੀਜ਼ਨਾਂ ਵਿੱਚ ਵਾਪਸ ਭੇਜਣ ਦੀ ਮੰਗ ਕੀਤੀ ਹੈ।ਇਸ ਮੌਕੇ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਫੁੰਮਣ ਸਿੰਘ ਕਾਠਗੜ੍ਹ ਦੀ ਅਗਵਾਈ ਹੇਠ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਨਿਗਰਾਨ ਇੰਜੀਨੀਅਰ ਢੀਂਗਰਾ ਫਿਰੋਜ਼ਪੁਰ ਨੂੰ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਫੁੰਮਣ ਸਿੰਘ ਕਾਠਗੜ੍ਹ, ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਫਿਰੋਜ਼ਪੁਰ, ਦਰਸ਼ਨ ਸਿੰਘ ਜ਼ਿਲ੍ਹਾ ਪ੍ਰਧਾਨ ਫਾਜ਼ਿਲਕਾ, ਸੁਲੱਖਣ ਸਿੰਘ ਵਿੱਤ ਸਕੱਤਰ, ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ, ਦਰਸ਼ਨ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਫਾਜ਼ਿਲਕਾ, ਸੁਲੱਖਣ ਸਿੰਘ ਵਿੱਤ ਸਕੱਤਰ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਵੱਖ ਵੱਖ ਵਿਭਾਗਾਂ ਵਿੱਚ ਖਾਲੀ ਪਈਆਂ ਪੋਸਟਾਂ ਨੂੰ ਰੈਗੂਲਰ ਭਰਤੀ ਕਰੇ ਤੇ ਪਹਿਲਾਂ ਤੋਂ ਵਿਭਾਗਾਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪ੍ਰੇਸ਼ਾਨ ਨਾ ਕੀਤਾ ਜਿਵੇਂ।ਉਨ੍ਹਾਂ ਕਿਹਾ ਕਿ ਡਰੇਨਜ਼ ਵਿਭਾਗ ਵਿੱਚ ਕੰਮ ਕਰਦੇ ਬੇਲਦਾਰਾਂ ਨੂੰ ਪੋਕਲੀਨ ਮਸ਼ੀਨਾਂ ਚਲਾਉਣ ਦੇ ਪੱਤਰ ਨੂੰ ਤੁਰੰਤ ਰੱਦ ਕਰਦਿਆਂ ਉਨ੍ਹਾਂ ਨੂੰ ਵਾਪਸ ਲਿਆ ਜਾਵੇ ਤਾਂ ਜੋ ਉਹ ਆਪੋ ਆਪਣੀਆਂ ਸਬ ਡਵੀਜ਼ਨਾਂ ਵਿੱਚ ਪ੍ਰੇਸ਼ਾਨ ਨਾ ਹੋਣ ਦੀ ਬਜਾਏ ਆਪਣੀਆਂ ਡਿਊਟੀਆਂ ਇਮਾਨਦਾਰੀ ਨਾਲ ਨਿਭਾਅ ਸਕਣ।ਇਸ ਮੌਕੇ ਮੀਟਿੰਗ ਵਿੱਚ ਸੁਖਦੇਵ ਸਿੰਘ ਮੈਣੀ, ਸੰਜੀਵ ਵਰਮਾ, ਸੁਲੱਖਣ ਸਿੰਘ, ਬਲਵੰਤ ਸਿੰਘ, ਰਾਜ ਕੁਮਾਰ ਆਦਿ ਹਾਜ਼ਰ ਸਨ।

# ਸਰਕਾਰੀ ਪ੍ਰਾਇਮਰੀ ਸਕੂਲਾਂ 'ਚ ਵਿਦਿਆਰਥੀਆਂ ਦੇ ਫ਼ਰਜ਼ੀ ਦਾਖਲਿਆਂ ਵਿਰੁੱਧ ਅਵਾਜ਼ ਚੁੱਕੀ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**

ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਫ਼ਰਜ਼ੀ ਦਾਖਲੇ ਦੇ ਮਸਲੇ 'ਤੇ ਡੈਮੋਕ੍ਰੈਟਿਕ ਟੀਚਰਜ਼ ਫਰੰਟ ਵੱਲੋਂ ਪ੍ਰੈੱਸ ਕਾਨਫਰੰਸ ਦਾ ਆਯੋਜਨ ਕੀਤਾ ਗਿਆ।

ਜਥੇਬੰਦੀ ਦੇ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਦਾਤਾ ਸਿੰਘ ਨਮੋਲ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸੰਗਰੂਰ, ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਤੇ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਦੱਸਿਆ ਕਿ ਸਰਕਾਰੀ ਪ੍ਰਾਇਮਰੀ ਸਕੂਲ ਸੋਹੀਆਂ ਬਲਾਕ ਸੰਗਰੂਰ-1 ਦੀ ਇੰਚਾਰਜ ਅਧਿਆਪਕਾ ਵੱਲੋਂ ਜਨਵਰੀ ਮਹੀਨੇ ਵਿੱਚ ਡੀ.ਈ.ਓ. ਐਲੀਮੈਂਟਰੀ ਨੂੰ ਸ਼ਿਕਾਇਤ ਕੀਤੀ ਗਈ ਕਿ ਬਲਾਕ ਦੇ ਬੀ.ਪੀ.ਈ.ਓ. ਵੱਲੋਂ ਸਕੂਲ ਦੇ ਆਨਲਾਈਨ ਪੋਰਟਲ ਈ-ਪੰਜਾਬ ਉੱਤੇ 33 ਫ਼ਰਜ਼ੀ ਵਿਦਿਆਰਥੀ ਦਾਖਲ ਕਰ ਦਿੱਤੇ ਗਏ ਹਨ। ਇਸੇ ਤਰ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਰੁਲਦੂ ਸਿੰਘ ਵਾਲਾ ਬਲਾਕ ਧੂਰੀ ਦੀ ਮੈਨੇਜਮੈਂਟ ਕਮੇਟੀ ਨੇ ਸ਼ਿਕਾਇਤ ਕੀਤੀ ਕਿ ਸਕੂਲ ਵਿੱਚ ਦਸੰਬਰ ਦੀਆਂ ਛੁੱਟੀਆਂ ਵਿੱਚ 19 ਫ਼ਰਜ਼ੀ ਵਿਦਿਆਰਥੀ ਆਨਲਾਈਨ ਪੋਰਟਲ ਉੱਤੇ ਦਾਖਲ ਕਰ ਦਿੱਤੇ ਗਏ।

ਆਗੂਆਂ ਨੇ ਦੱਸਿਆ ਕਿ ਇਹ ਫ਼ਰਜ਼ੀ ਦਾਖਲੇ ਇਸ ਲਈ ਕੀਤੇ ਗਏ ਤਾਂ ਜੁ ਇਨ੍ਹਾਂ ਸਕੂਲਾਂ ਵਿੱਚ ਹੈੱਡ ਟੀਚਰ ਦੀ ਅਸਾਮੀ ਮਨਜ਼ੂਰ ਕਰਾਈ ਜਾ ਸਕੇ ਤੇ ਜ਼ਿਲ੍ਹੇ ਵਿੱਚ ਹੋ ਰਹੀਆਂ ਈਟੀਟੀ ਤੋਂ ਹੈੱਡ ਟੀਚਰਾਂ ਦੀਆਂ ਪ੍ਰਮੋਸ਼ਨਾਂ ਦੌਰਾਨ ਆਪਣੇ ਚਹੇਤੇ ਅਧਿਆਪਕ ਨੂੰ ਉਸਦੇ ਘਰ ਨੇੜੇ ਇਹਨਾਂ ਸਟੇਸ਼ਨਾਂ ਉੱਤੇ ਫਿੱਟ ਕੀਤਾ ਜਾ ਸਕੇ।ਜ਼ਿਕਰਯੋਗ ਹੈ ਕਿ ਪ੍ਰਾਇਮਰੀ ਸਕੂਲਾਂ ਵਿੱਚ ਹੈੱਡ ਟੀਚਰ ਦੀ ਅਸਾਮੀ ਉਦੋਂ ਬਣਦੀ ਹੈ, ਜਦੋਂ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 60 ਤੋਂ ਵੱਧ ਹੋਵੇ। ਜਥੇਬੰਦੀ ਦੀ ਜ਼ਿਲ੍ਹਾ ਕਮੇਟੀ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸੰਗਰੂਰ ਨੂੰ ਇਸ ਮਾਮਲੇ ਦੀ ਸ਼ਿਕਾਇਤ ਕੀਤੀ ਗਈ। ਸੂਬਾ ਕਮੇਟੀ ਵੱਲੋਂ ਵੀ ਇਹ ਸ਼ਿਕਾਇਤ ਸਿੱਖਿਆ ਮੰਤਰੀ ਨੂੰ ਕੀਤੀ ਗਈ।ਉਸ ਤੋਂ ਬਾਅਦ ਜ਼ਿਲ੍ਹਾ ਕਮੇਟੀ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ, ਮੁੱਖ ਮੰਤਰੀ ਪੰਜਾਬ ਦੇ ਨਾਂਅ ਇਹ ਸ਼ਿਕਾਇਤ ਭੇਜੀ ਗਈ।

ਜਥੇਬੰਦੀ ਦੀ ਸੂਬਾ ਕਮੇਟੀ ਸਿੱਖਿਆ ਮੰਤਰੀ ਦੇ ਓ.ਐੱਸ.ਡੀ. ਨੂੰ ਵੀ ਇਸ ਮਾਮਲੇ ਉੱਤੇ ਮਿਲੀ, ਪ੍ਰੰਤੂ ਇਨ੍ਹਾਂ ਸ਼ਿਕਾਇਤਾਂ ਹੋਈਆਂ ਨੂੰ ਤਿੰਨ ਮਹੀਨੇ ਦੇ ਕਰੀਬ ਦਾ ਸਮਾਂ ਹੋ ਜਾਣ ਦੇ ਬਾਅਦ ਵੀ ਇਸ ਮਾਮਲੇ ਵਿੱਚ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਈ ਹੈ। ਬਲਕਿ ਦੋਸ਼ੀ ਬੀ.ਪੀ.ਈ.ਓ. ਨੂੰ ਸਿੱਖਿਆ ਵਿਭਾਗ ਵੱਲੋਂ ਤਰੱਕੀ ਦੇ ਦਿੱਤੀ ਗਈ ਹੈ।

ਆਗੂਆਂ ਨੇ ਕਿਹਾ ਕਿ ਇਸ ਮਾਮਲੇ ਵਿੱਚ ਡੀ.ਈ.ਓ. ਦੀ ਭੂਮਿਕਾ ਗਹਿਰੇ ਸ਼ੱਕ ਦੇ ਘੇਰੇ ਵਿੱਚ ਹੈ, ਕਿਉਂਕਿ ਉਸਨੇ ਸੈਸ਼ਨ ਦੇ ਅੰਤ 'ਤੇ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਵੱਡੀ ਗਿਣਤੀ ਵਾਧੇ ਉੱਤੇ ਕੋਈ ਸ਼ੰਕਾ ਕਰਨ ਦੀ ਬਜਾਏ ਉੱਥੇ ਤੁਰੰਤ ਹੈੱਡ ਟੀਚਰ ਦੀ ਅਸਾਮੀ ਬਣਾ ਕੇ ਕੁਝ ਨਵੇਂ ਪ੍ਰਮੋਟ ਹੋਏ ਹੈੱਡ ਟੀਚਰਾਂ ਨੂੰ ਉੱਥੇ ਐਡਜਸਟ ਕਰਨ ਦੀ ਤਤਪਰਤਾ ਦਿਖਾਈ। ਇਹੀ ਕਾਰਨ ਹੈ ਕਿ ਡੀ.ਈ.ਓ. ਵੱਲੋਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਾਉਣ ਦੀ ਬਜਾਏ ਇਸ ਦੀ ਜਾਂਚ ਵਿੱਚ ਬੇਨਿਯਮੀਆਂ ਕੀਤੀਆਂ ਜਾ ਰਹੀਆਂ ਹਨ ਤੇ ਇਸ ਮਾਮਲੇ ਨੂੰ ਠੰਢੇ ਬਸਤੇ ਪਾ ਕੇ ਇਸ ਨੂੰ ਰਫ਼ਾ-ਦਫ਼ਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਇਸ ਤਰ੍ਹਾਂ ਜਿੱਥੇ ਇਸ ਮਾਮਲੇ ਵਿੱਚ ਵੱਡੀ ਰਿਸ਼ਵਤਖੋਰੀ ਦੀ ਸੰਭਾਵਨਾ ਹੈ, ਉੱਥੇ ਜਾਅਲੀ ਅਸਾਮੀਆਂ ਬਣਾ ਕੇ ਸਰਕਾਰੀ ਖ਼ਜ਼ਾਨੇ ਨੂੰ ਵੱਡਾ ਚੂਨਾ ਵੀ ਲਾਇਆ ਗਿਆ ਹੈ।

ਜਾਂਚ ਅਧਿਕਾਰੀਆਂ ਦੀ ਭੂਮਿਕਾ ਵੀ ਬੇਨਿਯਮੀਆਂ ਭਰਪੂਰ ਰਹੀ ਹੈ।ਇੱਕ ਜਾਂਚ ਅਧਿਕਾਰੀ ਨੇ ਤਾਂ ਸ਼ਿਕਾਇਤ ਕਰਤਾ ਅਧਿਆਪਕਾ ਦੇ ਫੋਨ ਵਿੱਚੋਂ ਇਸ ਮਾਮਲੇ ਨਾਲ ਸਬੰਧਤ ਅਹਿਮ ਸਬੂਤ ਮਿਟਾ ਦਿੱਤੇ।ਆਗੂਆਂ ਨੇ ਕਿਹਾ ਕਿ ਉੱਚ ਅਧਿਕਾਰੀਆਂ ਵੱਲੋਂ ਵੀ ਇਸ ਮਾਮਲੇ ਵਿੱਚ ਕੋਈ ਸੰਜੀਦਗੀ ਨਹੀਂ ਦਿਖਾਈ ਜਾ ਰਹੀ।ਜਥੇਬੰਦੀ ਵੱਲੋਂ ਇਸ ਮਾਮਲੇ ਦੀ ਸਾਈਬਰ ਤੇ ਵਿਜੀਲੈਂਸ ਜਾਂਚ ਲਈ ਸਬੰਧਤ ਅਦਾਰਿਆਂ ਨੂੰ ਅਰਜ਼ੀਆਂ ਦਿੱਤੀਆਂ ਗਈਆਂ ਹਨ ਤੇ 01 ਅਪ੍ਰੈਲ ਨੂੰ ਡੀ.ਈ.ਓ. ਵਿਰੁੱਧ ਰੋਸ ਧਰਨਾ ਵੀ ਦਿੱਤਾ ਜਾਵੇਗਾ।ਕਾਨਫਰੰਸ ਵਿੱਚ ਉਕਤ ਆਗੂਆਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਆਗੂ ਜੁਝਾਰ ਸਿੰਘ ਤੇ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਸੰਜੀਵ ਮਿੰਟੂ ਤੇ ਬਲਜੀਤ ਨਮੋਲ ਵੀ ਹਾਜ਼ਰ ਸਨ।

# 'ਆਪ' ਦਾ ਬਜਟ ਪੰਜਾਬ ਦੇ ਨਾਗਰਿਕਾਂ ਦੀ ਭਲਾਈ ਲਈ ਘੋਰ ਅਣਦੇਖੀ : ਮਾਣੂੰਕੇ, ਚਰਨਪ੍ਰੀਤ



**ਬਾਘਾ ਪੁਰਾਣਾ (ਮਨੀ ਸਿੰਗਲਾ)**

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ ਤੇ ਨਗਰ ਕੌਂਸਲ ਦੇ ਸਾਬਕਾ ਕੌਂਸਲਰ ਤੇ ਕਿਸਾਨ ਆਗੂ ਚਰਨਪ੍ਰੀਤ ਸਿੰਘ ਨੇ ਪੰਜਾਬ ਬਜਟ 'ਤੇ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਆਮ ਆਦਮੀ ਪਾਰਟੀ (ਆਪ) ਸਰਕਾਰ ਵੱਲੋਂ ਪੇਸ਼ ਕੀਤੇ ਗਏ ਪੰਜਾਬ ਬੱਜਟ 2025-26 ਦੀ ਨਿੰਦਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹਰਪਾਲ ਚੀਮਾ ਦੁਆਰਾ ਪੇਸ਼ ਕੀਤੇ ਗਏ ਬਜਟ ਨੂੰ ਪੰਜਾਬ ਦੇ ਆਮ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਇੱਕ ਗੰਭੀਰ ਅਸਫਲਤਾ ਵਜੋਂ ਦੇਖਿਆ ਜਾ ਰਿਹਾ ਹੈ।ਇੱਕ ਤਿੱਖੀ ਆਲੋਚਨਾ ਵਿੱਚ ਅਮਰਜੀਤ ਸਿੰਘ ਮਾਣੂੰਕੇ ਤੇ ਚਰਨਪ੍ਰੀਤ ਸਿੰਘ ਨੇ ਕਿਹਾ ਕਿ ਵਿੱਤੀ ਸਾਲ 2025-26 ਲਈ 'ਆਪ' ਸਰਕਾਰ ਦਾ ਬਜਟ ਪੰਜਾਬ ਦੇ ਨਾਗਰਿਕਾਂ ਦੀ ਭਲਾਈ ਲਈ ਇੱਕ ਘੋਰ ਅਣਦੇਖੀ ਹੈ।'ਭਵਿੱਖਵਾਦੀ' ਦ੍ਰਿਸ਼ਟੀ ਬਾਰੇ ਸ਼ੇਖੀ ਮਾਰਨ ਦੇ ਬਾਵਜੂਦ, ਇਸ ਬਜਟ ਵਿਚ ਬੁਨਿਆਦੀ ਘਾਟ ਹੈ। ਔਰਤਾਂ ਨੂੰ ਮਹੀਨਾਵਾਰ ਗ੍ਰਾਂਟ ਲਈ ਫੰਡ ਅਲਾਟ ਕਰਨ ਵਿਚ ਅਸਫਲਤਾ ਹੈ। ਇਹ ਸਾਡੇ ਲੋਕਾਂ ਦੁਆਰਾ ਦਰਪੇਸ਼ ਆਰਥਿਕ ਸੰਘਰਸ਼ਾਂ ਦੀ ਜਾਣ-ਬੁੱਝ ਕੇ ਅਣਗਹਿਲੀ ਹੈ।ਅਖੌਤੀ 'ਬਦਲਦਾ ਪੰਜਾਬ ਰੋਡਮੈਪ' ਕੁੱਝ ਵੀ ਨਹੀਂ ਹੈ, ਪਰ ਜਦੋਂ ਸਾਡੇ ਲੋਕਾਂ ਲਈ ਤੁਰੰਤ ਰਾਹਤ ਤੇ ਸਮਰਥਨ ਦੀ ਗੱਲ ਆਉਂਦੀ ਹੈ ਤਾਂ ਖੋਖਲਾ ਵਾਅਦਾ, ਲੋੜਵੰਦਾਂ ਨੂੰ ਸਿੱਧੀ ਵਿੱਤੀ ਸਹਾਇਤਾ ਨੂੰ ਨਜ਼ਰਅੰਦਾਜ਼ ਕਰਦੇ ਹੋਏ ਸ਼ਾਨਦਾਰ ਪ੍ਰਾਜੈਕਟਾਂ 'ਤੇ ਆਪ ਦਾ ਧਿਆਨ ਉਨ੍ਹਾਂ ਦੀਆਂ ਗਲਤ ਤਰਜੀਹਾਂ ਦਾ ਪ੍ਰਮਾਣ ਹੈ। ਉਨ੍ਹਾਂ ਪੰਜਾਬ ਸਰਕਾਰ ਦੇ ਬੱਜਟ ਨੂੰ ਕਿਸਾਨਾਂ ਲਈ ਬਹੁਤ ਹੀ ਨਿਰਾਸ਼ਾਜਨਕ ਦੱਸਿਆ ਕਿਉਂਕਿ ਪੰਜਾਬ ਖ਼ੇਤੀ ਪ੍ਰਧਾਨ ਸੂਬਾ ਹੈ, ਜਿੱਥੇ ਖੇਤੀ ਲਗਭਗ 63 ਪ੍ਰੀਸ਼ਦ ਪੇਂਡੂ ਅਬਾਦੀ ਖੇਤੀਬਾੜੀ 'ਤੇ ਨਿਰਭਰ ਕਰਦੀ ਹੈ ਤੇ ਪੰਜਾਬ ਦੀ ਖੇਤੀਬਾੜੀ ਸੂਬੇ ਦੇ ਕੁਲ ਘਰੇਲੂ ਉਤਪਾਦਨ ਵਿੱਚ ਉਦਯੋਗ ਦੇ ਬਰਾਬਰ ਹੀ 27-28 ਪ੍ਰੀਸ਼ਦ ਪ੍ਰੰਤੂ ਬੜੇ ਅਫ਼ਸੋਸ ਦੀ ਗੱਲ ਹੈ ਕਿ ਜਿਹੜਾ ਪੰਜਾਬ ਦਾ ਕੁਲ ਬੱਜਟ 2 ਲੱਖ 36 ਹਜ਼ਾਰ ਤੇ 80 ਕਰੋੜ ਪੇਸ਼ ਕੀਤਾ ਗਿਆ ਹੈ। ਉਸ ਵਿੱਚ ਖੇਤੀਬਾੜੀ ਤੇ ਉਸ ਦੇ ਸਹਾਇਕ ਧੰਦਿਆਂ ਨੂੰ ਸਿਰਫ਼ 'ਤੇ ਸਿਰਫ਼ 14524 ਕਰੋੜ ਰੁਪਏ ਹੀ ਅਲਾਟ ਕੀਤੇ ਗਏ ਹਨ।

ਉਨ੍ਹਾਂ ਬੱਜਟ 'ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਤਿੰਨਾਂ ਸਾਲਾਂ ਵਿਚ ਪੰਜਾਬ ਸਿਰ ਕਰਜ਼ਾ ਲਗਭਗ 4 ਲੱਖ ਕਰੋੜ ਰੁਪਏ ਹੋ ਗਿਆ ਹੈ। ਇਸ ਦਾ ਵਿਆਜ ਤਾਰਨ ਤੇ ਹੋਰ ਸਰਕਾਰ ਵੱਲੋਂ ਜਿਹੜੇ ਘਰੇਲੂ ਕਰਜ਼ੇ ਲਏ ਹਨ।ਉਨ੍ਹਾਂ ਦਾ ਭੁਗਤਾਨ ਕਰਨ 'ਤੇ ਹੀ ਬੱਜਟ ਦਾ 20 ਫੀਸਦੀ ਹਿੱਸਾ ਖ਼ਰਚ ਹੋ ਜਾਵੇਗਾ।ਉਨ੍ਹਾਂ ਅੱਗੇ ਕਿਹਾ ਕਿ ਕੁਲ ਮਿਲਾ ਕੇ ਪਿਛਲੇ ਤਿੰਨ ਸਾਲਾਂ ਦੀ ਤਰ੍ਹਾਂ ਜਿਹੜਾ ਚੌਥੇ ਸਾਲ ਦਾ ਬਜਟ ਪੇਸ਼ ਕੀਤਾ ਇਹ ਵੀ ਦਿਸ਼ਾ ਹੀਣ ਕਿਸਾਨਾਂ-ਮਜ਼ਦੂਰਾਂ ਤੇ ਆਮ ਲੋਕਾਂ ਨੂੰ ਨਿਰਉਤਸ਼ਾਹ ਕਰਨ ਵਾਲਾ ਹੈ।

# ਤੁਸੀਂ ਇਤਲਾਹ ਦਿਓ, ਕਾਰਵਾਈ ਅਸੀਂ ਕਰਾਂਗੇ : ਏ ਡੀ ਜੀ ਪੀ




**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਨਸ਼ਿਆਂ ਤੋਂ ਮੁਕੰਮਲ ਤੌਰ 'ਤੇ ਮੁਕਤ ਕਰਨ ਲਈ ਪੰਜਾਬ ਪੁਲਸ ਤੇ ਪ੍ਰਸ਼ਾਸਨ ਵੱਲੋਂ ਆਰੰਭ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਜ਼ਿਲ੍ਹਾ ਮੋਗਾ ਵਿੱਚ ਸਫਲ ਬਣਾਉਣ ਦਾ ਸੱਦਾ ਦਿੰਦਿਆਂ ਵਧੀਕ ਡਾਇਰੈਕਟਰ ਜਨਰਲ ਪੁਲਸ ਸ੍ਰੀ ਸ਼ਿਵੇ ਕੁਮਾਰ ਵਰਮਾ ਨੇ ਕਿਹਾ ਕਿ ਨਸ਼ਿਆਂ ਖਿਲਾਫ ਲੜਾਈ ਵਿੱਚ ਸਮੂਹ ਨਾਗਰਿਕਾਂ ਦੇ ਸਰਗਰਮ ਸਹਿਯੋਗ ਦੀ ਲੋੜ ਹੈ।ਸਥਾਨਕ ਮੈਰਿਜ ਪੈਲੇਸ ਵਿਖੇ ਰੱਖੇ ਇੱਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਮਹਿਜ਼ ਇੱਕ ਪ੍ਰੋਗਰਾਮ ਨਹੀਂ, ਬਲਕਿ ਸਮਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਇਕ ਅੰਦੋਲਨ ਹੈ, ਜਿਸ ਵਿੱਚ ਹਰ ਵਰਗ ਨੂੰ ਸ਼ਾਮਲ ਕਰਨ ਦਾ ਮੁੱਖ ਮਕਸਦ ਇਸ ਸਮਾਜਿਕ ਬੁਰਾਈ ਦਾ ਰਲ ਮਿਲ ਕੇ ਖਾਤਮਾ ਕਰਨਾ ਮਿਥਿਆ ਗਿਆ ਹੈ।ਉਨ੍ਹਾਂ ਕਿਹਾ ਕਿ ਸਮਾਜ ਵਿੱਚ ਆਪਣੇ ਨਿੱਜੀ ਸਵਾਰਥਾਂ ਲਈ ਭੋਲੇ ਭਾਲੇ ਲੋਕਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣ ਵਾਲੇ ਸ਼ਰਾਰਤੀ ਅਨਸਰਾਂ ਨੂੰ ਸਲਾਖਾਂ ਪਿੱਛੇ ਪਹੁੰਚਾ ਕੇ ਕਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੇ ਹੋਏ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣਗੀਆਂ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇ ਨਾਲ ਸਬੰਧਤ ਕਿਸੇ ਵੀ ਗਤੀਵਿਧੀ ਬਾਰੇ ਤੁਸੀਂ ਇਤਲਾਹ ਪੁਲਸ ਨੂੰ ਜ਼ਰੂਰ ਦਿਓ, ਪੁਲਸ ਵੱਲੋਂ ਬਣਦੀ ਕਾਰਵਾਈ ਜ਼ਰੂਰ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਹਰ ਪਿੰਡ ਤੇ ਸ਼ਹਿਰ ਵਿੱਚ ਪੁਲਸ ਜਨਤਕ ਸਹਿਯੋਗ ਦੇ ਨਾਲ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ, ਜਿਸ ਨਾਲ ਨਸ਼ਾ ਵਿਰੋਧੀ ਮੁਹਿੰਮ ਨੂੰ ਮਜ਼ਬੂਤੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦਿੰਦੇ ਹਨ ਉਨ੍ਹਾਂ ਦਾ ਨਾਮ ਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਪੁਲਸ ਦਾ ਕੋਈ ਅਧਿਕਾਰੀ ਜਾਂ ਕਰਮਚਾਰੀ ਕਿਸੇ ਵੀ ਨਸ਼ਾ ਤਸਕਰ ਦੀ ਮਦਦ ਕਰਦਾ ਪਾਇਆ ਜਾਵੇਗਾ ਤਾਂ ਉਸ ਵਿਰੁੱਧ ਕੇਸ ਦਰਜ ਕਰਨ ਦੇ ਨਾਲ ਨਾਲ ਸਖਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।ਉਨ੍ਹਾਂ ਇਹ ਵੀ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਲਈ ਸ਼ਾਨਦਾਰ ਉਪਰਾਲੇ ਕਰਨ ਵਾਲਿਆਂ ਨੂੰ ਪੰਜਾਬ ਪੁਲਸ ਵੱਲੋਂ ਪੂਰਾ ਮਾਣ ਸਨਮਾਨ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਯੂਥ ਦੀ ਊਰਜਾ ਨੂੰ ਸਹੀ ਜਗ੍ਹਾ ਉੱਤੇ ਵਰਤਿਆ ਜਾਵੇ, ਜਿਸ ਦੇ ਬਿਹਤਰ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਇਸ ਮੌਕੇ ਡੀ.ਆਈ.ਜੀ. ਫ਼ਰੀਦਕੋਟ ਰੇਂਜ ਸ੍ਰੀ ਅਸ਼ਵਨੀ ਕਪੂਰ ਤੇ ਜ਼ਿਲ੍ਹਾ ਪੁਲਸ ਮੁਖੀ ਸੰਜੇ ਗਾਂਧੀ ਨੇ ਵੀ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੇ ਵੀ ਨਾਗਰਿਕ ਗੁੰਮਰਾਹ ਹੋ ਕੇ ਨਸ਼ਿਆਂ ਦੇ ਰੋਗ ਦਾ ਸ਼ਿਕਾਰ ਹੋ ਗਏ ਹਨ, ਉਨ੍ਹਾਂ ਦਾ ਇਲਾਜ ਸੰਭਵ ਹੈ ਤੇ ਅਜਿਹੇ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਰਕਾਰੀ ਨਸ਼ਾ ਮੁਕਤੀ ਕੇਂਦਰ ਵਿੱਚ ਦਾਖਲ ਕਰਵਾਇਆ ਜਾਵੇ।ਮੀਟਿੰਗ ਦੌਰਾਨ ਹਾਜ਼ਰ ਪੰਚਾਇਤਾਂ, ਪਿੰਡ ਸੁਰੱਖਿਆ ਕਮੇਟੀਆਂ, ਨੌਜਵਾਨਾਂ ਤੇ ਵਿਦਿਆਰਥੀਆਂ ਨੇ ਇਕਜੁੱਟਤਾ ਨਾਲ ਸਰਗਰਮ ਮਦਦ ਕਰਨ ਦਾ ਵਿਸ਼ਵਾਸ ਦਿਵਾਇਆ। ਸਮਾਗਮ ਦੌਰਾਨ ਮਨੋਰੋਗ ਮਾਹਰ ਡਾਕਟਰ ਚਰਨਪ੍ਰੀਤ ਸਿੰਘ ਬਰਾੜ ਨੇ ਨਸ਼ਿਆਂ ਨਾਲ ਸਬੰਧਤ ਜਾਗਰੂਕਤਾ ਲੈਕਚਰ ਵੀ ਦਿੱਤਾ।ਇਸ ਮੌਕੇ ਬਾਘਾ ਪੁਰਾਣਾ ਦੇ ਐੱਸ ਡੀ ਐੱਮ ਸ੍ਰ ਬੇਅੰਤ ਸਿੰਘ ਸਿੱਧੂ, ਸ੍ਰ ਗੁਰਸ਼ਰਨਜੀਤ ਸਿੰਘ ਸੰਧੂ ਐੱਸ ਪੀ ਤੇ ਸ੍ਰੀ ਬਾਲ ਕ੍ਰਿਸ਼ਨ ਸਿੰਗਲਾ ਐੱਸ ਪੀ, ਥਾਣਾ ਮੁਖੀ ਜਸਵਰਿੰਦਰ ਸਿੰਘ ਸਿੱਧੂ ਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

# ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਸੋਸਾਇਟੀ ਦੀਆਂ ਚੋਣਾਂ ਭਲਕੇ

## *ਪ੍ਰਧਾਨਗੀ ਲਈ ਰਕੇਸ਼ ਕੁਕਰੇਜਾ ਤੇ ਦੇਵਕੀ ਨੰਦਨ ਆਹਮੋ-ਸਾਹਮਣੇ*



**ਰਾਜਪੁਰਾ (ਰਮੇਸ਼ ਕਟਾਰੀਆ)**-ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਸੋਸਾਇਟੀ ਰਾਜਪੁਰਾ ਦੀ ਮੈਨੇਜਮੈਂਟ ਦੀਆਂ ਚੋਣਾਂ 30 ਮਾਰਚ 2025 ਨੂੰ ਹੋਣੀਆਂ ਹਨ, ਜਿਸ ਲਈ ਸੁਸਾਇਟੀ ਦੇ ਵੱਖ-ਵੱਖ ਅਹੁਦਿਆਂ ਲਈ ਚੋਣਾਂ ਲੜਨ ਵਾਲੇ ਉਮੀਦਵਾਰਾਂ ਨੇ ਬੀਤੇ ਦਿਨੀਂ ਆਪਣੇ ਕਾਗਜ਼ ਚੋਣ ਅਧਿਕਾਰੀ ਸ੍ਰੀ ਵਿਜੇ ਗੁਪਤਾ ਕੋਲ ਜਮ੍ਹਾਂ ਕਰਵਾਏ ਸਨ ਅਤੇ ਕਾਗਜ਼ ਵਾਪਸ ਲੈਣ ਦੀ ਤਾਰੀਕ 27 ਮਾਰਚ 2025 ਤੈਅ ਕੀਤੀ ਗਈ ਸੀ, ਜਿਸ 'ਤੇ ਚੋਣ ਅਧਿਕਾਰੀ ਸ੍ਰੀ ਵਿਜੇ ਗੁਪਤਾ ਨੇ ਸਕੂਟਨੀ ਤੋਂ ਬਾਅਦ 27 ਮਾਰਚ 2025 ਦੀ ਸ਼ਾਮ ਨੂੰ ਸਮਾਂ ਪੂਰਾ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਸੁਸਾਇਟੀ ਦੀਆਂ ਵੱਖ ਵੱਖ ਅਹੁਦਿਆਂ ਲਈ ਚੋਣਾਂ ਲੜਨ ਦੇ ਇੱਛੁਕ ਉਮੀਦਵਾਰਾਂ ਵੱਲੋਂ ਕਾਗਜ਼ ਦਾਖਲ ਕੀਤੇ ਗਏ ਸਨ, ਜਿਨ੍ਹਾਂ ਵਿੱਚ ਕਾਗਜ਼ ਜਮਾ ਕਰਨ ਦੇ ਪਹਿਲੇ ਹੀ ਦਿਨ ਉਪ ਪ੍ਰਧਾਨ ਲਈ ਇਕੱਲੇ ਹਰਪ੍ਰੀਤ ਸਿੰਘ ਵੱਲੋਂ ਹੀ ਕਾਗਜ਼ ਦਾਖਲ ਕੀਤੇ ਗਏ ਸਨ ਅਤੇ ਜਨਰਲ ਸਕੱਤਰ ਲਈ ਕਮਲ ਟੰਡਨ ਨੇ ਕਾਗਜ਼ ਦਾਖਲ ਕੀਤੇ ਸਨ, ਜਿਨ੍ਹਾਂ ਨੇ ਕਾਲਜ ਮੈਨੇਜਮੈਂਟ ਸੋਸਾਇਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫਾ ਦਿੰਦੇ ਹੋਏ ਆਪਣੇ ਕਾਗਜ਼ ਵਾਪਸ ਲੈ ਲਏ ਅਤੇ ਬਾਕੀ ਦੇ ਤਿੰਨ ਅਹੁਦਿਆਂ ਲਈ 6 ਉਮੀਦਵਾਰ ਚੋਣ ਮੈਦਾਨ ਵਿੱਚ ਹਨ।ਪ੍ਰਧਾਨਗੀ ਲਈ ਰਕੇਸ਼ ਕੁਮਾਰ ਕੁਕਰੇਜਾ ਤੇ ਦੇਵਕੀ ਨੰਦਨ, ਕੈਸ਼ੀਅਰ ਲਈ ਰਿਤੇਸ਼ ਬੰਸਲ ਤੇ ਅਭਿਨਵ ਉਬਰਾਏ, ਸੈਕਟਰੀ ਲਈ ਚਿਰਾਗ ਕਲੜਾ ਤੇ ਵਿਜੇ ਆਰੀਆ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਪ੍ਰਧਾਨ, ਕੈਸ਼ੀਅਰ ਤੇ ਸੈਕਟਰੀ ਦੇ ਅਹੁਦੇ ਲਈ ਚੋਣਾਂ 30 ਮਾਰਚ ਨੂੰ ਸਵੇਰੇ 10 ਤੋਂ ਸ਼ਾਮ 3 ਵਜੇ ਤੱਕ ਹੋਣਗੀਆਂ ਅਤੇ ਇਨ੍ਹਾਂ ਚੋਣਾਂ ਵਿੱਚ ਮੈਨੇਜਮੈਂਟ ਸੋਸਾਇਟੀ ਦੇ 124 ਮੈਂਬਰ ਆਪਣੀ ਵੋਟ ਦਾ ਇਸਤੇਮਾਲ ਕਰਨਗੇ।ਉਨ੍ਹਾ ਕਿਹਾ ਕਿ ਉਸੇ ਹੀ ਦਿਨ ਵੋਟਾਂ ਦੀ ਗਿਣਤੀ ਤੋਂ ਬਾਅਦ ਜੇਤੂਆਂ ਦਾ ਐਲਾਨ ਕਰ ਦਿੱਤਾ ਜਾਵੇਗਾ।ਸ੍ਰੀ ਵਿਜੇ ਗੁਪਤਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਪ ਪ੍ਰਧਾਨ ਹਰਪ੍ਰੀਤ ਸਿੰਘ ਤੇ ਜਨਰਲ ਸਕੱਤਰ ਦੇ ਅਹੁਦੇ ਲਈ ਅਮਨਪ੍ਰੀਤ ਸਿੰਘ ਨੂੰ ਬਿਨਾਂ ਮੁਕਾਬਲੇ ਹੀ ਜੇਤੂ ਕਰਾਰ ਦੇ ਦਿੱਤਾ ਗਿਆ ਹੈ।

# ਸਰਕਾਰ ਨੇ ਚੌਥੇ ਬਜਟ 'ਚ ਨੌਜਵਾਨਾਂ ਲਈ ਰੁਜ਼ਗਾਰ ਨੂੰ ਕੀਤਾ ਅੱਖੋਂ-ਪਰੋਖੇ : ਬੱਧਨੀ, ਦੀਨਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵੱਲੋਂ ਬਨੇਗਾ ਪ੍ਰਾਪਤੀ ਮੁਹਿੰਮ ਦੇ ਬੈਨਰ ਹੇਠ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਕਰਦੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਪ੍ਰਾਪਤੀ ਲਈ ਅਤੇ 6 ਘੰਟੇ ਦੀ ਕਾਨੂੰਨ ਕੰਮ ਦਿਹਾੜੀ ਲਾਗੂ ਕਰਵਾਉਣ ਲਈ ਹਰ ਮਹੀਨੇ ਦੇ ਚੌਥੇ ਸ਼ੁੱਕਰਵਾਰ ਪੰਜਾਬ ਦੇ ਸਮੂਹ ਡੀ ਸੀ ਦਫਤਰਾਂ ਅੱਗੇ 'ਬਨੇਗਾ ਐਕਸ਼ਨ ਡੇਅ' ਮਨਾਉਣ ਦੇ ਫੈਸਲੇ ਮੁਤਾਬਿਕ ਅੱਜ ਇਥੇ ਡੀ ਸੀ ਦਫਤਰ ਵਿਖੇ ਨੌਜਵਾਨਾਂ ਵੱਲੋਂ ਲਗਾਤਾਰ ਤੀਜਾ ਬਨੇਗਾ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਦੀਨਾ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਦੇ ਜ਼ਿਲ੍ਹਾ ਸਕੱਤਰ ਸਵਰਾਜ ਖੋਸਾ ਨੇ ਕੀਤੀ। ਇਸ ਮੌਕੇ ਵੱਖ ਵੱਖ ਪਿੰਡਾਂ ਵਿੱਚੋਂ ਚੋਣਵੇਂ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ। ਉਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਕਰਮਵੀਰ ਬੱਧਨੀ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਏਥੇ ਰੁਜ਼ਗਾਰ ਨਾ ਹੋਣ ਕਾਰਨ ਵਿਦੇਸ਼ਾਂ ਵੱਲ ਜਾ ਰਹੀ ਹੈ, ਪੰਜਾਬ ਵਿੱਚ ਘਰਾਂ ਦੇ ਘਰ ਖਾਲੀ ਹੋ ਰਹੇ ਹਨ ਤਾਂ ਸਮੇਂ ਲੋੜ ਬਣ ਜਾਂਦੀ ਹੈ ਕਿ ਉਨ੍ਹਾਂ ਨੌਜਵਾਨਾਂ/ਵਿਦਿਆਰਥੀਆਂ ਜਿਨ੍ਹਾਂ ਨੂੰ ਕੋਈ ਰਾਸਤਾ ਦਿਖਾਈ ਨਹੀਂ ਦੇ ਰਿਹਾ ਤੇ ਨਾ ਹੀ ਸਮੇਂ ਦੀਆਂ ਸਰਕਾਰਾਂ ਉਨ੍ਹਾਂ ਦੀ ਯੋਗਤਾ ਦਾ ਮੁੱਲ ਪਾ ਰਹੀਆਂ ਹਨ, ਨੂੰ ਸਹੀ ਸੇਧ ਦੇਣ ਲਈ ਲਾਮਬੰਦ ਕੀਤਾ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿੱਚ ਪੇਸ਼ ਕੀਤੇ ਸਾਲਾਨਾ ਬਜਟ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਆਪ ਸਰਕਾਰ ਦਾ ਇਹ ਚੌਥਾ ਬਜਟ ਹੈ ਤੇ ਪਹਿਲਾਂ ਦੀ ਤਰ੍ਹਾਂ ਇਸ ਬਜਟ ਵਿੱਚ ਵੀ ਪੰਜਾਬ ਦੀ ਬੇਰੁਜ਼ਗਾਰ ਜਵਾਨੀ ਦੇ ਰੁਜ਼ਗਾਰ ਦੇ ਮੁੱਦੇ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ, ਜੋ ਕਿ ਨਿਹਾਇਤ ਨਿੰਦਣਯੋਗ ਹੈ। ਆਗੂਆਂ ਨੇ ਕਿਹਾ ਕਿ ਅੱਜ ਪੂਰੇ ਪੰਜਾਬ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਵੀ ਧਰਨੇ ਦਿੱਤੇ ਜਾ ਰਹੇ ਹਨ।

ਇਸ ਸਮੇਂ ਜਥੇਬੰਦੀ ਦੇ ਕਾਰਕੁਨਾਂ ਨੇ ਇਸ ਧਰਨੇ ਵਿੱਚ ਜਥੇਬੰਦੀ ਦੀ ਦੁਵਾਰਕੀ ਮੈਗਜ਼ੀਨ ਆਦਿ ਵੰਡਣ ਦਾ ਕੰਮ ਵੀ ਕੀਤਾ, ਜਿਸ ਨੂੰ ਪੜ੍ਹ ਕੇ ਆਮ ਲੋਕਾਂ ਨੇ ਉਹ ਤਾਂ ਕਹਿੰਦੀ ਜਥੇਬੰਦੀ ਦੀ ਇਸ ਲੜਾਈ ਦੀ ਹਮਾਇਤ ਕੀਤੀ। ਉਨ੍ਹਾਂ ਕਿਹਾ ਕਿ ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੋਵੇਂ ਜਥੇਬੰਦੀਆਂ ਪਿਛਲੇ ਲੰਮੇ ਸਮੇਂ ਤੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਦੇਸ਼ ਦੀ ਪਾਰਲੀਮੈਂਟ ਵਿੱਚ ਪਾਸ ਹੋਵੇ, ਲਈ ਕੰਮ ਕਰ ਰਹੀਆਂ ਹਨ। ਇਹ ਕਾਨੂੰਨ ਹਰ 18 ਤੋਂ 58 ਸਾਲ ਦੇ ਮਰਦ-ਇਸਤਰੀ ਨੂੰ, ਹਰ ਹੱਥ ਨੂੰ ਉਸਦੀ ਯੋਗਤਾ ਅਨੁਸਾਰ ਕੰਮ ਤੇ ਅਨੁਸਾਰ ਤਨਖਾਹ ਦੀ ਗਰੰਟੀ ਕਰੇਗਾ। ਇਹ ਲਹਿਰ ਦੇਸ਼ ਪੱਧਰ 'ਤੇ ਸਰਗਰਮ ਰੂਪ 'ਚ ਕੰਮ ਕਰ ਰਹੀ ਹੈ, ਜ਼ਰੂਰਤ ਹੈ ਇਸ ਨੂੰ ਹਰ ਘਰ ਤੱਕ ਲੈ ਕੇ ਜਾਇਆ ਜਾਵੇ। ਦੇਸ਼ ਦਾ ਹਰ ਨੌਜਵਾਨ ਇਸ ਦਾ ਹਿੱਸਾ ਬਣੇ ਤੇ ਅਸੀਂ ਹਰ ਇਕ ਲਈ ਯੋਗਤਾ ਅਨੁਸਾਰ ਕੰਮ ਦੀ ਗਰੰਟੀ ਦਾ ਇਹ ਕਾਨੂੰਨ ਜਿੱਤ ਸਕੀਏ। ਉਨ੍ਹਾਂ ਨੌਜਵਾਨਾਂ/ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਆਓ ਇਸ ਲਹਿਰ ਦਾ ਹਿੱਸਾ ਬਣੀਏ। ਇਸ ਮੌਕੇ ਪ੍ਰਦਰਸ਼ਨ ਨੂੰ ਜ਼ਿਲ੍ਹਾ ਸਕੱਤਰ ਜਗਵਿੰਦਰ ਕਾਕਾ, ਸੁੱਖਾ ਮਹੇਸ਼ਰੀ, ਬੋਹੜ ਬੁੱਟਰ, ਸੁਰਿੰਦਰ ਸਿੰਘ, ਕੁਲਵੀਰ ਮਹੇਸਰੀ, ਰਾਜੂ ਮਹੇਸ਼ਰੀ, ਜਬਰਜੰਗ, ਬੂਟਾ ਸਿੰਘ, ਜਸਪ੍ਰੀਤ ਕੌਰ, ਧਰਮਿੰਦਰ ਬੁੱਟਰ, ਹਰਮੀਤ ਕੌਰ ਆਦਿ ਹਾਜ਼ਰ ਸਨ।

## ਦੋ ਵਿਅਕਤੀ ਪੰਜ ਆਧੁਨਿਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਵੱਡੀ ਸਫ਼ਲਤਾ ਹਾਸਲ ਕਰਦਿਆਂ ਕਾਊਂਟਰ ਇੰਟੈਲੀਜੈਂਸ (ਸੀ ਆਈ) ਅੰਮ੍ਰਿਤਸਰ ਨੇ ਪਾਕਿਸਤਾਨ ਦੀ ਹਮਾਇਤ ਵਾਲੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਦੇ ਰੈਕੇਟ ਦਾ ਪਰਦਾਫਾਸ਼ ਕਰਦਿਆਂ ਇਸ ਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਵਿਦੇਸ਼ੀ ਗੈਂਗਸਟਰ ਲਖਬੀਰ ਲੰਡਾ ਅਤੇ ਸੱਤਾ ਨੌਸ਼ਹਿਰਾ ਦੇ ਸਾਥੀਆਂ ਨੂੰ ਅੱਗੇ ਹਥਿਆਰ ਸਪਲਾਈ ਕਰ ਰਹੇ ਸਨ।ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਫਤਿਹ ਸਿੰਘ ਅਤੇ ਗੁਰਪ੍ਰੀਤ ਸਿੰਘ ਦੋਵੇਂ ਵਾਸੀ ਪਿੰਡ ਢੱਲਾ, ਤਰਨਤਾਰਨ ਵਜੋਂ ਹੋਈ ਹੈ।ਪੁਲਸ ਟੀਮਾਂ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਪੰਜ ਅਤਿ-ਆਧੁਨਿਕ ਪਿਸਤੌਲ, ਜਿਨ੍ਹਾਂ ਵਿੱਚ ਦੋ .30 ਬੋਰ ਪੀਐਕਸ5 ਪਿਸਤੌਲ ਅਤੇ ਸਟਾਰ ਮਾਰਕ ਵਾਲੇ ਤਿੰਨ .30 ਬੋਰ ਪਿਸਤੌਲ ਸ਼ਾਮਲ ਹਨ, ਵੀ ਬਰਾਮਦ ਕੀਤੇ ਹਨ।ਡੀ ਜੀ ਪੀ ਨੇ ਕਿਹਾ ਕਿ ਸੀ ਆਈ ਅੰਮ੍ਰਿਤਸਰ ਦੇ ਤਰਨ ਤਾਰਨ ਵਿੰਗ ਦੀ ਟੀਮ ਨੂੰ ਭਰੋਸੇਯੋਗ ਜਾਣਕਾਰੀ ਮਿਲੀ ਸੀ ਕਿ ਫਤਿਹ ਸਿੰਘ ਅਤੇ ਗੁਰਪ੍ਰੀਤ ਸਿੰਘ ਦੇ ਪਾਕਿਸਤਾਨ ਅਧਾਰਤ ਤਸਕਰ ਅਮਰ ਵਾਸੀ ਘੜਕ ਨਾਲ ਸਬੰਧ ਹਨ, ਜੋ ਸਰਹੱਦ ਪਾਰੋਂ ਹਥਿਆਰਾਂ/ਗੋਲੀ-ਸਿੱਕੇ ਦੀ ਖੇਪ ਪਹੁੰਚਾਉਣ ਲਈ ਡਰੋਨ ਦੀ ਵਰਤੋਂ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਪ੍ਰਾਪਤ ਜਾਣਕਾਰੀ ਤੋਂ ਅੱਗੇ ਪਤਾ ਲੱਗਾ ਕਿ ਦੋਸ਼ੀ ਫਤਿਹ ਅਤੇ ਗੁਰਪ੍ਰੀਤ ਨੇ ਹਾਲ ਹੀ ਵਿੱਚ ਗੈਰ-ਕਾਨੂੰਨੀ ਹਥਿਆਰਾਂ/ਗੋਲਾ ਬਾਰੂਦ ਦੀ ਇੱਕ ਵੱਡੀ ਖੇਪ ਹਾਸਲ ਕੀਤੀ ਹੈ ਅਤੇ ਉਨ੍ਹਾਂ ਵੱਲੋਂ ਇਹ ਖੇਪ ਅੰਮ੍ਰਿਤਸਰ ਦੇ ਨਰਾਇਣਗੜ੍ਹ ਵਿਖੇ ਸਰਕਾਰੀ ਸਕੂਲ ਆਫ਼ ਐਮੀਨੈਂਸ ਦੇ ਨੇੜੇ ਪਹੁੰਚਾਉਣ ਦਾ ਸ਼ੱਕ ਹੈ।ਉਨ੍ਹਾਂ ਕਿਹਾ ਕਿ ਇਸ ਸਬੰਧੀ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਸੀਆਈ ਵਿੰਗ ਤਰਨ ਤਾਰਨ ਦੀਆਂ ਪੁਲਸ ਟੀਮਾਂ ਨੇ ਖੁਫੀਆ ਆਪ੍ਰੇਸ਼ਨ ਚਲਾਇਆ ਅਤੇ ਦੋਵੇਂ ਮੁਲਜ਼ਮਾਂ ਨੂੰ ਪੰਜ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰ ਲਿਆ। ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ-ਅਧਾਰਤ ਤਸਕਰ ਅਮਰ ਅਤੇ ਉਸ ਦੇ ਸਾਥੀ ਗੈਂਗਸਟਰ ਲਖਬੀਰ ਸਿੰਘ ਲੰਡਾ ਅਤੇ ਸੱਤਾ ਨੌਸ਼ਹਿਰਾ ਨਾਲ ਮਿਲ ਕੇ ਕੰਮ ਕਰ ਰਹੇ ਹਨ ਅਤੇ ਡਰੋਨ ਦੀ ਮਦਦ ਨਾਲ ਆਪਣੇ ਭਾਰਤੀ ਸਾਥੀਆਂ ਨੂੰ ਗੈਰ-ਕਾਨੂੰਨੀ ਹਥਿਆਰ ਸਪਲਾਈ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਇਹ ਖੁਲਾਸਾ ਵੀ ਹੋਇਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਪਾਕਿਸਤਾਨ-ਅਧਾਰਤ ਤਸਕਰ ਅਮਰ ਦੇ ਲਗਾਤਾਰ ਸੰਪਰਕ ਵਿੱਚ ਸਨ।ਉਨ੍ਹਾਂ ਕਿਹਾ ਕਿ ਇਸ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਰਹੀ ਹੈ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਬਜਟ ਦੀਆਂ ਕਾਪੀਆਂ ਸਾੜੀਆਂ



**ਫਗਵਾੜਾ (ਡਾ. ਰਮਨ)** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ 24-25 ਮਾਰਚ ਨੂੰ ਬਜਟ ਸੈਸ਼ਨ ਦੌਰਾਨ ਮੋਹਾਲੀ ਵਿਖੇ ਲਗਾਤਾਰ ਕੀਤੀਆਂ ਗਈਆਂ ਦੋ ਰੈਲੀਆਂ ਅਤੇ ਵਿਧਾਨ ਸਭਾ ਵੱਲ ਮਾਰਚ ਕਰਕੇ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਵੱਲੋਂ ਪੇਸ ਕੀਤੇ ਗਏ ਬਜਟ 2025-26 ਵਿੱਚ ਪੰਜਾਬ ਦੇ ਸਮੂਹ ਮੁਲਾਜਮਾਂ ਅਤੇ ਪੈਨਸਨਰਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਗਿਆ ਹੈ ਜਿਸ ਨਾਲ ਮੁਲਾਜਮਾਂ ਅਤੇ ਪੈਨਸ਼ਨਰਾਂ ਦੇ ਪੱਲੇ ਘੋਰ ਨਿਰਾਸ਼ਾ ਹੀ ਪਈ ਹੈ। ਸਾਂਝਾ ਫਰੰਟ ਦੇ ਕੀਤੇ ਐਲਾਨ ਅਨੁਸਾਰ ਪੰਜਾਬ ਮੁਲਾਜਮ ਅਤੇ ਪੈਨਸ਼ਨਰਜ ਸਾਂਝਾ ਫਰੰਟ ਫਗਵਾੜਾ ਵਲੋਂ ਮੋਹਨ ਸਿੰਘ ਭੱਟੀ, ਰਾਮ ਲੁਭਾਇਆ ਰਿਹਾਣਾ ਜੱਟਾਂ, ਪਰਮਿੰਦਰ ਪਾਲ ਸਿੰਘ, ਹਰਜਿੰਦਰ ਸਿੰਘ ਨਿਆਣਾ ਆਦਿ ਆਗੂਆਂ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੇ 2025-26 ਦੇ ਬੱਜਟ ਦੀਆਂ ਕਾਪੀਆਂ ਨੂੰ ਸਾੜਦੇ ਹੋਏ ਪੰਜਾਬ ਸਰਕਾਰ ਦਾ ਜੋਰਦਾਰ ਨਾਅਰੇਬਾਜੀ ਕਰਦੇ ਹੋਏ ਪਿੱਟ ਸਿਆਪਾ ਕੀਤਾ। ਇਸ ਮੌਕੇ ਕੁਲਦੀਪ ਸਿੰਘ ਕੌੜਾ, ਗੁਰਮੁਖ ਲੋਕ ਪ੍ਰੇਮੀ, ਪਰਮਿੰਦਰ ਪਾਲ ਸਿੰਘ, ਜਸਵਿੰਦਰ ਸਿੰਘ, ਬਲਵਿੰਦਰ ਕੁਮਾਰ, ਹਰਚਰਨ ਭਾਰਤੀ ਆਦਿ ਆਗੂਆਂ ਨੇ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ ਕੀਤੇ ਗਏ ਪੰਜਾਬ ਦੇ ਬੱਜਟ ਵਿੱਚ ਇੱਕ ਵਾਰ ਫਿਰ ਪੰਜਾਬ ਦੇ ਮੁਲਾਜਮਾਂ ਅਤੇ ਪੈਨਸਨਰਾਂ ਨੂੰ ਅੱਖੋਂ ਪਰੋਖੇ ਕਰਕੇ ਉਹਨਾਂ ਨਾਲ ਵੱਡਾ ਧੋਖਾ ਕੀਤਾ ਗਿਆ ਹੈ। ਇਸ ਮੌਕੇ ਕਵੀ ਸੀਤਲ ਰਾਮ ਬੰਗਾ ਨੇ ਇਨਕਲਾਬੀ ਕਵਿਤਾ ਵੀ ਪੇਸ ਕੀਤੀ।ਇਸ ਸਮੇਂ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ, ਮਲਕੀਅਤ ਸਿੰਘ ਅੱਪਰਾ, ਪ੍ਰੇਮ ਖਲਵਾੜਾ,ਕੇ ਕੇ ਪਾਂਡੇ, ਭੁਪਿੰਦਰ ਸਿੰਘ ਮਾਹੀ,ਰਤਨ ਸਿੰਘ, ਬਲਵੀਰ ਚੰਦ, ਸੀਤਲ ਰਾਮ ਬੰਗਾ, ਸਤਪਾਲ ਸਿੰਘ ਖੱਟਕੜ, ਗੁਰਨਾਮ ਸਿੰਘ ਸੈਣੀ, ਹਰਦੇਵ ਸਿੰਘ, ਹਰਭਜਨ ਲਾਲ ਕੌਲ, ਗੁਰਮੀਤ ਸਿੰਘ, ਗੁਰਬਚਨ ਦਾਸ ਆਦਿ ਜੁਝਾਰੂ ਸਾਥੀ ਹਾਜਰ ਹੋਏ।

## ਕਿਸਾਨਾਂ ਡੀ ਸੀ ਦਫ਼ਤਰ ਅੱਗੇ ਦਿੱਤਾ ਧਰਨਾ

**ਰੂਪਨਗਰ (ਪੱਤਰ ਪ੍ਰੇਰਕ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਜਿਲ੍ਹਾ ਰੂਪਨਗਰ ਨਾਲ ਸੰਬੰਧਿਤ ਜਥੇਬੰਦੀਆਂ ਵੱਲੋਂ ਡੀ ਸੀ ਦਫਤਰ ਰੂਪਨਗਰ ਦੇ ਮੂਹਰੇ ਧਰਨਾ ਦਿੱਤਾ ਗਿਆ ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਨਾਲ ਸੰਬੰਧਿਤ ਸਾਰੀਆਂ ਜਥੇਬੰਦੀਆਂ ਨੇ ਭਾਗ ਲਿਆ। ਕਿਸਾਨਾਂ ਨੇ ਪੰਜਾਬ ਸਰਕਾਰ ਦੇ ਜਬਰ ਵਿਰੁੱਧ ਜੋ ਕਿ ਉਹਨਾਂ ਨੇ ਸੰਯੁਕਤ ਕਿਸਾਨ ਮੋਰਚੇ ਨੂੰ ਚੰਡੀਗੜ੍ਹ ਨਾ ਜਾਣ 'ਤੇ ਅਤੇ ਕਿਸੇ ਤਰ੍ਹਾਂ ਦਾ ਵੀ ਧਰਨਾ ਨਾ ਲਾਉਣ ਵਿਰੁੱਧ ਆਪਣਾ ਜਬਰ ਦਿਖਾਇਆ ਅਤੇ ਬਾਰਡਰਾਂ ਤੇ ਚੱਲ ਰਹੇ ਧਰਨਿਆਂ ਨੂੰ ਜਬਰੀ ਉਠਾਣ ਦੇ ਵਿਰੁੱਧ ਜਮ ਕੇ ਨਾਅਰੇਬਾਜੀ ਕੀਤੀ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹਨਾਂ ਨੇ ਕਿਸਾਨ ਮੋਰਚੇ ਨਾਲ ਟਕਰਾਉਣ ਦੀ ਆਪਣੀ ਨੀਤੀ ਨਾ ਛੱਡੀ ਅਤੇ ਛੱਡ ਕੇ ਭੱਜੀ ਪੰਜਾਬ ਸਰਕਾਰ ਵੱਲੋਂ ਮੀਟਿੰਗ ਨੂੰ ਸਿਰੇ ਨਾ ਲਗਾਇਆ ਤਾਂ ਕਿਸਾਨਾਂ ਵੱਲੋਂ ਆਉਣ ਵਾਲੇ ਦਿਨਾਂ ਵਿੱਚ ਇਸ ਤੋਂ ਵੀ ਤਿੱਖਾ ਅੰਦੋਲਨ ਕੀਤਾ ਜਾਵੇਗਾ। ਇਸ ਧਰਨੇ ਦੀ ਖਾਸ ਗੱਲ ਇਹ ਰਹੀ ਕਿ ਇਸ ਦੇ ਵਿੱਚ ਖਨੌਰੀ ਅਤੇ ਸੰਭੂ ਬਾਰਡਰ 'ਤੇ ਧਰਨਾ ਦੇਣ ਵਾਲੀਆਂ ਜਥੇਬੰਦੀਆਂ ਦੀਆਂ ਰੋਪੜ ਇਕਾਈਆਂ ਨੇ ਸ਼ਿਰਕਤ ਕੀਤੀ। ਧਰਨੇ ਵਿੱਚ ਜਮਹੂਰੀ ਕਿਸਾਨ ਸਭਾ ਤੋਂ ਮਾਸਟਰ ਗਰਨੈਬ ਸਿੰਘ ਜੈਤੇਵਾਲ ਤੇ ਬਲਵੀਰ ਸਿੰਘ ਨੂਰਪੁਰ ਬੇਦੀ ਬੀਕੇਯੂ ਦੁਆਬਾ ਤੋਂ ਜਗਬੀਰ ਸਿੰਘ ਸਾਹਪੁਰ, ਕੁੱਲ ਹਿੰਦ ਕਿਸਾਨ ਸਭਾ ਤੋਂ ਮਾਸਟਰ ਦਲੀਪ ਸਿੰਘ ਘਨੌਲਾ ਤੇ ਸੁਰਜੀਤ ਸਿੰਘ ਢੇਰ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਤੋਂ ਸੁਖਵੀਰ ਸਿੰਘ ਸੁੱਖਾ, ਬੀਕੇਯੂ ਰਾਜੇਵਾਲ ਤੋਂ ਰਣਧੀਰ ਸਿੰਘ ਚੱਕਲ ਤੇ ਪਰਮਿੰਦਰ ਸਿੰਘ ਚਲਾਕੀ, ਕਿਰਤੀ ਕਿਸਾਨ ਮੋਰਚੇ ਤੋਂ ਵੀਰ ਸਿੰਘ ਬੜਵਾ, ਭਾਰਤੀ ਕਿਸਾਨ ਯੂਨੀਅਨ ਬਹਿਰਾਮ ਕੇ ਵੱਲੋਂ ਅਵਤਾਰ ਸਿੰਘ, ਬੀਕੇਯੂ ਕਾਦੀਆਂ ਤੋਂ ਮੋਹਰ ਸਿੰਘ ਖਾਬੜਾ, ਰੇਸਮ ਸਿੰਘ ਬਡਾਲੀ, ਬੀਕੇਯੂ ਖੋਸਾ ਤੋਂ ਜਸਪ੍ਰੀਤ ਸਿੰਘ ਜਿੰਦੂ ਖੋਖਰ, ਅਵਤਾਰ ਸਿੰਘ ਸਹੇੜੀ, ਸੁਰਜੀਤ, ਕਰਨੈਲ ਸਿੰਘ ਬਜਰੂੜ, ਸਮਸੇਰ ਸਿੰਘ ਸੇਰਾ, ਪਰਮਜੀਤ ਸਿੰਘ, ਆਂਗਣਵਾੜੀ ਯੂਨੀਅਨ ਤੋਂ ਗੀਨਾ ਰਾਣੀ, ਪੰਜਾਬ ਸਟੂਡੈਂਟ ਯੂਨੀਅਨ ਤੋਂ ਮਨਪ੍ਰੀਤ ਕੌਰ, ਬੀਕੇਯੂ ਸਿੱਧੂਪੁਰ ਤੋਂ ਅਮਰੀਕ ਸਿੰਘ ਮੀਤ ਪ੍ਰਧਾਨ, ਕਰਨਵੀਰ ਸਿੰਘ ਸਿੱਧੂ, ਭਾਰਤੀ ਕਿਸਾਨ ਯੂਨੀਅਨ ਦੁਆਬਾ ਤੋਂ ਜਗਬੀਰ ਸਿੰਘ ਸਾਹਪੁਰ, ਗੁਰਦੇਵ ਸਿੰਘ ਬਾਗੀ,ਬਜਿੰਦਰ ਪੰਡਤ,ਵਿਜੇ ਲਕਸਮੀ, ਪ੍ਰੇਮ ਚੰਦ ਜੱਟਪੁਰ, ਅਵਤਾਰ ਸਿੰਘ ਸਹੇੜੀ, ਦਲਜੀਤ ਸਿੰਘ ਚਲਾਕੀ ਜਿਲ੍ਹਾ ਪ੍ਰਧਾਨ ਬੀਕੇਯੂ ਲੱਖੋਵਾਲ, ਆਂਗਣਵਾੜੀ ਯੂਨੀਅਨ ਤੋਂ ਅੰਜੂ ਬਾਲਾ, ਹਜਾਰਾ ਸਿੰਘ ਲਸਾੜੀ, ਦੇਵਰਾਜ ਸੈਣੀ ਮਾਜਰਾ, ਸਟੇਜ ਸਕੱਤਰ ਦੀ ਭੂਮਿਕਾ ਧਰਮਪਾਲ ਸੈਣੀ ਕਨਵੀਨਰ ਸੰਯੁਕਤ ਕਿਸਾਨ ਮੋਰਚਾ ਅਤੇ ਜਗਦੀਸ ਲਾਲ ਐਸਡੀਓ ਵੱਲੋਂ ਨਿਭਾਈ ਗਈ।



## ਰੋਜ਼ਗਾਰ ਮੇਲੇ ਦੌਰਾਨ 71 ਉਮੀਦਵਾਰਾਂ ਦੀ ਵੱਖ-ਵੱਖ ਕੰਪਨੀਆਂ ਵੱਲੋਂ ਨੌਕਰੀ ਲਈ ਚੋਣ



**ਨਵਾਂਸ਼ਹਿਰ (ਮਨੋਜ ਲਾਡੀ)**- ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਕੁਰਜੀਤ ਸਿੰਘ ਅਤੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਮੁੱਖ ਕਾਰਜਕਾਰੀ ਅਧਿਕਾਰੀ ਰਾਜੀਵ ਵਰਮਾ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਵਿਖੇ ਰੋਜ਼ਗਾਰ ਮੇਲਾ ਲਗਾਇਆ ਗਿਆ। ਇਸ ਰੋਜ਼ਗਾਰ ਮੇਲੇ ਵਿਚ 123 ਉਮੀਦਵਾਰਾਂ ਨੇ ਭਾਗ ਲਿਆ, ਜਿਨ੍ਹਾਂ ਵਿਚੋਂ 71 ਯੋਗ ਉਮੀਦਵਾਰਾਂ ਦੀ ਵੱਖ-ਵੱਖ ਕੰਪਨੀਆਂ ਵੱਲੋਂ ਨੌਕਰੀ ਲਈ ਚੋਣ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਸੰਦੀਪ ਕੁਮਾਰ ਨੇ ਦੱਸਿਆ ਗਿਆ ਕਿ ਇਸ ਰੋਜ਼ਗਾਰ ਮੇਲੇ ਵਿਚ 14 ਕੰਪਨੀਆਂ, ਜਿਵੇਂ ਕਿ ਟੋਪਾਨ ਸਪੈਸ਼ਲਟੀ ਫਿਲਮਜ਼, ਵਰਧਮਾਨ ਨਿਟਿੰਗਜ਼, ਕੁਐਸ ਗਰੁੱਪ, ਚੈੱਕਮੇਟ ਸਕਿਉਰਿਟੀਜ਼, ਬਜਾਜ ਫਾਈਨਾਂਸ ਆਦਿ ਨੇ ਭਾਗ ਲਿਆ ਅਤੇ ਪੰਜਾਬ ਸਰਕਾਰ ਵੱਲੋਂ ਲਗਾਏ ਇਸ ਰੋਜ਼ਗਾਰ ਮੇਲੇ ਦੌਰਾਨ ਵੱਡੀ ਗਿਣਤੀ ਵਿਚ ਬੇਰੋਜ਼ਗਾਰ ਨੌਜਵਾਨਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਮੌਕਾ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਬੁਲਾਰਿਆ ਵੱਲੋਂ ਪ੍ਰਾਰਥੀਆਂ ਨੂੰ ਆਪਣੇ ਭਵਿੱਖ ਲਈ ਸਹੀ ਸੇਧ ਦੇਣ ਲਈ ਕਾਉਂਸਲਿੰਗ, ਮੁਕਾਬਲੇ ਦੀਆਂ ਪ੍ਰੀਖਿਆਵਾਂ ਸਬੰਧੀ ਜਾਣਕਾਰੀ, ਇੰਟਰਵਿਊ ਦੇਣ ਸਬੰਧੀ ਟਿਪਸ (ਤਰੀਕੇ) ਅਤੇ ਦਫਤਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਬੇਰੋਜ਼ਗਾਰ ਪ੍ਰਾਰਥੀਆਂ ਦੀ ਮੌਕੇ 'ਤੇ ਹੀ ਆਨਲਾਈਨ ਅਤੇ ਆਫਲਾਈਨ ਰਜਿਸਟ੍ਰੇਸ਼ਨ ਵੀ ਕੀਤੀ ਗਈ। ਰੋਜ਼ਗਾਰ ਮੇਲੇ ਵਿਚ ਭਾਗ ਲੈਣ ਵਾਲੇ ਨਿਯੋਜਕਾਂ ਨੂੰ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ ਸ਼ਲਾਘਾ ਪੱਤਰ ਵੀ ਦਿੱਤੇ ਗਏ। ਕਾਲਜ ਦੇ ਵਾਈਸ ਪ੍ਰਿਸੀਪਲ ਪ੍ਰਿਆ ਬਾਵਾ ਵੱਲੋਂ ਰੋਜ਼ਗਾਰ ਮੇਲੇ ਨੂੰ ਸੰਪੂਰਨ ਕਰਵਾਉਣ ਹਿੱਤ ਸਮੂਹ ਨਿਯੋਜਕਾਂ, ਪ੍ਰਾਰਥੀਆਂ ਅਤੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਸਮੂਹ ਸਟਾਫ ਦਾ ਧੰਨਵਾਦ ਕੀਤਾ ਗਿਆ।

## 'ਪ੍ਰਸ਼ਾਸਨ ਬੇਲੋੜੇ ਨੋਟਿਸ ਕੱਢ ਕੇ ਪਿੰਡਾਂ ਵਾਸੀਆਂ ਨੂੰ ਤੰਗ-ਪ੍ਰੇਸ਼ਾਨ ਕਰ ਰਿਹੈ'



**ਮੁਹਾਲੀ (ਗੁਰਜੀਤ ਬਿੱਲਾ)** ਸਥਾਨਕ ਨਗਰ ਨਿਗਮ ਅਧੀਨ ਆਉਂਦੇ ਪਿੰਡਾਂ ਦੇ ਵਸਨੀਕਾਂ ਨੂੰ ਪ੍ਰਸ਼ਾਸ਼ਨ ਬੇਲੋੜੇ ਨੋਟਿਸ ਕੱਢਕੇ ਉਨ੍ਹਾਂ ਨੂੰ ਆਰਥਿਕ, ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਗ ਪ੍ਰੇਸ਼ਾਨ ਕਰ ਰਿਹਾ ਹੈ ਜਿਸ ਪ੍ਰਤੀ ਲੋਕਾਂ ਵਿੱਚ ਭਾਰੀ ਗੁੱਸਾ ਅਤੇ ਨਾਰਾਜ਼ਗੀ ਪਾਈ ਜਾ ਰਹੀ ਹੈ।ਪ੍ਰਭਾਵਿਤ ਪਿੰਡ ਸੋਹਾਣਾ, ਮਦਨਪੁਰ, ਸ਼ਾਹੀ ਮਾਜਰਾ, ਕੁੰਭੜਾ, ਮਟੌਰ ਅਤੇ ਮੁਹਾਲੀ ਦੀ ਵਸਨੀਕਾਂ ਦੀ ਸਾਂਝੀ ਮੀਟਿੰਗ ਸ਼ਾਹੀ ਮਾਜਰਾ ਵਿਖੇ ਹੋਈ ਜਿਸ ਵਿੱਚ ਭਾਰੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਨਗਰ ਨਿਗਮ ਖ਼ਿਲਾਫ਼ ਚਲਾਏ ਜਾਣ ਵਾਲੇ ਵਿਆਪਕ ਸੰਘਰਸ਼ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਇਕੱਠ ਦੌਰਾਨ ਵੱਖ-ਵਿਖ ਸਿਆਸੀ ਪਾਰਟੀ ਦੇ ਆਗੂਆਂ ਤੋਂ ਇਲਾਵਾ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਵੀ ਸ਼ਿਰਕਤ ਕਰਕੇ ਪੀੜਤ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਨਗਰ ਨਿਗਮ ਦੀ ਕਥਿਤ ਵਧੀਕੀ ਵਿਰੁੱਧ ਲੋਕਾਂ ਵੱਲੋਂ ਕੀਤੇ ਜਾਣ ਵਾਲੇ ਕਿਸੇ ਵੀ ਸੰਘਰਸ਼ ਵਿੱਚ ਉਹ ਹਰ ਪੱਖੋਂ ਸਹਿਯੋਗ ਕਰਨਗੇ।ਇਸ ਇਕੱਠ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ, ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਸਵੀਰ ਸਿੰਘ ਜੱਸਾ, ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਖੁਸ਼ਵੰਤ ਰਾਏ ਗੀਗਾ, ਦਲਿਤ ਚੇਤਨਾ ਮੰਚ ਪੰਜਾਬ ਦੇ ਪ੍ਰਧਾਨ ਸ਼ਮਸ਼ੇਰ ਪੁਰਖਾਲਵੀ, ਮਿਉਂਸਪਲ ਕੌਂਸਲਰ ਜਗਦੀਸ਼ ਸਿੰਘ ਜੱਗਾ, ਨੰਬਰਦਾਰ ਕੁਲਦੀਪ ਸਿੰਘ, ਹਰਪਾਲ ਸਿੰਘ, ਨਾਹਰ ਸਿੰਘ ਮਦਨਪੁਰ, ਅੰਮ੍ਰਿਤਪਾਲ ਸਿੰਘ, ਹੀਰਾ ਸਿੰਘ, ਨਰਿੰਦਰ ਸਿੰਘ ਅਤੇ ਆਸ਼ੂ ਕੁਮਾਰ ਤੋਂ ਇਲਾਵਾ ਕਈ ਹੋਰ ਆਗੂਆਂ ਨੇ ਵੀ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਨਗਰ ਨਿਗਮ ਦੇ ਮੇਅਰ, ਕਮਿਸ਼ਨਰ ਅਤੇ ਤਮਾਮ ਮਿਊਂਸਪਲ ਕੌਂਸਲਰਾਂ ਨੂੰ ਨਿੱਜੀ ਤੌਰ 'ਤੇ ਮਿਲਕੇ ਲੋੜੀਂਦੀ ਕਾਰਵਾਈ ਦੀ ਮੰਗ ਕੀਤੀ ਜਾਵੇਗੀ।ਇਕੱਠ ਵਿੱਚ ਸ਼ਾਮਲ ਸਮੂਹ ਲੋਕਾਂ ਨੇ ਨਗਰ ਨਿਗਮ ਨੂੰ ਚਿਤਾਵਨੀ ਦਿੱਤੀ ਕਿ ਅਗਰ ਸਥਾਨਕ ਵਸਨੀਕਾਂ ਨੂੰ ਬੇਵਜ੍ਹਾ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਤਾਂ ਪ੍ਰਸ਼ਾਸਨ ਵਿਰੁੱਧ ਇੱਕ ਫੈਸਲਾਕੁੰਨ ਸੰਘਰਸ਼ ਵਿੱਢਿਆ ਜਾਵੇਗਾ ਜਿਸ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਨਾਕਾਰਾਤਮਿਕ ਸਿੱਟਿਆਂ ਲਈ ਨਿਗਮ ਪ੍ਰਸ਼ਾਸਨ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਵੇਗਾ।

## ਐੱਸ ਕੇ ਐੱਮ ਦੇ ਸੱਦੇ 'ਤੇ ਸਮੂਹ ਕਿਸਾਨਾਂ ਨੇ ਦਿੱਤਾ ਡੀ ਸੀ ਦਫਤਰ ਅੱਗੇ ਰੋਸ ਧਰਨਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਐਸ ਕੇ ਐਮ ਦੇ ਸੱਦੇ 'ਤੇ ਸਾਰੇ ਭਾਰਤ ਵਿੱਚ ਜਬਰ ਵਿਰੁੱਧ ਸਾਰੇ ਡੀ ਸੀ ਦਫਤਰਾਂ ਅੱਗੇ ਧਰਨੇ ਦਿੱਤੇ ਜਾ ਰਹੇ ਹਨ, ਇਸ ਦੀ ਲੜੀ ਵਜੋਂ ਅੱਜ ਡੀ ਸੀ ਦਫਤਰ ਹੁਸ਼ਿਆਰਪੁਰ ਵਿਖੇ ਇੱਕ ਵਿਸ਼ਾਲ ਧਰਨਾ ਦਿੱਤਾ ਗਿਆ।ਜ਼ਿਲ੍ਹਾ ਮੈਜਿਸਟ੍ਰੇਟ ਹੁਸ਼ਿਆਰਪੁਰ ਰਾਹੀਂ ਦੋ ਮੰਗ ਪੱਤਰ ਗਵਰਨਰ ਪੰਜਾਬ ਅਤੇ ਰਾਸ਼ਟਰਪਤੀ ਭਾਰਤ ਨੂੰ ਆਪਣੀਆਂ ਮੰਗਾਂ ਸਬੰਧੀ ਦਿੱਤੇ ਗਏ। ਇਹ ਧਰਨਾ ਗਿਆਰ੍ਹਾ ਵਜੇ ਤੋਂ ਤਿੰਨ ਵਜੇ ਤੱਕ ਦਿੱਤਾ ਗਿਆ।ਇਸ ਧਰਨੇ ਵਿੱਚ ਸ.ਮਨਜੀਤ ਸਿੰਘ ਰਾਏ ਨੂੰ ਜੇਲ੍ਹ ਤੋਂ ਬਾਹਰ ਆਉਣ ਤੇ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਵਿੱਚ ਬੁਲਾਰਿਆਂ ਨੇ ਮੰਗ ਕੀਤੀ ਕਿ ਧਰਨਿਆਂ ਤੋਂ ਕਿਸਾਨਾਂ ਦਾ ਚੁੱਕਿਆ ਸਮਾਨ ਟ੍ਰਾਲੀਆਂ ਸਮੇਤ ਵਾਪਿਸ ਕੀਤਾ ਜਾਵੇ। ਜਿਹੜਾ ਸਮਾਨ ਚੋਰੀ ਹੋਇਆ ਉਸ ਦੀ ਭਰਪਾਈ ਪੰਜਾਬ ਸਰਕਾਰ ਕਰੇ।ਸਾਰੇ ਬੁਲਾਰਿਆਂ ਨੇ ਕਿਸਾਨਾ ਨੂੰ ਇਕ ਮੰਚ ਤੇ ਇਕੱਠੇ ਹੋਣ ਦੀ ਅਪੀਲ ਕੀਤੀ। ਇਸ ਧਰਨੇ ਨੂੰ ਜੰਗਵੀਰ ਸਿੰਘ ਚੋਹਾਨ, ਹਰਬੰਸ ਸਿੰਘ ਸੰਘਾ ਦੋਨੋਂ ਮੈਂਬਰ ਐਸ.ਕੇ. ਐਮ., ਦਰਸ਼ਨ ਸਿੰਘ ਮੱਟੂ ਕੁਲ ਹਿੰਦ ਕਿਸਾਨ ਸਭਾ, ਕੁਲਭੂਸ਼ਨ ਜਮਹੂਰੀ ਕਿਸਾਨ ਸਭਾ, ਮਲਕੀਤ ਸਿੰਘ ਸਲੇਮਪੁਰ, ਹਰਮੇਸ਼ ਸਿੰਘ ਢੇਸੀ ਕਿਰਤੀ ਕਿਸਾਨ ਯੂਨੀਅਨ, ਕਾਮਰੇਡ ਭੁਪਿੰਦਰ ਸਿੰਘ ਭੂੰਗਾ, ਬੀ.ਕੇ.ਯੂ ਕਾਦੀਆਂ ਵਲੋਂ ਸਤਪਾਲ ਡਡਿਆਣਾ, ਬੀ.ਕੇ.ਯੂ. ਉਗਰਾਹਾਂ ਵਲੋਂ ਰਜਿੰਦਰ ਸਿੰਘ, ਬੀ.ਕੇ.ਯੂ. ਦੋਆਬਾ ਵਲੋਂ ਮਨਜੀਤ ਸਿੰਘ ਰਾਏ, ਆਜ਼ਾਦ ਕਿਸਾਨ ਕਮੇਟੀ ਵਲੋਂ ਹਰਪਾਲ ਸੰਘਾ, ਬਲਕਾਰ ਸਿੰਘ ਮਲੀ ਕਿਸਾਨ ਮਜ਼ਦੂਰ ਹਿਤਕਾਰੀ ਸਭਾ, ਕਿਸਾਨ ਕਮੇਟੀ ਦੁਆਬਾ ਵਲੋਂ ਸਤਵੀਰ ਸਿੰਘ, ਜਸਮੀਤ ਸਿੰਘ ਭੱਠਲ ਸ਼ੇਰੇ ਪੰਜਾਬ ਕਿਸਾਨ ਯੂਨੀਅਨ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਵਲੋਂ ਗੁਰਦੀਪ ਸਿੰਘ, ਤਰਕਸ਼ੀਲ ਸੁਸਾਇਟੀ ਵਲੋਂ ਸੁਖਜੀਤ ਸਿੰਘ, ਪੰਜਾਬ ਕਿਸਾਨ ਯੂਨੀਅਨ ਵਲੋਂ ਧਿਆਨ ਸਿੰਘ ਅਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਬੁਲਾਰੇ ਜਗਦੀਸ਼ ਸਿੰਘ ਗਿਲ ਨੇ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਜਗਤਾਰ ਸਿੰਘ ਭਿੰਡਰ, ਸਤਪਾਲ ਸਿੰਘ ਅਤੇ ਡਾ. ਸੁਖਦੇਵ ਸਿੰਘ ਢਿਲੋਂ ਨੇ ਕੀਤੀ।

## ਨਸ਼ੀਲੀਆਂ ਗੋਲੀਆਂ ਸਮੇਤ ਔਰਤ ਕਾਬੂ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਐਸ ਐਸ ਪੀ ਮਹਿਤਾਬ ਸਿੰਘ ਵੱਲੋਂ ਚਲਾਈ ਨਸ਼ਾ ਵਿਰੋਧੀ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਚੌਕੀ ਦੇ ਇੰਚਾਰਜ ਏ ਐਸ ਆਈ ਗੁਰਬਖਸ਼ ਸਿੰਘ, ਹੈਡ ਕਾਂਸਟੇਬਲ ਜਰਨੈਲ ਸਿੰਘ ਦੀ ਪੁਲਸ ਪਾਰਟੀ ਦੇ ਨਾਲ ਗਸ਼ਤ ਤੇ ਜਾ ਰਹੇ ਸੀ ਕਿ ਪਿੰਡ ਦਿਲਾਵਰਪੁਰ ਦੇ ਨੇੜੇ ਇੱਕ ਔਰਤ ਪਲਾਸਟਿਕ ਦਾ ਲਿਫਾਫਾ ਲੈ ਕੇ ਆ ਰਹੀ ਸੀ ਪੁਲਸ ਨੂੰ ਵੇਖ ਕੇ ਪਲਾਸਟਿਕ ਦਾ ਲਿਫਾਫਾ ਸੁੱਟ ਕੇ ਪਿੱਛੇ ਨੂੰ ਮੁੜਨ ਲੱਗੀ ਤਾਂ ਸ਼ੱਕ ਦੇ ਅਧਾਰ 'ਤੇ ਪੁਲਸ ਨੇ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 30 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਏ ਐਸ ਆਈ ਗੁਰਬਖਸ਼ ਸਿੰਘ ਨੇ ਦੱਸਿਆ ਕਿ ਇਸ ਔਰਤ ਦੀ ਪਹਿਚਾਣ ਨੇਹਾ ਕੁਮਾਰੀ ਪਤਨੀ ਗੌਰਵ ਕੁਮਾਰ ਨਿਵਾਸੀ ਮੁਹੱਲਾਂ ਤਾਜਪੁਰ ਰਾਹੋਂ ਦੇ ਰੂਪ ਵਿੱਚ ਹੋਈ।ਇਸ ਦੇ ਖਿਲਾਫ ਥਾਣਾ ਰਾਹੋਂ ਵਿਖੇ ਐਨ ਡੀ ਪੀ ਐਸ ਤਹਿਤ ਮਾਮਲਾ ਦਰਜ ਕੀਤਾ ਗਿਆ।

## .ਫ਼ਸਲੀ ਵਿਭਿੰਨਤਾ ਸਮੇਂ ਦੀ ਮੁੱਖ ਲੋੜ : ਆਸ਼ਿਕਾ ਜੈਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਿਟਰਸ ਅਸਟੇਟ ਅਤੇ ਫੈਪਰੋ, ਭੂੰਗਾ ਦਾ ਦੌਰਾ ਕਰਦਿਆਂ ਫ਼ਸਲੀ ਵਿਭਿੰਨਤਾ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਕਿਸਾਨਾਂ ਨੂੰ ਸਮੇਂ ਦੀ ਮੰਗ ਅਨੁਸਾਰ ਬਾਗਬਾਨੀ ਨੂੰ ਵੱਡੇ ਪੱਧਰ 'ਤੇ ਅਪਣਾਉਣ ਦਾ ਸੱਦਾ ਦਿੱਤਾ।ਸਿਟਰਸ ਅਸਟੇਟ ਵਿਖੇ ਕਿੰਨੂਆਂ ਦੀ ਗ੍ਰੇਡਿੰਗ ਅਤੇ ਵੈਕਸਿੰਗ ਯੂਨਿਟ, ਕਿਸਾਨਾਂ ਨੂੰ ਕਿਰਾਏ 'ਤੇ ਦਿੱਤੀ ਜਾਂਦੀ ਖੇਤੀ ਮਸ਼ੀਨਰੀ, ਕਿਸਾਨਾਂ ਲਈ ਵਿਸ਼ੇਸ਼ੇ ਤੌਰ 'ਤੇ ਤਿਆਰ ਕੀਤੀ ਜਾਂਦੀ ਜੈਵਿਕ ਖਾਦ ਅਤੇ ਖੇਤੀ ਨਾਲ ਸਬੰਧਤ ਦਵਾਈਆਂ ਮੁਹੱਈਆ ਕਰਵਾਉਣ ਆਦਿ ਦੀ ਸਮੀਖਿਆ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਕਿਸਾਨਾਂ ਨੂੰ ਸਬਜ਼ੀਆਂ-ਫ਼ਲਾਂ ਦੀ ਕਾਸ਼ਤ ਲਈ ਸਿਟਰਸ ਅਸਟੇਟ ਦੇ ਮਾਹਰਾਂ ਦਾ ਵੱਧ ਤੋਂ ਵੱਧ ਸਹਿਯੋਗ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਿਟਰਸ ਅਸਟੇਟ ਰਾਹੀਂ ਫ਼ਲਾਂ-ਸਬਜ਼ੀਆਂ ਦੀ ਕਾਸ਼ਤ ਕਰ ਰਹੇ ਕਿਸਾਨਾਂ ਨੂੰ ਆਧੁਨਿਕ ਤਕਨੀਕਾਂ, ਖਾਦਾਂ ਦੀ ਲੋੜੀਂਦੀ ਮਾਤਰਾ ਤੋਂ ਇਲਾਵਾ ਆਪਣੀ ਪੈਦਾਵਾਰ ਦੇ ਢੁਕਵੇਂ ਮੰਡੀਕਰਨ ਵਿਚ ਵੱਡੀ ਮਦਦ ਮਿਲ ਸਕਦੀ ਹੈ। ਬਾਗਬਾਨੀ ਦੇ ਖੇਤਰ ਵਿਚ ਸਿਟਰਸ ਅਸਟੇਟ ਸੰਬੰਧੀ ਡਿਪਟੀ ਕਮਿਸ਼ਨਰ ਨੂੰ ਜਾਣਕਾਰੀ ਦਿੰਦਿਆਂ ਚੇਅਰਮੈਨ-ਕਮ-ਸੀ.ਈ.ਓ. ਡਾ. ਜਸਪਾਲ ਸਿੰਘ ਢੇਰੀ ਨੇ ਦੱਸਿਆ ਕਿ ਇਸ ਯੂਨਿਟ ਨਾਲ 1400 ਦੇ ਕਰੀਬ ਕਿਸਾਨ ਜੁੜੇ ਹੋਏ ਹਨ ਜਿਹੜੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਸਮੇਂ-ਸਮੇਂ 'ਤੇ ਲੋੜੀਂਦਾ ਲਾਭ ਲੈ ਰਹੇ ਹਨ।ਉਨ੍ਹਾਂ ਦੱਸਿਆ ਕਿ ਬਾਗਬਾਨੀ ਨੂੰ ਅਪਣਾ ਕੇ ਕਿਸਾਨ ਤੁਪਕਾ ਸਿੰਚਾਈ ਦੇ ਮਾਧਿਅਮ ਰਾਹੀਂ ਕੁਦਰਤੀ ਸੋਮੇ ਪਾਣੀ ਦੀ ਬਚਤ ਕਰ ਸਕਦੇ ਹਨ। ਡਾ. ਢੇਰੀ ਨੇ ਦੱਸਿਆ ਕਿ ਇਸ ਸੀਜਨ ਦੌਰਾਨ ਅਸਟੇਟ ਵੱਲੋਂ ਲਗਭਗ 1000 ਟਨ ਕਿੰਨੂ ਦੀ ਗ੍ਰੇਡਿੰਗ ਅਤੇ ਵੈਕਸਿੰਗ ਕੀਤੀ ਗਈ ਜਿਹੜੀ ਕਿ ਆਉਂਦੇ ਸਮੇਂ ਵਿਚ ਹੋਰ ਵਧੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਮੂੰਗਫਲੀ ਦੀ ਕਾਸ਼ਤ ਦੀਆਂ ਅਸੀਮ ਸੰਭਾਵਨਾਵਾਂ ਹਨ।

## ਕੁਲਵੰਤ ਸਿੰਘ ਨੇ ਵਿਧਾਨ ਸਭਾ 'ਚ ਥਾਣਿਆਂ 'ਚ ਪਏ ਦੁਰਘਟਨਾਗ੍ਰਸਤ ਵਾਹਨਾਂ ਦੀ ਨਿਲਾਮੀ ਦਾ ਚੁੱਕਿਆ ਮੁੱਦਾ

**ਮੋਹਾਲੀ (ਗੁਰਜੀਤ ਬਿੱਲਾ)** 16ਵੀਂ ਪੰਜਾਬ ਵਿਧਾਨ ਸਭਾ ਦੇ 8ਵੇਂ ਸੈਸ਼ਨ ਦੇ ਛੇਵੇਂ ਦਿਨ ਐਸ ਏ ਐਸ ਨਗਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਵੰਤ ਸਿੰਘ ਵੱਲੋਂ ਜ਼ੀਰੋ ਆਵਰ ਦੌਰਾਨ ਪੰਜਾਬ ਵਿਧਾਨ ਸਭਾ ਵਿੱਚ ਪੰਜਾਬ ਦੀ ਗੰਭੀਰ ਸਮੱਸਿਆ ਦਾ ਮੁੱਦਾ ਚੁੱਕਿਆ ਗਿਆ। ਉਨ੍ਹਾਂ ਕਿਹਾ ਕਿ ਥਾਣਿਆਂ ਦੇ ਚਾਰੇ ਪਾਸੇ ਦੁਰਘਟਨਾ ਗ੍ਰਸਤ ਵਾਹਨ ਪਏ ਹੁੰਦੇ ਹਨ ਜੋ ਕਿ ਬੜਾ ਗੰਭੀਰ ਮਾਮਲਾ ਹੈ।ਵਾਹਨਾਂ ਦੇ ਬਹੁਤ ਵੱਡੇ ਢੇਰ/ਗਿਣਤੀ ਹੋਣ ਕਾਰਨ ਇੰਨ੍ਹਾਂ ਵਿੱਚ ਮੱਛਰ ਅਤੇ ਹੋਰ ਜਾਨਵਰਾਂ ਦੇ ਪੈਦਾ ਹੋਣ ਨਾਲ ਬਿਮਾਰੀਆਂ ਲੱਗਣ ਦਾ ਡਰ ਬਣਿਆ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਥਾਣਿਆਂ ਅੰਦਰ 39,000 ਹਜ਼ਾਰ ਦੇ ਕਰੀਬ ਦੁਰਘਟਨਾ ਗ੍ਰਸਤ ਵਾਹਨ ਪਏ ਨੇ, ਜਿੰਨ੍ਹਾਂ ਦੀ ਬਹੁਤ ਜਲਦੀ ਨਿਲਾਮੀ ਕਰ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਇਹ 39,000 ਹਜ਼ਾਰ ਵਾਹਨ ਵੇਚ ਦਿੱਤੇ ਜਾਣ, ਜੇਕਰ ਇੱਕ ਵਾਹਨ 25 ਤੋਂ 30 ਹਜ਼ਾਰ ਦੇ ਕਰੀਬ ਵਿਕਦਾ ਹੈ, ਤਾਂ ਇੰਨ੍ਹਾਂ ਦੀ ਕੁੱਲ ਕੀਮਤ 125 ਕਰੋੜ ਤੋਂ ਲੈ ਕੇ 150 ਕਰੋੜ ਰੁਪਏ ਬਣਦੀ ਹੈ। ਉਸ ਰੁਪਏ ਵਿੱਚ ਅਸੀਂ 200 ਏਕੜ ਜ਼ਮੀਨ ਖਰੀਦ ਸਕਦੇ ਹਾਂ। ਸਾਡੇ 23 ਜ਼ਿਲ੍ਹੇ ਅਤੇ 97 ਤਹਿਸੀਲਾਂ ਹਨ, ਜੇਕਰ ਹਰ ਤਹਿਸੀਲ 2 ਏਕੜ ਜਗ੍ਹਾਂ ਵੀ ਦੇ ਦਿੱਤੀ ਜਾਵੇ, ਜਿਹੜਾ ਥਾਣਿਆਂ ਅੰਦਰ ਕਬਾੜ ਪਿਆ ਹੋਇਆ ਹੈ ਅਤੇ ਆਲੇ ਦੁਆਲੇ ਦੇ ਲੋਕ ਵੀ ਤੰਗ ਹਨ, ਇਸ ਦਾ ਪੱਕੇ ਤੌਰ ਤੇ ਹੱਲ ਹੋ ਜਾਵੇਗਾ।ਤਹਿਸੀਲ ਵਿੱਚ ਇੱਕ ਸਾਂਝਾ ਡੰਪ ਬਣ ਜਾਵੇਗਾ।ਜਦੋਂ ਵੀ ਕੋਈ ਕਾਨੂੰਨੀ ਕਾਰਵਾਈ ਪੂਰੀ ਹੋਈ ਥਾਣੇ ਵਿੱਚੋਂ ਉਹ ਵਹੀਕਲ ਚੁੱਕ ਕੇ ਉਸ ਡੰਪ ਵਿੱਚ ਪਹੁੰਚਾ ਦਿੱਤੀ ਜਾਵੇ। ਉਨ੍ਹਾਂ ਵੱਲੋਂ ਬੇਨਤੀ ਕੀਤੀ ਗਈ ਕਿ ਜਿੰਨੀ ਜਲਦੀ ਹੋ ਸਕੇ ਇਹਨਾਂ ਵਾਹਨਾਂ ਦੀ ਨਿਲਾਮੀ ਕਰ ਦਿੱਤੀ ਜਾਵੇ ਅਤੇ ਇਸ ਨਿਲਾਮੀ ਦਾ ਪੈਸਾ ਕੇਂਦਰੀ ਪੂਲ ਵਿੱਚ ਪਾ ਕੇ ਜਮੀਨ ਖਰੀਦੀ ਜਾਵੇ ਅਤੇ ਜਮੀਨ ਖਰੀਦ ਕੇ ਤਹਿਸੀਲ ਵਾਈਜ਼ ਦਿੱਤੀ ਜਾਵੇ ਤਾਂ ਕਿ ਇਹ ਸਹੀ ਜਗ੍ਹਾਂ ਤੇ ਖੜ੍ਹ ਸਕਣ ਅਤੇ ਲੋਕਾਂ ਨੂੰ ਬਿਮਾਰੀਆਂ ਤੋਂ ਵੀ ਬਚਾਇਆ ਜਾ ਸਕੇ।

## ਸ਼ੁਭਮਨ ਗਿੱਲ ਨੇ ਜ਼ਿਲ੍ਹਾ ਹਸਪਤਾਲ ਨੂੰ ਮੈਡੀਕਲ ਉਪਕਰਨ ਕੀਤੇ ਦਾਨ

**ਮੋਹਾਲੀ (ਗੁਰਜੀਤ ਬਿੱਲਾ)** ਉੱਘੇ ਕ੍ਰਿਕਟ ਖਿਡਾਰੀ ਸ਼ੁਭਮਨ ਗਿੱਲ ਵੱਲੋਂ ਜ਼ਿਲ੍ਹਾ ਹਸਪਤਾਲ ਨੂੰ ਜ਼ਰੂਰੀ ਮੈਡੀਕਲ ਉਪਕਰਨ ਦਾਨ ਕੀਤੇ ਗਏ ਹਨ।ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦਸਿਆ ਕਿ ਇਹ ਸਮਾਨ ਗਿੱਲ ਵੱਲੋਂ ਅਪਣੇ ਕਰੀਬੀ ਰਿਸ਼ਤੇਦਾਰ ਡਾ. ਕੁਸ਼ਲਦੀਪ ਰਾਹੀਂ ਹਸਪਤਾਲ ਨੂੰ ਭੇਜਿਆ ਗਿਆ ਹੈ।ਇਨ੍ਹਾਂ ਉਪਕਰਨਾਂ ਵਿਚ ਵੈਂਟੀਲੇਟਰ, ਸਿਰੰਜ ਪੰਪ, ਓ.ਟੀ. ਟੇਬਲ, ਸੀਲਿੰਗ ਲਾਈਟਾਂ, ਆਈ.ਸੀ.ਯੂ ਬੈੱਡ, ਐਕਸਰੇ ਸਿਸਟਮ ਆਦਿ ਉਪਕਰਨ ਸ਼ਾਮਲ ਹਨ ਜਿਨ੍ਹਾ ਦੀ ਕੀਮਤ ਲਗਭਗ 35 ਲੱਖ ਰੁਪਏ ਬਣਦੀ ਹੈ।ਡਾ. ਜੈਨ ਨੇ ਸ਼ੁਭਮਨ ਗਿੱਲ ਦਾ ਧਨਵਾਦ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦਾ ਬਹੁਤ ਹੀ ਸ਼ਲਾਘਾਯੋਗ ਕਾਰਜ ਹੈ ਜਿਨ੍ਹਾਂ ਹਸਪਤਾਲ ਵਿਚ ਮਰੀਜ਼ਾਂ ਦੀਆਂ ਲੋੜਾਂ ਨੂੰ ਸਮਝਦਿਆਂ ਜ਼ਰੂਰੀ ਸਮਾਨ ਪ੍ਰਦਾਨ ਕੀਤਾ ਹੈ।ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਉਹ ਭਵਿੱਖ ਵਿਚ ਵੀ ਹਸਪਤਾਲ ਦੀਆਂ ਜ਼ਰੂਰਤਾਂ ਮੁਤਾਬਕ ਯੋਗਦਾਨ ਦਿੰਦੇ ਰਹਿਣਗੇ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਰੇਨੂੰ ਸਿੰਘ, ਐਸ ਐਮ ਓ ਡਾ. ਐਚ ਐਸ. ਚੀਮਾ, ਸਿਹਤ ਸੁਪਰਵਾਇਜ਼ਰ ਭੁਪਿੰਦਰ ਸਿੰਘ ਡਾਰੀ ਹਾਜ਼ਰ ਸਨ।



## ਅੱਜ ਬਿਜਲੀ ਬੰਦ ਰਹੇਗੀ

**ਰਾਹੋਂ ( ਕੁਲਵਿੰਦਰ ਸਿੰਘ ਰਾਹੋਂ )** 66 ਕੇ.ਵੀ ਸਬ ਸਟੇਸ਼ਨ ਰਾਹੋਂ ਤੋਂ ਚੱਲਦੇ 11 ਕੇ.ਵੀ ਕਾਹਲੋਂ ਯੂ ਪੀ ਐਸ ਫੀਡਰ, 11 ਕੇ.ਵੀ ਰਾਹੋਂ ਯੂ ਪੀ ਐਸ 11 ਕੇ.ਵੀ ਸ਼ਹਿਰੀ ਨੰ-1 ਅਧੀਨ ਪੈਂਦੇਂ ਪਿੰਡਾ ਦੀ ਅਤੇ 11 ਕੇ.ਵੀ ਦਿਲਾਵਰਪੁਰ ਏ ਪੀ, 11 ਕੇ.ਵੀ ਭਾਰਟਾ ਏ ਪੀ , 11 ਕੇ ਵੀ ਦਰੀਆਂਪੁਰ ਏ ਪੀ 11 ਕੇ ਵੀ ਬਰਨਾਲਾ ਖੁਰਦ ਅਫ ਅਤੇ ਘੱਕੇਵਾਲ ਅਫ ਅਧੀਨ ਪੈਂਦੀਆਂ ਮੋਟਰਾਂ ਦੀ ਸਪਲਾਈ ਜ਼ਰੂਰੀ ਮੈਨਟੀਨੈਸ ਕਾਰਨ 29 ਮਾਰਚ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 3-00 ਵਜੇ ਤੱਕ ਸਪਲਾਈ ਬੰਦ ਰਹੇਗੀ।ਇਸ ਸੰਬੰਧੀ ਇਹ ਜਾਣਕਾਰੀ ਇੰਜ: ਅਤਿੰਦਰ ਸਿੰਘ ਦੁਆਰਾ ਦਿੱਤੀ।

## ਆਰ ਟੀ ਓ ਵੱਲੋਂ ਵਾਹਨ ਮਾਲਕਾਂ ਨੂੰ ਲੰਬਿਤ ਚਲਾਨ ਰਾਸ਼ੀ ਤੁਰੰਤ ਜਮ੍ਹਾਂ ਕਰਵਾਉਣ ਦੀ ਅਪੀਲ

**ਮੋਹਾਲੀ (ਗੁਰਜੀਤ ਬਿੱਲਾ)** ਖੇਤਰੀ ਟਰਾਂਸਪੋਰਟ ਅਫਸਰ (ਆਰ ਟੀ ਓ), ਸਾਹਿਬਜ਼ਾਦਾ ਅਜੀਤ ਸਿੰਘ ਨਗਰ ਪ੍ਰਦੀਪ ਸਿੰਘ ਢਿੱਲੋਂ ਨੇ ਸਾਰੇ ਵਾਹਨ ਮਾਲਕਾਂ, ਜਿਨ੍ਹਾਂ ਦੇ ਵਾਹਨਾਂ ਦੇ ਚਲਾਨ ਬਕਾਇਆ/ਲੰਬਿਤ ਹਨ, ਨੂੰ ਤੁਰੰਤ ਲੰਬਿਤ ਚਲਾਨ ਰਾਸ਼ੀ ਜਮ੍ਹਾ ਕਰਨ ਦੀ ਅਪੀਲ ਕੀਤੀ ਹੈ।ਅਜਿਹਾ ਕਰਨ ਵਿੱਚ ਅਸਫਲ ਰਹਿਣ ਨਾਲ ਉਨ੍ਹਾਂ ਦੇ ਵਾਹਨਾਂ ਨੂੰ ਬਲੈਕਲਿਸਟ ਕੀਤਾ ਜਾ ਸਕਦਾ ਹੈ।ਇੱਥੇ ਜਾਣਕਾਰੀ ਦਿੰਦਿਆਂ ਆਰ ਟੀ ਓ ਪ੍ਰਦੀਪ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਅਕਸਰ ਦੇਖਿਆ ਗਿਆ ਹੈ ਕਿ ਬਹੁਤ ਸਾਰੇ ਵਾਹਨ ਮਾਲਕ ਜੁਰਮਾਨਾ ਲੱਗਣ ਤੋਂ ਬਾਅਦ ਵੀ ਚਲਾਨ ਰਾਸ਼ੀ ਜਮ੍ਹਾਂ ਨਹੀਂ ਕਰਵਾਉਂਦੇ, ਜਿਸ ਕਾਰਨ ਬਕਾਇਆ ਰਕਮ ਇਕੱਠੀ ਹੋਣੀ ਸ਼ੁਰੂ ਹੋ ਜਾਂਦੀ ਹੈ।ਇਸ ਨੂੰ ਹੱਲ ਕਰਨ ਲਈ ਮੋਟਰ ਵਾਹਨ ਐਕਟ, 1989 ਦੇ ਤਹਿਤ ਜਾਰੀ ਹੋਣ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ ਚਲਾਨ ਰਾਸ਼ੀ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ। ਜੇਕਰ ਇਸ ਮਿਆਦ ਦੇ ਅੰਦਰ ਚਲਾਨ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ ਤਾਂ ਵਾਹਨ ਨੂੰ ਬਲੈਕਲਿਸਟ ਕੀਤਾ ਜਾ ਸਕਦਾ ਹੈ।ਉਨ੍ਹਾਂ ਦੱਸਿਆ ਕਿ ਵਾਹਨ ਨੂੰ ਬਲੈਕਲਿਸਟ ਕਰਨ ਦੇ ਗੰਭੀਰ ਨਤੀਜੇ ਹੁੰਦੇ ਹਨ, ਜਿਸ ਵਿੱਚ ਰਜਿਸਟ੍ਰੇਸ਼ਨ ਨੂੰ ਮੁਅੱਤਲ ਕਰਨਾ ਸ਼ਾਮਲ ਹੈ ਅਤੇ ਇਹ ਮਾਲਕ ਨੂੰ ਬੀਮਾ ਨਵੀਨੀਕਰਨ, ਮਾਲਕੀ ਤਬਾਦਲਾ ਜਾਂ ਪਰਮਿਟ ਜਾਰੀ ਕਰਨ ਵਰਗੇ ਜ਼ਰੂਰੀ ਕੰਮਾਂ ਵਿੱਚ ਰੁਕਾਵਟ ਬਣ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਾਰੇ ਵਾਹਨ ਮਾਲਕਾਂ, ਜਿਨ੍ਹਾਂ ਦੇ ਚਲਾਨ ਲੰਬਿਤ ਹਨ, ਲਈ ਅਗਲੇ 10 ਦਿਨਾਂ ਦੇ ਅੰਦਰ ਆਪਣੇ ਬਕਾਏ ਦਾ ਭੁਗਤਾਨ ਕਰਨਾ ਲਾਜ਼ਮੀ ਹੈ।ਅਜਿਹਾ ਕਰਨ ਵਿੱਚ ਅਸਫਲ ਰਹਿਣ 'ਤੇ ਮੋਟਰ ਵਾਹਨ ਐਕਟ ਦੇ ਉਪਬੰਧਾਂ ਅਨੁਸਾਰ ਕਾਨੂੰਨੀ ਕਾਰਵਾਈ ਅਤੇ ਜੁਰਮਾਨੇ ਲਾਗੂ ਕੀਤੇ ਜਾਣਗੇ।ਆਰ ਟੀ ਓ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਜ਼ਿੰਮੇਵਾਰੀ ਨਾਲ ਕੰਮ ਕਰਨ ਅਤੇ ਟ੍ਰੈਫਿਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਦੇ ਹੋਏ ਚਲਾਨ ਬਕਾਏ/ਲੰਬਿਤ ਰਾਸ਼ੀ ਦਾ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ, ਇਸ ਤਰ੍ਹਾਂ ਜ਼ਿੰਮੇਵਾਰ ਨਾਗਰਿਕਾਂ ਵਜੋਂ ਆਪਣੇ ਫਰਜ਼ਾਂ ਨੂੰ ਪੂਰਾ ਕਰਨ।

## ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਬਜਟ ਦੀਆਂ ਕਾਪੀਆਂ ਫੂਕੀਆਂ



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਬਜਟ ਪੇਸ਼ ਕਰਨ ਬਾਅਦ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ 'ਤੇ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਵਲੋਂ ਡਿਪਟੀ ਕਮਿਸ਼ਨਰ ਦਫਤਰ ਨਵਾਂਸ਼ਹਿਰ ਸਾਹਮਣੇ ਬਜਟ ਦੀਆਂ ਕਾਪੀਆਂ ਫੂਕੀਆਂ ਗਈਆਂ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਿਲ੍ਹਾ ਜਨਰਲ ਸਕੱਤਰ ਜੀਤ ਲਾਲ ਗੋਹਲੜੋਂ, ਤਹਿਸੀਲ ਪ੍ਰਧਾਨ ਕਰਨੈਲ ਸਿੰਘ ਰਾਹੋਂ ਅਤੇ ਵਿੱਤ ਸਕੱਤਰ ਅਸ਼ੋਕ ਕੁਮਾਰ ਨੇ ਕਿਹਾ ਕਿ ਜਨਵਰੀ 2016 ਤੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਤਨਖਾਹ ਅਤੇ ਪੈਨਸ਼ਨ ਦੁਹਰਾਈ ਦੇ ਰਹਿੰਦੇ ਬਕਾਏ ਯਕਮੁਸ਼ਤ ਦੇਣ ਲਈ ਪੰਜਾਬ ਸਰਕਾਰ ਨੇ ਬਜਟ ਵਿੱਚ ਕੋਈ ਵੀ ਵਿਵਸਥਾ ਨਹੀਂ ਕੀਤੀ।ਬਹੁਤ ਸਾਰੇ ਪੈਨਸ਼ਨਰ ਬਕਾਏ ਉਡੀਕਦੇ ਇਸ ਦੁਨੀਆਂ ਤੋਂ ਵਿਦਾ ਹੋ ਚੁੱਕੇ ਹਨ, ਪਰ ਇਸ ਝੂਠੇ ਇਨਕਲਾਬੀਆਂ ਦੀ ਬੇਸ਼ਰਮ ਸਰਕਾਰ ਨੇ ਤਨਖਾਹ ਅਤੇ ਪੈਨਸ਼ਨ ਦੁਹਰਾਈ ਨੂੰ ਮਿੱਟੀ ਘੱਟੇ ਰੋਲ ਦਿੱਤਾ ਹੈ। ਉਹਨਾਂ ਇਸ ਬਜਟ ਨੂੰ ਮੁਲਾਜ਼ਮ, ਪੈਨਸ਼ਨਰ ਅਤੇ ਲੋਕ ਵਿਰੋਧੀ ਗਰਦਾਨਦਿਆਂ ਇਸ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ।ਇਸ ਸਮੇਂ ਰਾਮ ਲੁਭਾਇਆ, ਮੋਹਨ ਸਿੰਘ ਪੂਨੀਆਂ, ਜਸਵੀਰ ਸਿੰਘ ਮੋਰੋਂ, ਰੇਸ਼ਮ ਲਾਲ, ਗੁਰਦਿਆਲ ਸਿੰਘ, ਜਸਬੀਰ ਸਿੰਘ ਮੰਗੂਵਾਲ, ਅਵਤਾਰ ਸਿੰਘ, ਹਰਦਿਆਲ ਸਿੰਘ, ਜਰਨੈਲ ਸਿੰਘ, ਦੇਸਰਾਜ ਬੱਜੋਂ, ਕੁਲਦੀਪ ਸਿੰਘ ਦੌੜਕਾ ਆਦਿ ਹਾਜ਼ਰ ਸਨ।

## 6 ਨਵੇਂ ਵਰਕਿੰਗ ਵੂਮੈਨ ਹੋਸਟਲ ਬਣਨਗੇ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ, ਕਿਸ਼ਨ ਗਰਗ)** ਪੰਜਾਬ ਸਰਕਾਰ ਕੰਮਕਾਜੀ ਮਹਿਲਾਵਾਂ ਦੀ ਸਹੂਲਤ ਅਤੇ ਸੁਖਾਲੇ ਵਾਤਾਵਰਣ ਲਈ ਨਵੀਨਤਮ ਕੋਸ਼ਿਸ਼ਾਂ ਕਰ ਰਹੀ ਹੈ। ਇਨ੍ਹਾਂ ਉਪਰਾਲਿਆਂ ਅਧੀਨ, ਪੰਜਾਬ ਵਿੱਚ ਪਹਿਲੀ ਵਾਰ 6 ਵਰਕਿੰਗ ਵੂਮੈਨ ਹੋਸਟਲਾਂ ਦੀ ਉਸਾਰੀ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਅੱਜ ਵਿਧਾਨ ਸਭਾ 'ਚ ਵਿਧਾਇਕ ਕੁਲਵੰਤ ਸਿੰਘ ਦੇ ਸਵਾਲ ਦੇ ਜਵਾਬ ਵਿੱਚ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਹ ਹੋਸਟਲ ਮੋਹਾਲੀ, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਵਿੱਚ ਬਣਾਏ ਜਾਣਗੇ। ਮੋਹਾਲੀ ਜ਼ਿਲ੍ਹੇ ਵਿੱਚ 3 ਹੋਸਟਲ, ਜਲੰਧਰ, ਅੰਮ੍ਰਿਤਸਰ ਅਤੇ ਬਠਿੰਡਾ ਵਿੱਚ 1-1 ਹੋਸਟਲ ਬਣਾਇਆ ਜਾਵੇਗਾ। ਇਹਨਾਂ ਹੋਸਟਲਾਂ ਦੀ ਉਸਾਰੀ 'ਤੇ ਲਗਭਗ 150 ਕਰੋੜ ਰੁਪਏ ਦਾ ਖਰਚਾ ਆਉਣ ਦੀ ਸੰਭਾਵਨਾ ਹੈ ਅਤੇ ਇਹਨਾਂ ਵਿੱਚ ਕੁੱਲ 800 ਕੰਮਕਾਜੀ ਮਹਿਲਾਵਾਂ ਲਈ ਰਹਿਣ ਦੀ ਸੁਵਿਧਾ ਉਪਲੱਬਧ ਹੋਵੇਗੀ।ਉਨ੍ਹਾਂ ਕਿਹਾ ਕਿ ਇਹ ਨਿਰਮਾਣ ਕਾਰਜ ਮਈ 2025 ਤੱਕ ਸ਼ੁਰੂ ਹੋ ਜਾਵੇਗਾ ਅਤੇ 31 ਮਾਰਚ 2026 ਤੱਕ ਪੂਰਾ ਕਰ ਲਿਆ ਜਾਵੇਗਾ।ਮੰਤਰੀ ਨੇ ਇਹ ਵੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਮਹਿਲਾਵਾਂ ਦੀ ਭਲਾਈ, ਸੁਵਿਧਾ ਅਤੇ ਸਸ਼ਕਤੀਕਰਨ ਲਈ ਦ੍ਰਿੜ੍ਹ ਵਚਨਬੱਧ ਹੈ। ਸਰਕਾਰ ਇਸ ਦਿਸ਼ਾ ਵਿੱਚ ਲਗਾਤਾਰ ਨਵੇਂ ਕਦਮ ਚੁੱਕ ਰਹੀ ਹੈ, ਤਾਂ ਜੋ ਮਹਿਲਾਵਾਂ ਨੂੰ ਸੁਰੱਖਿਅਤ ਅਤੇ ਆਤਮਨਿਰਭਰ ਜੀਵਨ ਜਿਉਣ ਲਈ ਪੂਰਾ ਮੌਕਾ ਮਿਲੇ।

## ਮੈਗਜ਼ੀਨ 'ਜਨ ਸਾਹਿਤ' ਦੇ ਵਿਸ਼ੇਸ਼ ਅੰਕ ਲਈ ਰਚਨਾਵਾਂ ਦੀ ਮੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ ਅਤੇ ਨਿਰਦੇਸ਼ਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਜਸਵੰਤ ਸਿੰਘ ਜਫ਼ਰ ਹੁਰਾਂ ਦੀ ਯੋਗ ਅਗਵਾਈ ਹੇਠ ਭਾਸ਼ਾ ਵਿਭਾਗ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਪ੍ਰਚਾਰ ਤੇ ਪ੍ਰਸਾਰ ਲਈ ਲਗਾਤਾਰ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ। ਸਰਗਰਮੀ ਦੀ ਇਸੇ ਲੜੀ ਤਹਿਤ ਭਾਸ਼ਾ ਵਿਭਾਗ ਵੱਲੋਂ ਕੱਢੇ ਜਾਂਦੇ ਮਹੀਨਾਵਾਰ ਰਸਾਲੇ 'ਜਨ ਸਾਹਿਤ' ਲਈ ਲੇਖਕਾਂ ਕੋਲੋਂ ਅਣਛਪੀਆਂ ਰਚਨਾਵਾਂ ਦੀ ਮੰਗ ਕੀਤੀ ਜਾਂਦੀ ਹੈ। ਇਸ ਸਬੰਧੀ ਵਿਸਤਾਰ ਨਾਲ ਗੱਲ ਕਰਦਿਆਂ ਜ਼ਿਲ੍ਹਾ ਖੋਜ ਅਫਸਰ ਡਾ. ਜਸਵੰਤ ਰਾਏ ਨੇ ਦੱਸਿਆ ਕਿ ਜਨ ਸਾਹਿਤ ਰਸਾਲੇ 'ਚ ਛਪਣ ਲਈ ਕੋਈ ਵੀ ਲੇਖਕ ਆਪਣੀ ਰਚਨਾ ਭੇਜਣ ਲਈ ਦਫਤਰ ਜ਼ਿਲ੍ਹਾ ਭਾਸ਼ਾ ਅਫਸਰ ਹੁਸ਼ਿਆਰਪੁਰ ਨਾਲ ਸੰਪਰਕ ਕਰ ਸਕਦਾ ਹੈ। ਜਨ ਸਾਹਿਤ ਰਸਾਲੇ ਲਈ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਅੰਕ ਮਹੀਨਾ ਅਪ੍ਰੈਲ ਤੋਂ ਜੂਨ, 2025 ਲਈ ਲਿਖਾਰੀ ਉਕਤ ਵਿਸ਼ੇ 'ਤੇ ਆਪਣੀਆਂ ਮੌਲਿਕ ਰਚਨਾਵਾਂ ਭੇਜ ਸਕਦੇ ਹਨ। ਲੇਖਕ ਲਈ ਰਚਨਾ ਦੇ ਨਾਲ-ਨਾਲ ਆਪਣਾ ਨਾਂ, ਪਤਾ, ਮੋਬਾਇਲ ਨੰਬਰ ਭੇਜਣਾ ਅਤੇ ਰਚਨਾ ਦੇ ਅਣਛਪੇ ਹੋਣ ਦਾ ਤਸਦੀਕ ਕਰਨਾ ਵੀ ਲਾਜਮੀ ਹੈ। ਵਿਭਾਗ ਦਾ ਸੰਪਾਦਕੀ ਮੰਡਲ ਮਿਆਰੀ ਰਚਨਾਵਾਂ ਨੂੰ ਜਨ ਸਾਹਿਤ ਰਸਾਲੇ ਵਿੱਚ ਬਣਦਾ ਸਥਾਨ ਦੇਵੇਗਾ।ਉਨ੍ਹਾਂ ਕਿਹਾ ਕਿ ਇਸ ਰਸਾਲੇ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਉਰਦੂ ਅਤੇ ਹਿੰਦੀ ਦਾ ਵੀ ਮਾਸਿਕ ਰਸਾਲਾ ਛਾਪਿਆ ਜਾ ਰਿਹਾ ਹੈ। ਹਰੇਕ ਰਸਾਲੇ ਦਾ ਸਾਲਾਨਾ ਚੰਦਾ ਮਹਿਜ ਦੋ ਸੌ ਚਾਲੀ ਰੁਪਏ ਹੈ। ਜ਼ਿਲ੍ਹਾ ਭਾਸ਼ਾ ਦਫਤਰ ਹੁਸ਼ਿਆਰਪੁਰ ਤੋਂ ਇਹ ਰਸਾਲੇ ਆ ਕੇ ਲਗਵਾਏ ਜਾ ਸਕਦੇ ਹਨ।ਇਨ੍ਹਾਂ ਰਸਾਲਿਆਂ ਨੂੰ ਵਿਭਾਗ ਵੱਲੋਂ ਪਾਠਕਾਂ ਦੇ ਘਰਾਂ ਤੱਕ ਡਾਕ ਰਾਹੀਂ ਪਹੁੰਚਾਉਣ ਦੀ ਵੀ ਵਿਵਸਥਾ ਕੀਤੀ ਗਈ ਹੈ।



## ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੀਆਂ ਬੈਂਕਾਂ ਦੀ ਕਾਰਗੁਜ਼ਾਰੀ ਦੀ ਕੀਤੀ ਸਮੀਖਿਆ



**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹੇ ਦੀਆਂ ਬੈਂਕਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਸਲਾਹਕਾਰ ਕਮੇਟੀ ਅਤੇ ਜ਼ਿਲ੍ਹਾ ਪੱਧਰੀ ਸਮੀਖਿਆ ਕਮੇਟੀ ਦੀ ਮੀਟਿੰਗ ਹੋਈ। ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਜ਼ਿਲ੍ਹੇ ਦੀਆਂ ਸਾਰੀਆਂ ਬੈਂਕਾਂ ਨੂੰ ਹਦਾਇਤ ਕੀਤੀ ਕਿ ਉਹ ਮਿੱਥੇ ਟੀਚਿਆਂ ਨੂੰ ਪੂਰਾ ਕਰਨ ਲਈ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰਨ। ਉਨਾਂ ਬੈਂਕਾਂ ਨੂੰ ਸੀ.ਡੀ ਰੇਸ਼ੋ ਵਧਾਉਣ ਵੱਲ ਧਿਆਨ ਦੇਣ ਦੀ ਹਦਾਇਤ ਕੀਤੀ, ਤਾਂ ਜੋ ਵੱਧ ਤੋਂ ਵੱਧ ਲੋਕ, ਖਾਸ ਤੌਰ 'ਤੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨ ਅਤੇ ਕਮਜ਼ੋਰ ਵਰਗਾਂ ਦੇ ਲੋਕ ਕਰਜ਼ੇ ਪ੍ਰਾਪਤ ਕਰਕੇ ਆਰਥਿਕ ਧੰਦੇ ਸ਼ੁਰੂ ਕਰਕੇ ਆਪਣਾ ਜੀਵਨ ਪੱਧਰ ਉੱਚਾ ਚੁੱਕ ਸਕਣ। ਉਨ੍ਹਾਂ ਸਵੈ-ਸਹਾਇਤਾ ਸਮੂਹਾਂ ਨੂੰ ਵੀ ਵੱਧ ਤੋਂ ਵੱਧ ਕਰਜ਼ੇ ਦੇਣ ਅਤੇ ਵੱਖ-ਵੱਖ ਸਮਾਜਿਕ ਸੁਰੱਖਿਆ ਸਕੀਮਾਂ ਬਾਰੇ ਜਾਣਕਾਰੀ ਦੇਣ ਦੀ ਹਦਾਇਤ ਕੀਤੀ। ਉਨ੍ਹਾਂ ਹਦਾਇਤ ਕੀਤੀ ਕਿ ਸਵੈ-ਰੁਜ਼ਗਾਰ ਸਕੀਮਾਂ ਅਧੀਨ ਬੈਂਕਾਂ ਵਿਚ ਆਏ ਕੇਸਾਂ ਨੂੰ ਜਲਦ ਤੋਂ ਜਲਦ ਨਿਪਟਾਉਣ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਬੇਰੁਜ਼ਗਾਰ ਨੌਜਵਾਨ ਬੈਂਕਾਂ ਤੋਂ ਛੇਤੀ ਕਰਜ਼ੇ ਪ੍ਰਾਪਤ ਕਰਕੇ ਆਪਣੇ ਕਾਰੋਬਾਰ ਸ਼ੁਰੂ ਕਰ ਸਕਣ। ਇਸ ਮੌਕੇ ਉਨ੍ਹਾਂ ਬੈਂਕ ਵਾਈਜ਼ ਸੀ.ਡੀ ਰੇਸ਼ੋ, ਏ.ਸੀ.ਪੀ ਦੀ ਸੀ.ਡੀ ਰੇਸ਼ੋ, ਜ਼ਿਲ੍ਹਾ ਕਰਜ਼ ਯੋਜਨਾ ਅਧੀਨ ਪ੍ਰਦਰਸ਼ਨ, ਮੱਛੀ ਪਾਲਣ ਅਤੇ ਪਸ਼ੂ ਪਾਲਣ ਲਈ ਕੇ.ਸੀ.ਸੀ ਸਹੂਲਤ ਅਤੇ ਵਿੱਤੀ ਸਮਾਵੇਸ਼ ਦੀ ਸਮੀਖਿਆ ਕਰਨ ਤੋਂ ਇਲਾਵਾ ਸਮਾਜਿਕ ਸੁਰੱਖਿਆ ਯੋਜਨਾਵਾਂ ਜਿਵੇਂ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ, ਅਟੱਲ ਪੈਨਸ਼ਨ ਯੋਜਨਾ, ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਪ੍ਰਧਾਨ ਮੰਤਰੀ ਰੋਜ਼ਗਾਰ ਉਤਪਤੀ ਪ੍ਰੋਗਰਾਮ, ਪ੍ਰਧਾਨ ਮੰਤਰੀ ਸਵੈ- ਨਿਧੀ ਯੋਜਨਾ ਆਦਿ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਇਸ ਮੌਕੇ ਰਿਜ਼ਰਵ ਬੈਂਕ ਦੇ ਨੁਮਾਇੰਦੇ ਸੰਜੀਵ ਸਿੰਘ, ਡੀ. ਡੀ. ਐਮ ਨਾਬਾਰਡ ਸੰਜੀਵ ਕੁਮਾਰ, ਚੀਫ ਲੀਡ ਜ਼ਿਲ੍ਹਾ ਮੈਨੇਜਰ ਹਰਮੇਸ਼ ਸਹਿਜਲ ਤੋਂ ਇਲਾਵਾ ਸਮੂਹ ਬੈਂਕਾਂ ਦੇ ਡੀ.ਸੀ.ਓਜ਼ ਹਾਜ਼ਰ ਸਨ।

## ਭ੍ਰਿਸ਼ਟਾਚਾਰ ਦੇ ਖਿਲਾਫ ਸਰਕਾਰ ਦੀ ਜ਼ੀਰੋ ਟੋਲਰੈਂਸ ਨੀਤੀ : ਸੈਣੀ

**ਚੰਡੀਗੜ੍ਹ (ਕਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਪਿਛਲੇ 11 ਸਾਲਾਂ ਤੋਂ ਲਗਾਤਾਰ ਭ੍ਰਿਸ਼ਟਾਚਾਰ ਖਿਲਾਫ ਜੀਰੋ ਟੋਲਰੇਂਸ ਨੀਤੀ ਅਪਣਾਉਂਦੇ ਹੋਏ ਕੰਮ ਕਰ ਰਹੀ ਹੈ ਅਤੇ ਦੋਸ਼ੀ ਪਾਏ ਜਾਣ ਵਾਲੇ ਅਧਿਕਾਰੀਆਂ, ਕਰਮਚਾਰੀਆਂ ਜਾਂ ਹੋਰ ਲੋਕਾਂ ਨੂੰ ਕਿਸੇ ਵੀ ਸੂਰਤ ਵਿੱਚ ਬਖਸ਼ਿਆ ਨਹੀਂ ਜਾ ਰਿਹਾ ਹੈ। ਮੁੱਖ ਮੰਤਰੀ ਅੱਜ ਇੱਥੇ ਹਰਿਆਣਾ ਵਿਧਾਨਸਭਾ ਦੇ ਬਜਟ ਸੈਸ਼ਨ ਦੌਰਾਨ ਮਨਰੇਗਾ ਦੇ ਸਬੰਧ ਵਿੱਚ ਵਿਧਾਇਕ ਡਾ. ਰਘੁਬੀਰ ਕਾਦਿਆਨ ਵੱਲੋਂ ਚੁੱਕੇ ਗਏ ਮੁੱਦੇ ਦਾ ਜਵਾਬ ਦੇ ਰਹੇ ਸਨ।ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਨਰੇਗਾ ਘੋਟਾਲੇ ਦੇ ਮਾਮਲੇ ਵਿਚ ਮੌਜੂਦਾ ਸੂਬਾ ਸਰਕਾਰ ਨੇ ਸਖਤ ਐਕਸ਼ਨ ਲਿਆ ਹੈ।ਇਸ ਮਾਮਲੇ ਵਿੱਚ ਅਧਿਕਾਰੀਆਂ ਅਤੇ ਸ਼ਾਮਲ ਹੋਰ ਲੋਕਾਂ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਗਈ ਹੈ।ਉਨ੍ਹਾਂ ਨੇ ਕਿਹਾ ਕਿ ਅੱਗੇ ਵੀ ਸਰਕਾਰ ਜੀਰੋ ਟੋਲਰੇਂਸ ਨੀਤੀ 'ਤੇ ਚੱਲਦੇ ਹੋਏ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਅਵਕੇਨਿੰਗ ਡੇ ਮਨਾਇਆ



**ਸ਼ਾਹਕੋਟ (ਗਿਆਨ ਸੈਦਪੁਰੀ)** ਵੀਰਵਾਰ ਨੂੰ ਪ੍ਰਜਪਿਤਾ ਬ੍ਰਹਮਾ ਕੁਮਾਰੀ ਈਸ਼ਵਰੀ ਵਿਸ਼ਵ ਵਿਦਿਆਲੇ ਸ਼ਾਹਕੋਟ ਵਿਖੇ ਸਪਿਰਚੂਅਲ ਅਵਕੇਨਿੰਗ ਡੇ ਮਨਾਇਆ ਗਿਆ। ਰਾਜਯੋਗਨੀ ਦੀਦੀ ਤੁਲਸੀ ਵਲੋ ਸਪਿਰਚੂਅਲ ਅਵਕੇਨਿੰਗ ਡੇ ਨੂੰ ਬ੍ਰਹਮਾ ਕੁਮਾਰੀਜ ਸੰਸਥਾਨ ਵੱਲੋਂ ਮਨਾਉਣ ਦਾ ਰਹੱਸ ਦਿੱਸਿਆ ਗਿਆ। ਬ੍ਰਹਮਾ ਕੁਮਾਰੀ ਐਡੋਕੇਟ ਦੀਦੀ ਪ੍ਰਵੀਨ ਵੱਲੋਂ ਵਿਸ਼ੇਸ਼ ਨਸ਼ਾ ਮੁਕਤ ਸ਼ਾਹਕੋਟ ਬਣਾਉਣ ਅਤੇ ਆਏ ਹੋਏ ਸਾਰੇ ਸ਼ਹਿਰ ਨਿਵਾਸੀਆਂ ਨੂੰ ਸੰਸਥਾ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਨਿਲ ਕੁਮਾਰ ਗੋਇਲ ਬੀਜੇਪੀ ਆਗੂ, ਸੰਜੀਵ ਕੁਮਾਰ, ਰਵੀਸ਼ ਗੋਇਲ, ਪੁਨੀਤ ਅਗਰਵਾਲ, ਅਮ੍ਰਿਤ ਲਾਲ ਕਾਕਾ, ਕਮਲ ਨਾਹਰ, ਸਰਬਜੀਤ ਸਾਬੀ ਉਦਾਸੀ, ਜੈ ਗੋਪਾਲ ਅਗਰਵਾਲ, ਐਮ ਸੀ ਸਵਿਨਾ ਕੁਮਰਾ, ਬੀਜੇਪੀ ਜਿਲ੍ਹੇ ਦੇ ਕਾਰਜ ਕਰਤਾ ਨੀਰੂ ਸੋਬਤੀ ਆਦਿ ਮੌਜੂਦ ਸਨ।

## ਅਧਿਆਪਕ ਜਥੇਬੰਦੀਆਂ ਦੀ 31 ਨੂੰ ਬਰਨਾਲਾ ਵਿਖੇ ਸਾਂਝੀ ਮੀਟਿੰਗ

**ਮੋਹਾਲੀ (ਗੁਰਜੀਤ ਬਿੱਲਾ)** ਬੀਤੀ ਦੇਰ ਰਾਤ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ, 6635 ਈ ਟੀ ਟੀ ਟੀਚਰ ਯੂਨੀਅਨ ਅਤੇ 4161 ਮਾਸਟਰ ਕਾਡਰ ਯੂਨੀਅਨ ਦੇ ਸੂਬਾਈ ਆਗੂਆਂ ਵੱਲੋਂ ਵਿਕਰਮ ਦੇਵ ਸਿੰਘ, ਦੀਪਕ ਕੰਬੋਜ਼ ਅਤੇ ਰਸ਼ਪਾਲ ਸਿੰਘ ਜਲਾਲਾਬਾਦ ਦੀ ਅਗਵਾਈ ਹੇਠ ਆਨ ਲਾਈਨ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ 3704 ਮਾਸਟਰ ਕਾਡਰ, 6635 ਈ ਟੀ ਟੀ ਅਤੇ 899 ਅੰਗਰੇਜ਼ੀ ਅਧਿਆਪਕਾਂ ਦੀਆਂ ਰਿਕਾਸਟ ਚੋਣ ਸੂਚੀਆਂ ਜਾਰੀ ਹੋਣ ਤੋਂ ਬਾਅਦ ਵੱਡੀ ਗਿਣਤੀ ਵਿੱਚ ਅਧਿਆਪਕਾਂ 'ਤੇ ਲਟਕੀ ਛਾਂਟੀ ਦੀ ਤਲਵਾਰ ਤੋਂ ਉਪਜੇ ਹਲਾਤਾਂ 'ਤੇ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਹੋਰ ਅਨੇਕਾਂ ਲੰਬਿਤ ਵਿਭਾਗੀ ਮਾਮਲਿਆਂ ਦਾ ਵੀ ਵਾਜ਼ਬ ਹੱਲ ਕੱਢਣ ਦੀ ਥਾਂ ਨਿੱਤ ਦਿਨ ਲਏ ਜਾ ਰਹੇ ਅਧਿਆਪਕ ਵਿਰੋਧੀ ਫੈਸਲਿਆਂ ਦਾ ਸਖ਼ਤ ਨੋਟਿਸ ਲਿਆ ਗਿਆ।ਇਸ ਦੇ ਨਾਲ ਹੀ 3704 ਮਾਸਟਰ ਕਾਡਰ ਭਰਤੀ ਰਿਕਾਸਟ ਚੋਣ ਸੂਚੀਆਂ ਵਿੱਚੋਂ ਬਾਹਰ ਰਹਿ ਗਏ ਪੰਜਾਬੀ, ਸਮਾਜਿਕ ਅਤੇ ਹਿੰਦੀ ਵਿਸ਼ਿਆਂ ਦੇ ਅਧਿਆਪਕਾਂ ਨੂੰ ਪਹਿਲਾਂ ਸੇਵਾਵਾਂ ਬਰਖਾਸਤਗੀ ਦੇ ਨੋਟਿਸ ਜਾਰੀ ਕਰਨ ਤੋਂ ਬਾਅਦ ਬਿਨਾਂ ਸਪਸ਼ਟ ਕਾਰਨ ਵਾਪਸ ਲੈਣੇ ਅਤੇ ਦੇਰ ਸ਼ਾਮ ਨੂੰ ਗਣਿਤ, ਸਾਇੰਸ ਅਤੇ ਅੰਗਰੇਜ਼ੀ ਵਿਸ਼ਿਆਂ ਦੇ 114 ਅਧਿਆਪਕਾਂ ਨੂੰ ਹੜਬੜਾਹਟ ਵਿੱਚ ਸੇਵਾਵਾਂ ਬਰਖਾਸਤ ਕਰਨ ਦੇ ਨੋਟਿਸ ਦੇ ਕੇ 28 ਮਾਰਚ ਨੂੰ ਨਿੱਜੀ ਸੁਣਵਾਈ ਲਈ ਸੱਦਣ ਨੂੰ ਸਿੱਖਿਆ ਵਿਭਾਗ ਦਾ ਘੋਰ ਗੈਰ-ਜਿੰਮੇਵਾਰ ਅਤੇ ਘਟੀਆ ਫੈਸਲਾ ਕਰਾਰ ਦਿੰਦਿਆਂ ਸਖ਼ਤ ਨਿਖੇਧੀ ਕੀਤੀ ਗਈ।ਮੀਟਿੰਗ ਵਿੱਚ ਸ਼ਾਮਿਲ ਆਗੂਆਂ ਵੱਲੋਂ ਸਰਵਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਰਿਕਾਸਟ ਸੂਚੀਆਂ ਸਮੇਤ ਲੰਬਿਤ ਵਿਭਾਗੀ ਮਸਲਿਆਂ ਦੇ ਹੱਲ ਲਈ ਇੱਕਜੁੱਟ ਹੋ ਕੇ ਸੰਘਰਸ਼ ਕੀਤਾ ਜਾਵੇਗਾ।ਸੰਘਰਸ਼ ਦੀ ਅਗਲੀ ਰਣਨੀਤੀ ਉਲੀਕਣ ਲਈ 31 ਮਾਰਚ ਨੂੰ ਤਰਕਸ਼ੀਲ ਹਾਲ ਬਰਨਾਲਾ ਵਿਖੇ ਮੀਟਿੰਗ ਕੀਤੀ ਜਾਵੇਗੀ।ਆਗੂਆਂ ਨੇ ਮੁੜ ਸਪਸ਼ਟ ਕੀਤਾ ਕਿ ਜੱਥੇਬੰਦੀਆਂ ਅਦਾਲਤੀ ਫੈਸਲੇ 'ਚੋਂ ਕਿਸੇ ਉਮੀਦਵਾਰ ਦੀ ਹੋ ਰਹੀਂ ਨਵੀਂ ਨਿਯੁਕਤੀ ਦੇ ਖਿਲਾਫ ਨਹੀਂ ਹਨ, ਪ੍ਰੰਤੂ ਰਿਕਾਸਟ ਸੂਚੀਆਂ ਵਿੱਚੋਂ ਬਾਹਰ ਹੋ ਗਏ ਬੇਕਸੂਰ ਅਧਿਆਪਕਾਂ ਨੂੰ ਬਿਨਾਂ ਅਡਜਸਟ ਕੀਤੇ ਅਤੇ ਬਿਨਾਂ ਸੁਣਵਾਈ ਦਾ ਪੂਰਾ ਮੌਕਾ ਦਿੱਤੇ ਕੀਤੀ ਜਾ ਰਹੀ ਵਿਭਾਗੀ ਧੱਕੇਸ਼ਾਹੀ ਦਾ ਡੱਟਵਾਂ ਜਵਾਬ ਸੰਘਰਸ਼ ਰਾਹੀਂ ਦੇਣ ਦਾ ਰਾਹ ਹੀ ਬਚਦਾ ਹੈ। ਆਗੂਆਂ ਨੇ 3704 ਮਾਸਟਰ ਕਾਡਰ, 899 ਅੰਗਰੇਜ਼ੀ ਅਧਿਆਪਕਾਂ ਸਮੇਤ ਹੋਰਨਾਂ ਪੀੜਤ ਹਿੱਸਿਆਂ ਦੀਆਂ ਜੱਥੇਬੰਦੀਆਂ ਦੇ ਆਗੂਆਂ ਨੂੰ ਇਸ ਮੀਟਿੰਗ ਦਾ ਹਿੱਸਾ ਬਣਨ ਅਤੇ ਸਿੱਖਿਆ ਵਿਭਾਗ ਦੇ ਮਾਰੂ ਫੈਸਲਿਆਂ ਦੇ ਵਿਰੁੱਧ ਤੇ ਅਧਿਆਪਕ ਮੰਗਾਂ ਦੇ ਹੱਲ ਲਈ ਇੱਕਜੁਟ ਹੋ ਕੇ ਸੰਘਰਸ਼ ਉਲੀਕਣ ਦੀ ਵੀ ਅਪੀਲ ਕੀਤੀ।

# ਪ੍ਰਿਤਪਾਲ ਫਗਵਾੜਾ ਨੇ ਕਮਲ ਡੁਮਛੇੜੀ ਨੂੰ ਹਰਾ ਕੇ ਇਨਾਮ ਜਿੱਤਿਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡ ਪੱਤੀ ਜੱਟਾਂ ਨਾਹਲ ਵਿਖੇ ਹਰ ਸਾਲ ਦੀ ਤਰ੍ਹਾਂ ਲੱਖ ਦਾਤਾ ਲਾਲਾ ਪੀਰ ਦੇ ਦਰਬਾਰ 'ਤੇ ਸਾਲਾਨਾ ਛਿੰਝ ਮੇਲਾ ਕਰਵਾਇਆ ਗਿਆ। ਛਿੰਝ ਮੇਲੇ ਤੇ ਪਟਕੇ ਦੀ ਪਹਿਲੀ ਕੁਸ਼ਤੀ ਪ੍ਰਿਤਪਾਲ ਫਗਵਾੜਾ ਤੇ ਕਮਲ ਡੁਮਛੇੜੀ ਵਿਚਕਾਰ ਹੋਈ ਜਿਸ ਵਿਚ ਪ੍ਰਿਤਪਾਲ ਫਗਵਾੜਾ ਪਟਕੇ ਦੀ ਕੁਸ਼ਤੀ ਜਿੱਤ ਕੇ 1 ਲੱਖ 1000 ਰੁਪਏ ਹਜ਼ਾਰ ਰੁਪਏ ਦਾ ਇਨਾਮ ਜਿੱਤਿਆ, ਦੂਜੀ ਕੁਸ਼ਤੀ ਰਵੀ ਵੇਹਰਾ ਤੇ ਕਾਲੂ ਬਾਹੜੇਵਾਲ ਵਿ ਚ ਕਾ ਰ ਹੋਈ ਜਿਸ ਵਿਚ ਰਵੀ ਵੇਹਰਾ ਦੂਜੀ ਪਟਕੇ ਦੀ ਕੁਸ਼ਤੀ ਜਿੱਤ ਕੇ 1 ਲੱਖ ਰੁਪਏ ਦਾ ਇਨਾਮ ਜਿੱਤਿਆ। ਤੀਜੀ ਕੁਸ਼ਤੀ ਹਰਮਨ ਆਲਮਗੀਰ ਤੇ ਗੁਰਤੇਜ਼ ਕੁਹਾਲੀ ਵਿਚਕਾਰ ਹੋਈ ਜਿਸ ਵਿਚ ਹਰਮਨ ਆਲਮਗੀਰ ਨੇ ਸੋਨੇ ਦਾ ਕੜਾ ਜਿੱਤਿਆ। ਚੌਥੀ ਕੁਸ਼ਤੀ ਗਾਮਾ ਧਲੇਤਾ ਤੇ ਸਨੀ ਰਾਮੇਵਾਲ ਵਿਚਕਾਰ ਹੋਈ ਜਿਸ ਵਿੱਚ ਗਾਮਾ ਧਲੇਤਾ 51,000 ਰੁਪਏ ਦਾ ਇਨਾਮ ਜਿੱਤਿਆ। ਪੰਜਵੀਂ ਕੁਸ਼ਤੀ ਤਰਨਵੀਰ ਉੱਪਲ ਤੇ ਜੱਸੀ ਬਹਿਰਾਮ ਵਿਚਕਾਰ ਹੋਈ ਜਿਸ ਵਿੱਚ ਤਰਨਵੀਰ ਉੱਪਲ ਨੇ 51,000 ਹਜ਼ਾਰ ਰੁਪਏ ਇਨਾਮ ਜਿੱਤਿਆ। ਛੇਵੀਂ ਕੁਸ਼ਤੀ ਜੱਸੀ ਵੱਡਾ ਬਾਹੜੋਵਾਲ ਤੇ ਸ਼ੈਰੀ ਫਗਵਾੜਾ ਵਿਚਕਾਰ ਹੋਈ ਜਿਸ ਵਿੱਚ ਜੱਸੀ ਵੱਡਾ ਬਾਹੜੋਵਾਲ ਨੇ 21,000 ਰੁਪਏ ਦਾ ਇਨਾਮ ਜਿੱਤਿਆ। ਇਸ ਛਿੰਝ ਮੇਲੇ 'ਤੇ ਗੁਰੂਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਜਸਵੰਤ ਸਿੰਘ ਦਾ ਮੋਟਰਸਾਈਕਲ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸਰਪੰਚ ਮੰਗਤ ਸਿੰਘ , ਗਰੀਬ ਦਾਸ ਪੰਚ, ਹਰਨੇਕ ਸਿੰਘ ਪੰਚ, ਗੁਰਮੇਲ ਸਿੰਘ ਨਾਹਲ ਸਾਬਕਾ ਸਰਪੰਚ, ਜਗਦੀਸ਼ ਸਿੰਘ ਰਾਮੇਵਾਲ ਨੰਬਰਦਾਰ, ਕ੍ਰਿਸ਼ਨ ਗੋਪਾਲ ਥਾਣਾ ਮੁਖੀ ਨੂਰਮਹਿਲ , ਦਰਸ਼ਨ ਸਿੰਘ ਹੇਰ, ਸੰਤੋਖ ਸਿੰਘ ਹੇਰ ਸੀਨੀਅਰ ਪੈਨਸ਼ਨਰ ਆਗੂ, ਨਾਜਰ ਸਿੰਘ ਹੇਰ, ਬਹਾਦਰ ਸਿੰਘ ਹੇਰ, ਗੁਰਨਾਮ ਸਿੰਘ ਹੇਰ,ਸੁਖਦੇਵ ਸਿੰਘ ਦੇਬਾ, ਅਮਰ ਸਿੰਘ ਸਾਬਕਾ ਸਰਪੰਚ, ਗੁਰਨੇਕ ਸਿੰਘ ਨੰਬਰਦਾਰ, ਬਲਬੀਰ ਸਿੰਘ ਬੀਰੂ, ਮਹਿੰਦਰ ਸਿੰਘ ਨੰਬਰਦਾਰ, ਗੁਰਦੀਪ ਸਿੰਘ ਸੋਨੂੰ, ਅਮਨਿੰਦਰ ਸਿੰਘ ਵੱਡਾ, ਬਲਜਿੰਦਰ ਸਿੰਘ ਨਾਨੂ, ਬਿੰਦਰ ਸਿੰਘ ਲੱਬੜ, ਗੁਰਮੀਤ ਸਿੰਘ ਜਰਮਨ, ਗੁਰਦੇਵ ਸਿੰਘ ਨਿਊਜੀਲੈਂਡ, ਹਰਬੰਸ ਸਿੰਘ ਨੰਬਰਦਾਰ, ਸਤਿਨਾਮ ਸਿੰਘ, ਹਰਪ੍ਰੀਤ ਸਿੰਘ ਨੰਬਰਦਾਰ, ਤੀਰਥ ਸਿੰਘ ਲੱਬੜ, ਸੁਰਜੀਤ ਸਿੰਘ ਪੱਪੂ ਅਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਦੁਆਬੇ 'ਚ ਪੰਜ ਮੈਂਬਰੀ ਭਰਤੀ ਕਮੇਟੀ ਦੀ ਮੀਟਿੰਗ ਨੂੰ ਵੱਡਾ ਹੁਲਾਰਾ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਬਣੀ ਭਰਤੀ ਕਮੇਟੀ ਦੀ ਜਲੰਧਰ ਵਿਖੇ ਹੋਈ ਦੂਜੀ ਮੀਟਿੰਗ ਨੂੰ ਵੀ ਸੰਗਤ ਨੇ ਬਹੁੱਤ ਭਰਵਾਂ ਹੁੰਗਾਰਾ ਦਿੱਤਾ।ਜਲੰਧਰ ਜ਼ਿਲ੍ਹੇ ਦੀ ਸਥਾਨਕ ਲੀਡਰਸ਼ਿਪ ਅਤੇ ਵਰਕਰਾਂ ਦੇ ਰੂਬਰੂ ਹੋਣ ਲਈ ਭਰਤੀ ਕਮੇਟੀ ਦੇ ਮੈਂਬਰ ਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਇਕਬਾਲ ਸਿੰਘ ਝੂੰਦਾ, ਜੱਥੇਦਾਰ ਸੰਤਾ ਸਿੰਘ ਉਮੈਦਪੁਰ, ਬੀਬੀ ਸਤਵੰਤ ਕੌਰ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਖਾਸ ਤੌਰ ਤੇ ਹਾਜ਼ਰ ਰਹੇ।ਬੀਬੀ ਸਤਵੰਤ ਕੌਰ ਵੱਲੋਂ ਸੰਗਤਾਂ ਦੇ ਸਨਮੁੱਖ ਹੁੰਦਿਆਂ ਜਿੱਥੇ ਆਪਣੇ ਪਰਵਾਰ ਦੀ ਕੁਰਬਾਨੀ ਦਾ ਜ਼ਿਕਰ ਕੀਤਾ ਉਥੇ ਹੀ ਕੌਮ ਪੰਥ ਅਤੇ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਦੇ ਹਾਲਤਾਂ ਦਾ ਜਿਕਰ ਵੀ ਕੀਤਾ ਅਤੇ ਫ਼ਿਕਰ ਵੀ ਕੀਤਾ। ਸੰਤਾ ਸਿੰਘ ਉਮੈਦਪੁਰ ਨੇ ਕਿਹਾ ਕਿ ਅਸੀਂ ਆਪਣੇ ਕਿਸੇ ਸਿਆਸੀ ਏਜੰਡੇ ਨੂੰ ਨਹੀਂ ਪੇਸ਼ ਕਰ ਰਹੇ, ਇਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਗਟ ਹੋਈ ਭਾਵਨਾ ਹੈ, ਜਿਸ ਲਈ ਸਾਡੀ ਇਮਾਨਦਾਰੀ, ਵਚਨਬੱਧਤਾ,



ਸਮਰਪਿਤ ਭਾਵਨਾ ਗੁਰੂ ਗ੍ਰੰਥ, ਗੁਰੂ ਪੰਥ ਲਈ ਦੇਣਦਾਰ ਹੈ।ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਜਿਸ ਜਮਾਤ ਦਾ ਜਨਮ ਹੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਲਈ ਸੁਰੱਖਿਆ ਕਵਚ ਬਣਨ ਲਈ ਹੋਇਆ ਸੀ, ਬਦਕਿਸਮਤੀ ਦੀ ਗੱਲ ਹੈ ਕਿ ਜਿਸ ਜਮਾਤ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਅਜ਼ਮਤ ਦੀ ਰਾਖੀ ਕਰਨੀ ਸੀ, ਅੱਜ ਉਸ ਜਮਾਤ ਦੀ ਲੀਡਰਸ਼ਿਪ ਹਮਲਾ ਕਰ ਰਹੀ ਹੈ।ਮਨਪ੍ਰੀਤ ਸਿੰਘ ਇਯਾਲੀ ਨੇ ਭਰਤੀ ਕਮੇਟੀ ਨੂੰ ਮਿਲ ਰਹੇ ਹੁੰਗਾਰੇ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਵੱਲ ਵਧਦੇ ਕਦਮ ਕਰਾਰ ਦਿੱਤਾ। ਇਯਾਲੀ ਨੇ ਕਿਹਾ ਕਿ,ਅੱਜ ਹਰ ਪੰਜਾਬ ਪ੍ਰਸਤ, ਪੰਥ ਪ੍ਰਸਤ ਸਖ਼ਸ਼ ਸਮੇਂ ਦਾ ਹਾਣੀ ਬਣ ਰਿਹਾ ਹੈ। ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਹਾਜ਼ਰ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਪੰਜਾਬ ਦੀ ਮਾਂ ਪਾਰਟੀ ਅਤੇ ਪੰਥ ਦੀ ਨੁਮਾਇਦਾ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਕਰਨ ਦੀ ਲੋੜ ਹੈ। ਅਸੀਂ ਹਮੇਸ਼ਾ ਸਮਰਪਿਤ ਭਾਵਨਾ ਦਿਖਾਈ, ਸਾਡੀ ਕਿਰਦਾਰਕੁਸ਼ੀ ਤੱਕ ਕੀਤੀ ਗਈ। ਵਡਾਲਾ ਨੇ ਸਮੁੱਚੇ ਪੰਥ ਹਿਤੈਸ਼ੀ ਅਤੇ ਪੰਜਾਬ ਪ੍ਰਸਤ ਲੋਕਾਂ ਨੂੰ ਅੱਗੇ ਆਕੇ ਆਪਣੀ ਸਿਆਸੀ ਜਮਾਤ ਨੂੰ ਮਜ਼ਬੂਤ ਕਰਨ ਲਈ ਹੰਭਲਾ ਮਾਰਨ।ਇਸ ਮੌਕੇ ਬੀਬੀ ਜਗੀਰ ਕੌਰ, ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ, ਸਾਬਕਾ ਵਿਧਾਇਕ ਤੇ ਐਸਜੀਪੀਸੀ ਮੈਂਬਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਖਾਸ ਤੌਰ 'ਤੇ ਹਾਜ਼ਰ ਰਹੇ।

# ਸ਼ਹੀਦ ਭਗਤ ਸਿੰਘ ਵਿਚਾਰ ਮੰਚ ਨੇ ਸ਼ਹੀਦਾਂ ਦੀ ਯਾਦ 'ਚ ਸਮਾਗਮ ਕਰਵਾਇਆ

**ਜਲੰਧਰ** : ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਪ੍ਰਧਾਨ ਵਿਜੇ ਸਾਗਰ, ਸ਼ਿਵ ਕਲਾ ਮੰਚ ਦੇ ਪ੍ਰਧਾਨ ਗਣੇਸ਼ ਭਗਤ ਅਤੇ ਮਾਡਲ ਹਾਊਸ ਦੇ ਨਿਵਾਸੀਆਂ ਵੱਲੋਂ ਦੁਸਹਿਰਾ ਗਰਾਊਂਡ ਮਾਡਲ ਹਾਊਸ ਵਿਖੇ ਸ਼ਹੀਦ ਭਗਤ ਸਿੰਘ, ਸ਼ਹੀਦ ਰਾਜਗੁਰੂ, ਸ਼ਹੀਦ ਸੁਖਦੇਵ ਦਾ 94ਵਾਂ ਸ਼ਹਾਦਤ ਦਿਹਾੜਾ ਮਨਾਇਆ ਗਿਆ।ਸ਼ਹੀਦੇ ਆਜ਼ਮ ਭਗਤ ਸਿੰਘ ਅਤੇ ਸ਼ਹੀਦ ਸੁਖਦੇਵ (1907- 1931) ਨੇ 24 ਸਾਲ ਅਤੇ ਸ਼ਹੀਦ ਰਾਜਗੁਰੂ ਗੁਰੂ ਨੇ (1908-1931) ਨੇ 23 ਸਾਲ ਦੀ ਉਮਰ ਵਿੱਚ ਸ਼ਹੀਦੀ ਜਾਮ ਪੀ ਕੇ ਸ਼ਹਾਦਤ ਦਿੱਤੀ। ਇਸ ਮੌਕੇ ਮੁੰਬਈ ਤੋਂ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਐਸ ਸੰਜੀਵ ਆਪਣੇ ਸਾਥੀਆਂ ਨਾਲ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਅੱਜ ਦੇ ਨੌਜਵਾਨਾ ਨੂੰ ਸ਼ਹੀਦ ਭਗਤ ਸਿੰਘ ਦੇ ਦਰਸਾਏ ਹੋਏ ਮਾਰਗ 'ਤੇ ਚੱਲਣ ਦੀ ਲੋੜ ਹੈ।ਅਸੀਂ ਉਨ੍ਹਾਂ ਦੇ ਦੇਸ਼ ਪ੍ਰਤੀ ਦਿੱਤੇ ਬਲਿਦਾਨ ਨੂੰ ਭੁਲਾ ਨਹੀਂ ਸਕਦੇ।ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਹੁੰਦਿਆਂ ਤਾਂ ਨਹੀਂ ਦੇਖਿਆ।ਉਨ੍ਹਾਂ ਭਾਰਤ ਕ੍ਰਾਂਤੀਕਾਰੀਆਂ ਵਿੱਚ ਅਜਿਹਾ ਜਜ਼ਬਾ ਭਰਿਆ।ਆਖਰ ਸਾਨੂੰ ਅਜ਼ਾਦੀ ਦਾ ਦਿਨ ਦੇਖਣ ਨੂੰ ਮਿਲਿਆ।ਇਸ ਮੌਕੇ ਸਰਕਾਰੀ ਤੇ ਗੈਰਸਰਕਾਰੀ ਸਕੂਲ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਆਪਣੇ ਦੇਸ਼ ਦੇ ਗੀਤਾਂ, ਨਾਟਕਾਂ ਰਾਹੀਂ ਇਨ੍ਹਾਂ ਮਹਾਨ ਸਪੂਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਸ਼ਹੀਦ ਭਗਤ ਸਿੰਘ ਵਿਚਾਰ ਮੰਚ ਦੇ ਪ੍ਰਚਾਰਕ ਕਾਮਰੇਡ ਵਿਜੇ ਸਾਗਰ ਨੇ ਭਾਰਤ



ਕ੍ਰਾਂਤੀਕਾਰੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਦਾ ਇੱਕੋ ਹੀ ਨਿਸ਼ਚਾ ਹੈ।ਆਪਣੇ ਦੇਸ਼ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਸ਼ਹੀਦ ਭਗਤ ਦੀ ਵਿਚਾਰਧਾਰਾ ਨਾਲ ਜੋੜਨਾ।ਇਸ ਕੰਮ ਨੂੰ ਲਗਾਤਾਰ ਕਰਦੇ ਰਹਿਣਗੇ। ਉਨ੍ਹਾਂ ਨੇ ਸ਼ਿਵ ਕਲਾ ਮੰਚ ਰਜਿ. ਰਾਮਲੀਲਾ ਕਮੇਟੀ ਦੇ ਪ੍ਰਧਾਨ ਗਣੇਸ਼ ਭਗਤ, ਸ਼ਰਮਾ ਪਰਿਵਾਰ, ਨਰੇਸ਼ ਕੁਕਰੇਜਾ ਅਤੇ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਦੇ ਯਤਨਾਂ ਕਰਕੇ ਹੀ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਸਫਲ ਹੋਏ ਹਾਂ। ਪ੍ਰੋਗਰਾਮ ਦੇ ਅੰਤ ਵਿਚ ਇਸ ਹਿੱਸਾ ਸਰਕਾਰੀ ਤੇ ਗੈਰਸਰਕਾਰੀ ਸਕੂਲ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮੰਚ ਸੰਚਾਲਨ ਸ਼ਿਖਾ ਸ਼ਰਮਾ ਨੇ ਬੜੇ ਬੇਹਤਰੀਨ ਢੰਗ ਨਾਲ ਕੀਤਾ। ਇਸ ਮੌਕੇ ਤੇ ਰਵਿੰਦਰ ਸ਼ਰਮਾ, ਆਸ਼ਾ ਸ਼ਰਮਾ, ਸੁਰਿੰਦਰ ਸ਼ਿੰਦਾ, ਲੱਕੀ ਪ੍ਰਭਾਤ, ਪ੍ਰਵੀਨ ਭਗਤ, ਵਿਜੇ ਲਕਸ਼ਮੀ ਰਾਜਪੂਤ, ਰਾਧਿਕਾ ਚਾਵਲਾ, ਰਾਜਵਿੰਦਰ ਕੌਰ, ਮਨਜੀਤ ਕੌਰ, ਪਿੰਕੀ ਕੁਮਾਰੀ, ਹੇਮੰਤ ਸ਼ਰਮਾ, ਪੰਡਤ ਮੇਘ ਰਾਜ ਹਾਜ਼ਰ ਸਨ।

# ਸਿਹਤਮੰਦ ਜੀਵਨ ਲਈ ਯੋਗਾ ਦਾ ਨਿਰੰਤਰ ਅਭਿਆਸ ਜ਼ਰੂਰੀ : ਐੱਸ ਡੀ ਐੱਮ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਐਸ.ਡੀ.ਐਮ, ਡੇਰਾਬੱਸੀ, ਅਮਿਤ ਗੁਪਤਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਨੂੰ ਸਿਹਤਮੰਦ ਜੀਵਨ ਪ੍ਰਦਾਨ ਕਰਨ ਦੇ ਮਕਸਦ ਨਾਲ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸ਼ੁਰੂ ਕੀਤੀ ਗਈ ਸੀ ਐਮ ਦੀ ਯੋਗਸ਼ਾਲਾ ਅਧੀਨ ਜ਼ੀਰਕਪੁਰ ਵਿੱਚ ਵੱਖ-ਵੱਖ ਥਾਵਾਂ 'ਤੇ ਲੱਗਦੀਆਂ ਯੋਗਸ਼ਾਲਾਵਾਂ ਸ਼ਹਿਰ ਵਾਸੀਆਂ ਨੂੰ ਨਿਰੋਗ ਜੀਵਨ ਅਤੇ ਮਾਨਸਿਕ ਤੰਦਰੁਸਤੀ ਦੇ ਰਹੀਆਂ ਹਨ। ਐਸ.ਡੀ.ਐਮ. ਅਮਿਤ ਗੁਪਤਾ ਅਨੁਸਾਰ ਯੋਗਾ ਟ੍ਰੇਨਰ ਅਭਿਸ਼ੇਕ ਰਾਣਾ ਵੱਲੋਂ ਜ਼ੀਰਕਪੁਰ ਦੇ ਵੱਖ-ਵੱਖ ਹਿੱਸਿਆਂ ਵਿੱਚ ਰੋਜ਼ਾਨਾ 6 ਯੋਗਾ ਸ਼ੈਸ਼ਨ ਲਗਾਏ ਜਾ ਰਹੇ ਹਨ, ਜਿਸ ਵਿੱਚ ਪ੍ਰਤੀ ਦਿਨ 85 ਦੇ ਕਰੀਬ ਭਾਗੀਦਾਰਾਂ ਵੱਲੋਂ ਹਿੱਸਾ ਲਿਆ ਜਾਂਦਾ ਹੈ। ਉਨ੍ਹਾਂ ਵੱਲੋਂ ਪਹਿਲੀ ਅਤੇ ਚੌਥੀ ਕਲਾਸ ਨਾਭਾ ਕਮਿਊਨਿਟੀ ਹਾਲ, ਪਿੰਡ ਨਾਭਾ, ਪਟਿਆਲਾ ਰੋਡ ਵਿਖੇ ਸਵੇਰੇ 5.25 ਤੋਂ 6.25 ਵਜੇ ਤੱਕ ਅਤੇ ਸਵੇਰੇ 10.00 ਤੋਂ 11.00 ਵਜੇ ਤੱਕ, ਦੂਜੀ ਕਲਾਸ ਸਵਾਸਤਿਕ ਵਿਹਾਰ, ਪਟਿਆਲਾ ਰੋਡ ਪਾਰਕ ਵਿਖੇ ਸਵੇਰੇ 6.30 ਵਜੇ ਤੋਂ 7.30 ਵਜੇ ਤੱਕ, ਤੀਜੀ ਕਲਾਸ ਮਾਇਆ ਗਾਰਡਨ, ਫੇਜ਼-3, ਵੀ.ਆਈ.ਪੀ. ਰੋਡ ਵਿਖੇ ਸਵੇਰੇ 7.40 ਤੋਂ 8.40 ਵਜੇ ਤੱਕ, ਪੰਜਵੀ ਕਲਾਸ ਪਿੰਡ ਛੱਤਬੀੜ, ਗੁਰਦੁਆਰਾ ਹਾਲ ਵਿਖੇ ਬਾਅਦ ਦੁਪਿਹਰ 3.40 ਤੋਂ 4.40 ਵਜੇ ਤੱਕ ਅਤੇ ਛੇਵੀਂ ਕਲਾਸ ਮੈਕਸਿਜ਼ਇਲਾਜ਼ਾ ਨਗਲਾ ਰੋਡ ਵਿਖੇ ਸ਼ਾਮ 4.50 ਤੋਂ 5.50 ਵਜੇ ਤੱਕ ਲਾਈ ਜਾਂਦੀ ਹੈ।ਉਨ੍ਹਾਂ ਕਿਹਾ ਕਿ ਯੋਗਾ ਕਲਾਸ ਲਈ ਕੋਈ ਫ਼ੀਸ ਨਹੀਂ ਵਸੂਲੀ ਜਾਂਦੀ ਅਤੇ ਕੋਈ ਵੀ ਵਿਅਕਤੀ ਇਸ ਲਈ ਸੀ ਐਮ ਦੀ ਯੋਗਸ਼ਾਲਾ ਪੋਰਟਲ 'ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦਾ ਹੈ। ਵਧੇਰੇ ਜਾਣਕਾਰੀ ਲਈ ਵੈਬਸਾਈਟ **cmdiyogshala. punjab. gov. in** ਤੋਂ ਇਲਾਵਾ ਇੱਕ ਸਮਰਪਿਤ ਹੈਲਪਲਾਈਨ ਨੰਬਰ 76694-00500 ਵੀ ਹੈ, ਜਿਸ 'ਤੇ ਸੰਪਰਕ ਕਰਕੇ ਉਹ ਲੋਕ ਜਿਨ੍ਹਾਂ ਨੇ ਅਜੇ ਸ਼ਾਮਲ ਹੋਣਾ ਹੈ, ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।

# ਸੂਰਮਿਆਂ ਦੀ ਧਰਤੀ 'ਤੇ ਨਸ਼ਿਆਂ ਦਾ ਕੋਈ ਕੰਮ ਨਹੀਂ : ਰਾਜਪਾਲ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ( ਗੁਰਜੀਤ ਬਿੱਲਾ )**— ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਇੱਥੇ ਨਸ਼ਿਆਂ ਵਿਰੁੱਧ ਪੈਦਲ ਯਾਤਰਾ ਦੀ ਅਗਵਾਈ ਕਰਦਿਆਂ ਆਖਿਆ ਕਿ ਸੂਰਮਿਆਂ ਦੀ ਧਰਤੀ 'ਤੇ ਨਸ਼ਿਆਂ ਦਾ ਕੋਈ ਕੰਮ ਨਹੀਂ। ਉਨ੍ਹਾਂ ਕਿਹਾ ਕਿ ਗੁਰੂਆਂ-ਪੈਗੰਬਰਾਂ ਅਤੇ ਬਾਹਰੀ ਹਮਲਿਆਂ ਦਾ ਮੂੰਹ ਤੋੜ ਜੁਆਬ ਦੇਣ ਵਾਲੇ ਬਹਾਦਰਾਂ ਅਤੇ ਵੀਰਾਂ ਦੀ ਧਰਤੀ ਤੋਂ ਨਸ਼ੇ ਨੂੰ ਖਤਮ ਕਰਨ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ 'ਚ ਸਮਾਜ ਦਾ ਸਾਥ ਵੀ ਲਾਜ਼ਮੀ ਹੈ। ਖਰੜ ਦੇ ਸ੍ਰੀ ਰਾਮ ਭਵਨ ਤੋਂ ਨਸ਼ਿਆਂ ਵਿਰੁੱਧ ਪੈਦਲ ਯਾਤਰਾ ਦੀ ਅਗਵਾਨੀ ਕਰਦਿਆਂ ਉਨ੍ਹਾਂ ਆਖਿਆ ਕਿ ਪੰਜਾਬ ਦੀ ਧਰਤੀ ਧਰਮ ਅਤੇ ਸੰਸਕ੍ਰਿਤੀ ਦੀ ਰੱਖਿਆ ਦਾ ਪ੍ਰਤੀਕ ਹੈ।ਪੰਜਾਬ ਅੱਗੇ ਨਸ਼ਿਆਂ ਦੀ ਚੁਣੌਤੀ ਬਣ ਖੜ੍ਹੀ ਹੈ ਤਾਂ ਸਾਨੂੰ ਫ਼ਿਰ ਤੋਂ ਇੱਕ ਵਾਰ ਜਨ ਅੰਦੋਲਨ ਦੇ ਰੂਪ 'ਚ ਇਸ ਦੇ ਖਾਤਮੇ ਲਈ ਉੱਠ ਖੜ੍ਹੇ ਹੋਣਾ ਚਾਹੀਦਾ ਹੈ। ।ਇਸ ਨਸ਼ਿਆਂ ਵਿਰੁੱਧ ਪੈਦਲ ਯਾਤਰਾ 'ਚ ਸ਼ਹਿਰ ਦੀਆਂ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸੰਸਥਾਂਵਾਂ ਤੋਂ ਇਲਾਵਾ ਵੱਡੀ ਗਿਣਤੀ 'ਚ ਵਿਦਿਆਰਥੀ ਵੀ ਸ਼ਾਮਿਲ ਹੋਏ।ਇਸ ਮੌਕੇ ਸ਼ਹਿਰ ਦੇ ਪਤਵੰਤੇ ਲੋਕਾਂ ਸੁਦਰਸ਼ਨ ਵਰਮਾ, ਤਾਰਾ ਚੰਦ ਗੁਪਤਾ, ਅਮਨ ਕਾਂਸਲ, ਅਮ੍ਰਿਤ ਲਾਲ ਜੈਨ, ਜਸਪ੍ਰੀਤ ਕੌਰ



ਲੌਂਗੀਆ, ਦਵਿੰਦਰ ਗੁਪਤਾ, ਜਸਪਾਲ ਧੀਮਾਨ, ਅਸ਼ੋਕ ਸ਼ਰਮਾ, ਐਮ ਐਸ ਸੰਧੂ, ਕੁਲਵੰਤ ਚੌਧਰੀ, ਜਤਿੰਦਰ ਅਰੋੜਾ, ਆਨੰਦ ਬਾਂਸਲ, ਨਿਤਿਨ ਗਰਗ, ਪ੍ਰਵੀਨ ਸ਼ਰਮਾ, ਜਤਿੰਦਰ ਗੁਪਤਾ ਤੇ ਕਮਲਜੀਤ ਟਿਵਾਣਾ ਤੋਂ ਇਲਾਵਾ ਪੀ ਏ ਯੂ ਲੁਧਿਆਣਾ ਦੇ ਵੀ ਸੀ ਸਤਬੀਰ ਸਿੰਘ ਗੋਸਲ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵੀ ਸੀ ਅਤੇ ਰਾਜਪਾਲ ਦੇ ਉੱਚ ਸਿਖਿਆ ਸਲਾਹਕਾਰ ਡਾ. ਜਸਪਾਲ ਸਿੰਘ ਸੰਧੂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਆ ਗਿਆ।ਜ਼ਿਲ੍ਹਾ ਅਤੇ ਪੁਲਸ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ, ਐਸ ਐਸ ਪੀ ਦੀਪਕ ਪਾਰੀਕ, ਏ ਡੀ ਸੀ (ਯੂ ਡੀ) ਅਨਮੋਲ ਸਿੰਘ ਧਾਲੀਵਾਲ, ਐਸ ਡੀ ਐਮ ਖਰੜ ਗੁਰਮੰਦਰ ਸਿੰਘ, ਐਸ ਪੀ ਹਰਵੀਰ ਅਟਵਾਲ, ਮਨਪ੍ਰੀਤ ਸਿੰਘ ਤੇ ਐਨ ਐਸ ਮਾਹਲ ਵੀ ਮੌਜੂਦ ਸਨ।

# ਗੈਰ-ਕਾਨੂੰਨੀ ਤੌਰ 'ਤੇ ਚੱਲ ਰਹੇ ਨਸ਼ਾ ਛਡਾਊ ਕੇਂਦਰ 'ਤੇ ਪੁਲਸ ਵਲੋਂ ਛਾਪਾ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ )** ਇਥੋਂ ਦੀ ਪੁਲਸ ਨੇ ਗ੍ਰੀਨ ਐਵੀਨਿਊ ਕਾਲੋਨੀ 'ਚ ਛਾਪੇਮਾਰੀ ਕਰਕੇ ਨਾਜ਼ਾਇਜ ਤੌਰ 'ਤੇ ਚੱਲ ਰਹੇ ਨਸ਼ਾ ਛਡਾਊ ਕੇਂਦਰ ਦਾ ਪਰਦਾਫ਼ਾਸ਼ ਕਰਕੇ ਉਸ 'ਚ ਦਾਖ਼ਲ ਕੀਤੇ ਗਏ 18 ਨੌਜਵਾਨਾਂ ਨੂੰ ਕੇਂਦਰ 'ਚੋਂ ਛੁਡਵਾ ਕੇ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ ਹੈ।ਪੁਲਸ ਨੂੰ ਸੂਚਨਾ ਮਿਲੀ ਸੀ ਕਿ ਇਸ ਖੇਤਰ 'ਚ ਚੱਲ ਰਹੇ ਨਸ਼ਾ ਛਡਾਊ ਕੇਂਦਰ 'ਚ ਨੌਜਵਾਨਾਂ ਦੇ ਪਰਵਾਰਾਂ ਤੋਂ 10 ਤੋਂ 15 ਹਜ਼ਾਰ ਰੁਪਏ ਦੀ ਰਾਸ਼ੀ ਲੈ ਕੇ ਰੱਖਿਆ ਜਾ ਰਿਹਾ ਹੈ। ਉਨ੍ਹਾਂ ਨੂੰ ਦਵਾਈਆਂ ਵੀ ਦਿੱਤੀਆਂ ਜਾ ਰਹੀਆ ਹਨ ਤੇ ਕਥਿਤ ਤੌਰ 'ਤੇ ਕੁੱਟਮਾਰ ਵੀ ਕੀਤੀ ਜਾ ਰਹੀ ਹੈ।ਜਿਸ 'ਤੇ ਕਾਰਵਾਈ ਕਰਦਿਆਂ ਡੀ.ਐਸ.ਪੀ. ਭਾਰਤ ਭੂਸ਼ਣ, ਨਾਇਬ ਤਹਿਸੀਲਦਾਰ ਗੌਰਵ ਬਾਂਸਲ, ਸਿਵਲ ਹਸਪਤਾਲ ਦੇ ਮੈਡੀਕਲ ਅਫ਼ਸਰ ਦੀ ਅਗਵਾਈ 'ਚ ਟੀਮ ਨੇ ਛਾਪੇਮਾਰੀ ਕਰਕੇ ਇਨ੍ਹਾਂ ਨੂੰ ਛੁਡਵਾਇਆ ਤੇ ਉੱਥੋਂ ਬ੍ਰਾਮਦ ਕੀਤੀਆਂ ਦਵਾਈਆਂ ਨੂੰ ਸਿਹਤ ਵਿਭਾਗ ਨੇ ਸੀਲ ਕਰਕੇ ਕਬਜ਼ੇ 'ਚ ਲੈ ਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਸੈਂਟਰ ਕਰੀਬ ਪਿਛਲੇ ਡੇਢ ਮਹੀਨੇ ਤੋਂ ਚੱਲ ਰਿਹਾ ਸੀ।

# ਜਸਟਿਸ ਹਰਕੇਸ਼ ਮਨੂਜਾ ਨੇ ਵਕੀਲਾਂ ਦੀਆਂ ਸੁਣੀਆਂ ਸਮੱਸਿਆਵਾਂ

**ਕਪੂਰਥਲਾ ( ਪ੍ਰੀਤ ਸੰਗੋਜਲਾ )** ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਹਰਕੇਸ਼ ਮਨੂਜਾ ਵੱਲੋਂ ਕਪੂਰਥਲਾ ਵਿਖੇ ਜੁਡੀਸ਼ੀਅਲ ਕੰਪਲੈਕਸ ਦਾ ਦੌਰਾ ਕਰਕੇ ਬਾਰ ਐਸੋਸੀਏਸ਼ਨ ਕਪੂਰਥਲਾ ਦੇ ਵਕੀਲਾਂ ਨਾਲ ਮੀਟਿੰਗ ਕੀਤੀ ।ਉਨ੍ਹਾਂ ਵਕੀਲਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਉਨ੍ਹਾਂ ਦੇ ਯੋਗ ਹੱਲ ਦਾ ਜਲਦ ਭਰੋਸਾ ਦਿੱਤਾ ।ਉਨ੍ਹਾਂ ਕਿਹਾ ਕਿ ਨਿਆਇਕ ਵਿਵਸਥਾ ਵਿੱਚ ਲੋਕਾਂ ਨੂੰ ਜਲਦ ਨਿਆਂ ਦੇਣ ਲਈ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ ।ਜਸਟਿਸ ਮਨੂਜਾ ਨੇ ਸਿਵਲ ਤੇ ਫ਼ੌਜਦਾਰੀ ਅਦਾਲਤਾਂ ਦੇ ਕੰਮਕਾਜ ਦੀ ਵੀ ਸਮੀਖਿਆ ਕੀਤੀ। ਇਸ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਤੇ ਐਸ ਐਸ ਪੀ ਗੌਰਵ ਤੂਰਾ ਨੇ ਮਨੂਜਾ ਦਾ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਸਵਾਗਤ ਕੀਤਾ ਅਤੇ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਗਾਰਡ ਆਫ ਆਨਰ ਦਿੱਤਾ ਗਿਆ ।ਇਸ ਮੌਕੇ ਐਡਵੋਕੇਟ ਐਸ ਐਸ ਮੱਲੀ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਕਪੂਰਥਲਾ , ਸੀਨੀਅਰ ਐਡਵੋਕੇਟ ਜੇ ਜੇ ਐਸ ਅਰੋੜਾ, ਐਡਵੋਕੇਟ ਰਾਜਬੀਰ ਸਿੰਘ ਬਾਵਾ, ਐਡਵੋਕੇਟ ਸਰਬਜੀਤ ਸਿੰਘ ਵਾਲੀਆ, ਐਡਵੋਕੇਟ ਜਸਵਿੰਦਰ ਸਿੰਘ ਸਿੱਧੂ, ਐਡਵੋਕੇਟ ਪ੍ਰਮਜੀਤ ਸਿੰਘ ਲਿੱਧੜ, ਐਡਵੋਕੇਟ ਪਿਊਸ਼ ਮਨਚੰਦਾ, ਐਡਵੋਕੇਟ ਨਿਤਿਨ ਸ਼ਰਮਾ ਆਦਿ ਹਾਜ਼ਰ ਸਨ।



# 3704 ਰੀਕਾਸਟ ਚੋਣ ਸੂਚੀਆਂ ਵਾਲੇ ਅਧਿਆਪਕਾਂ ਦੇ ਸੇਵਾਵਾਂ ਸਮਾਪਤੀ ਦੇ ਨੋਟਿਸ ਵਾਪਸ

**ਚੰਡੀਗੜ੍ਹ ( ਗੁਰਜੀਤ ਬਿੱਲਾ)** : ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਵੱਲੋਂ 3704 ਮਾਸਟਰ ਕਾਡਰ ਭਰਤੀ ਨਾਲ ਸੰਬੰਧਤ ਬਹੁਤ ਸਾਰੇ ਅਧਿਆਪਕਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਬਾਰੇ ਆਏ ਇੱਕ ਅਦਾਲਤੀ ਫੈਸਲੇ ਦੇ ਹਵਾਲੇ ਨਾਲ ਸੇਵਾ ਤੋਂ ਬਰਖ਼ਾਸਤਗੀ ਦੀ ਤਜਵੀਜ਼ ਜਾਰੀ ਕੀਤੀ ਗਈ ਸੀ।ਇਸ ਸਬੰਧੀ ਅਧਿਆਪਕ ਜਥੇਬੰਦੀ ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ (ਡੀ.ਟੀ.ਐੱਫ.) ਨੇ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਇਸ ਕਦਮ ਨੂੰ ਗੈਰ ਵਾਜਿਬ ਕਰਾਰ ਦਿੰਦਿਆਂ ਪੰਜਾਬ ਸਰਕਾਰ ਦੇ ਅਧਿਆਪਕ ਵਿਰੋਧੀ ਰਵੱਈਏ 'ਤੇ ਗੰਭੀਰ ਸਵਾਲ ਚੁੱਕੇ ਅਤੇ ਸੰਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਇਹਨਾਂ ਨੋਟਿਸਾਂ ਨੂੰ ਵਾਪਸ ਲੈਣ ਦੀ ਮੰਗ ਕੀਤੀ ਸੀ।ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਸ ਸਬੰਧੀ ਸਿੱਖਿਆ ਅਧਿਕਾਰੀਆਂ ਨਾਲ ਹੋਈ ਮੁਲਾਕਾਤ ਦੌਰਾਨ ਉਨ੍ਹਾਂ ਨੇ ਚਾਰ-ਚਾਰ ਸਾਲ ਤੋਂ ਸੇਵਾ ਨਿਭਾਅ ਰਹੇ ਅਧਿਆਪਕਾਂ ਨਾਲ ਕੋਈ ਬੇਇਨਸਾਫ਼ੀ ਨਾ ਕਰਨ ਅਤੇ ਸਭ ਨੂੰ ਅਡਜਸਟ ਕਰਨ ਦਾ ਭਰੋਸਾ ਦਿੱਤਾ ਸੀ।ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ ਪੰਜਾਬ ਨੇ ਡੀ.ਟੀ.ਐੱਫ. ਆਗੂਆਂ ਨੂੰ ਦਿੱਤੇ ਭਰੋਸੇ ਅਨੁਸਾਰ 3704 ਮਾਸਟਰ ਕਾਡਰ ਭਰਤੀ ਦੀਆਂ ਰਿਕਾਸਟ ਚੋਣ ਸੂਚੀਆਂ ਵਿੱਚੋਂ ਬਾਹਰ ਕੀਤੇ ਉਮੀਦਵਾਰਾਂ ਵਿੱਚੋਂ ਪੰਜਾਬੀ ਅਤੇ ਹਿੰਦੀ ਵਿਸ਼ੇ ਦੇ ਅਧਿਆਪਕਾਂ ਨੂੰ ਸੇਵਾਵਾਂ ਖ਼ਤਮ ਕਰਨ ਦੀ ਮਾਰੂ ਤਜਵੀਜ਼ ਵਾਪਸ ਲੈਣ ਲਈ ਹੈ ਅਤੇ ਇੰਨ੍ਹਾਂ ਅਧਿਆਪਕਾਂ ਨੂੰ ਰਾਹਤ ਦਿੱਤੀ ਗਈ ਹੈ।ਡੀ.ਟੀ.ਐੱਫ. ਆਗੂਆਂ ਨੇ ਉਮੀਦ ਜ਼ਾਹਰ ਕੀਤੀ ਕਿ ਹੋਰ ਰੀਕਾਸਟ ਹੋਣ ਵਾਲੀਆਂ ਲਿਸਟਾਂ ਵਿੱਚ ਵੀ ਸਿੱਖਿਆ ਵਿਭਾਗ ਨੂੰ ਅਧਿਆਪਕਾਂ ਨੂੰ ਰਾਹਤ ਦਿੰਦਿਆਂ ਚੋਣ ਸੂਚੀ ਚੋਂ ਬਾਹਰ ਹੋਣ ਵਾਲੇ ਅਧਿਆਪਕਾਂ ਨੂੰ ਰਾਹਤ ਮਿਲੇਗੀ।

# ਖੇਤੀ ਨੀਤੀ ਬਾਰੇ ਵੀ ਬਜਟ ਚੁੱਪ : ਵਿਸ਼ਾਲ ਸ਼ਰਮਾ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀ ਜਨਤਾ ਪਾਰਟੀ ਦੇ ਹਲਕਾ ਇੰਚਾਰਜ ਐਡਵੋਕੇਟ ਵਿਸ਼ਾਲ ਸ਼ਰਮਾ ਨੇ ਕਿਹਾ ਇਸ ਬਜਟ ਵਿੱਚ ਦੋ ਲੱਖ 36 ਹਜਾਰ ਕਰੋੜ ਦੇ ਬਜਟ ਵਿੱਚ ਭਾਵੇਂ ਸਿੱਖਿਆ ਲਈ



17 ਹਜਾਰ 200 ਕਰੋੜ ਰੁਪਏ ਰੱਖੇ ਗਏ ਹਨ ਪਰ ਸਕੂਲਾਂ ਨੂੰ ਅਪਗਰੇਡ ਕਰਨ, ਚੋਣ ਸਮੇਂ ਤਿੰਨ ਸਾਲ ਪਹਿਲਾਂ ਪੰਜਾਬ ਦੀਆਂ ਔਰਤਾਂ ਨੂੰ 1100 ਰੁਪਿਆ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਪੂਰਾ ਨਹੀਂ ਕੀਤਾ ਗਿਆ। ਨਵੀਆਂ ਲਿੰਕ ਸੜਕਾਂ ਨੂੰ ਬਣਾਉਣ ਬਾਰੇ ਚੁੱਪ ਹੈ ਇਹ ਬਜਟ। ਕਿਸਾਨਾਂ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਲਈ ਇਸ ਬਜਟ ਵਿੱਚ ਕੁਝ ਵੀ ਨਹੀਂ ਹੈ। ਖੇਤੀ ਨੀਤੀ ਬਾਰੇ ਵੀ ਬਜਟ ਚੁੱਪ ਹੈ। ਕਿਰਤੀਆਂ ਦੀ ਉਜਰਤ ਵਿੱਚ ਵਾਧਾ ਆਸ਼ਾ ਵਰਕਰਾਂ ਦੀ ਉਜਰਤ ਵਿੱਚ ਵਾਧਾ ਅਤੇ ਆਂਗਣਵਾੜੀ ਵਰਕਰਾਂ ਦੀ ਜਰੂਰਤ ਵਿੱਚ ਵਾਧੇ ਬਾਰੇ ਬਜਟ ਚੁੱਪ ਹੈ। ਸਿਰਫ਼ ਪੁਲਸ ਨੂੰ ਅਪਗਰੇਡ ਕਰਨ ਦਾ ਜੋਰ ਸ਼ੋਰ ਨਾਲ ਪ੍ਰਚਾਰ ਕੀਤਾ ਗਿਆ।

# ਦਲ ਖਾਲਸਾ ਨੇ ਭਾਈ ਨਰਾਇਣ ਸਿੰਘ ਚੌੜਾ ਦਾ ਕੀਤਾ ਸ਼ਾਨਦਾਰ ਸਵਾਗਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਦੇਰ ਸ਼ਾਮ ਨੂੰ ਹੁਸ਼ਿਆਰਪੁਰ ਵਿਖੇ ਪਹੁੰਚੇ ਭਾਈ ਨਰਾਇਣ ਸਿੰਘ ਚੌੜਾ ਦਾ ਦਲ ਖਾਲਸਾ ਦੇ ਆਗੂਆਂ ਨੇ ਜੈਕਾਰਿਆਂ ਦੇ ਗੂੰਜ ਵਿੱਚ ਉਹਨਾਂ ਦਾ ਸਨਮਾਨ ਕੀਤਾ ।ਨ ਭਾਈ ਨਰਾਇਣ ਸਿੰਘ ਚੌੜਾ ਨੇ ਦੱਸਿਆ ਕਿ ਉਹਨਾਂ ਦੀ ਜਮਾਨਤ ਮਾਨਯੋਗ ਅਦਾਲਤ ਵੱਲੋਂ ਕੀਤੀ ਗਈ ਕਾਨੂੰਨੀ ਪ੍ਰਕਿਰਿਆ ਮੁਤਾਬਿਕ ਹੋਈ ਹੈ ਅਤੇ ਉਨ੍ਹਾਂ ਦਾ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਨਾਲ ਕੋਈ ਲੈਣਾ ਦੇਣਾ ਜਾਂ ਸੰਬੰਧ ਨਹੀਂ ਹੈ ਉਨ੍ਹਾਂ ਕੇਵਲ ਪੰਥਕ ਰੋਹ ਦਾ ਪ੍ਰਗਟਾਵਾ ਕਰਦੇ ਹੋਏ ਪੰਥ ਦੋਖੀਆਂ ਨੂੰ ਸ਼ੀਸ਼ਾ ਦਿਖਾਇਆ ਹੈ । ਇਸ ਮੌਕੇ ਭਾਈ ਹਰਚਰਨਜੀਤ ਸਿੰਘ ਧਾਮੀ ਨੇ ਦੱਸਿਆ ਕਿ ਖੁਦ ਨੂੰ ਪੰਥਕ ਦੱਸਣ ਵਾਲਾ ਪ੍ਰਕਾਸ਼ ਸਿੰਘ ਬਾਦਲ ਜਿਹੜਾ ਸਾਰੀ ਉਮਰ ਪੰਥ ਦੇ ਨਾਂਅ 'ਤੇ ਜਿੱਤਦਾ ਰਿਹਾ ਅਤੇ ਉਸ ਨੇ ਨਾ ਸਿਰਫ ਪੰਥ ਨੂੰ ਢਾਹ ਲਾਉਣ ਵਾਲੀਆਂ ਕਾਰਵਾਈਆਂ ਹੀ ਕੀਤੀਆਂ ਸਗੋਂ ਪੰਥ ਦੇ ਦੋਖੀਆਂ ਨੂੰ ਉੱਚੇ ਅਹੁਦਿਆਂ ਤੇ ਰੁਤਬਿਆਂ ਨਾਲ ਵੀ ਨਿਵਾਜਿਆ। ਉਸ ਨੂੰ ਵੀ ਅਕਾਲ ਪੁਰਖ ਵਾਹਿਗੁਰੂ ਨੇ ਆਖਰੀ ਉਮਰੇ ਜਲਾਲਤ ਦਾ ਸ਼ੀਸ਼ਾ ਦਿਖਾਇਆ। ਚੌੜਾ ਦੇ ਵਕੀਲ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਸੁਖਬੀਰ ਸਿੰਘ ਬਾਦਲ ਤੇ ਸਿੱਧੀ ਨਹੀਂ ਸਗੋਂ ਹਵਾ ਵਿੱਚ ਗੋਲੀ ਚਲਾਈ ਸੀ ਜਿਸ ਲਈ ਛੋਟਾ ਕੇਸ ਬਣਦਾ ਸੀ ਤੇ ਉਹਨਾਂ ਦੀ ਹਫਤਾ ਦਸ ਦਿਨ ਦੇ ਵਿੱਚ ਜਮਾਨਤ ਹੋਈ ਜਾਣੀ ਚਾਹੀਦੀ ਸੀ ਪਰ ਫਿਰ ਵੀ ਮਹੀਨਿਆਂ ਬੱਧੀ ਸਮਾਂ ਲੱਗਾ ਅਤੇ ਅਦਾਲਤੀ ਚਾਰਾਜੋਈ ਅਨੁਸਾਰ ਉਹਨਾਂ ਦੀ ਜਮਾਨਤ ਹੋਈ ਹੈ । ਇਸ ਮੌਕੇ ਭਾਈ ਹਰਚਰਨਜੀਤ ਸਿੰਘ ਧਾਮੀ, ਭਾਈ ਗੁਰਨਾਮ ਸਿੰਘ ਮੂਣਕਾ ਪੰਜਾਬ ਪ੍ਰਧਾਨ ਆਵਾਜ ਕੌਮ ਭਾਈ ਬਲਜਿੰਦਰ ਸਿੰਘ ਜ਼ਿਲ੍ਹਾ ਪ੍ਰਧਾਨ ਦਲ ਖਾਲਸਾ, ਭਾਈ ਸੁਰਿੰਦਰ ਸਿੰਘ ਪੱਟੀ, ਭਾਈ ਹਰਵਿੰਦਰ ਸਿੰਘ ਹਰਮੋਏ ਆਦਿ ਆਗੂ ਹਾਜ਼ਿਰ ਸਨ । ਦਲ ਖਾਲਸਾ ਨੇ ਭਾਈ ਨਰਾਇਣ ਸਿੰਘ ਚੌੜਾ ਨੂੰ ਸ੍ਰੀ ਸਾਹਿਬ, ਸਿਰੋਪਾਓ ਅਤੇ ਦੁਸ਼ਾਲਾ ਦੇ ਕੇ ਸਨਮਾਨਿਤ ਕੀਤਾ।

# 63ਵੇਂ ਵਿਸ਼ਵ ਰੰਗ-ਮੰਚ ਦਿਵਸ ਦੀ ਗੋਸ਼ਟੀ ਮੌਕੇ ਡਾ. ਜਨਮੀਤ ਨੂੰ ਕੀਤਾ ਸਨਮਾਨਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਵਲੋਂ 63ਵੇਂ ਵਿਸ਼ਵ ਰੰਗ-ਮੰਚ ਦਿਵਸ ਦੇ ਮੌਕੇ 'ਤੇ ਰੰਗ ਮੰਚ ਦੇ ਉਘੇ ਹਸਤਾਖਰ ਡਾ. ਜਨਮੀਤ ਨਾਲ ਹੈਰੀਟੇਜ਼ ਹੋਮ ਕੋਲਪੁਰ ਨੇੜੇ ਦਸੂਹਾ ਵਿਖੇ ਇੱਕ ਗੋਸ਼ਟੀ ਦਾ ਆਯੋਜਨ ਕੀਤਾ ਗਿਆ ਜਿਸ ਦੀ ਪ੍ਰਧਾਨਗੀ ਡਾ. ਜਨਮੀਤ ਦੇ ਨਾਲ ਕਲਾਕਾਰ ਨਿਰਦੇਸ਼ਕ ਅਸ਼ੋਕ ਪੁਰੀ, ਗੁਰਮੇਲ ਧਾਲੀਵਾਲ, ਵਿਵੇਕ ਹਾਸ਼ਿਰ ਨੇ ਕੀਤੀ। ਇਸ ਪ੍ਰੋਗਰਾਮ ਦੇ ਸੁਤਰਧਾਰ ਐਲੀ ਰਕੇਸ਼ ਕੁਮਾਰ ਡਿਸਟਿਕ ਗਵਰਨਰ ਸਨ।ਵਿਸ਼ਵ ਰੰਗ-ਮੰਚ ਦਿਵਸ ਦੀ ਗੋਸ਼ਟੀ ਦੇ ਆਰੰਭ ਵਿੱਚ ਨਿਰਦੇਸ਼ਕ ਅਸ਼ੋਰ ਪੁਰੀ ਨੇ 1962 ਤੋਂ ਸ਼ੁਰੂ ਹੋਏ ਵਿਸ਼ਵ ਰੰਗ ਮੰਚ ਦਿਵਸ ਵਿੱਚ 1989 ਤੋਂ ਬਹੁਰੰਗ ਕਲਾਮੰਚ ਵਲੋਂ ਕੀਤੇ ਪ੍ਰੋਗਰਾਮਾ ਦੀ ਜਾਣਕਾਰੀ ਦੇਣ ਉਪਰੰਤ ਪੰਜਾਬੀ ਰੰਗ ਮੰਚ ਵਿੱਚ ਹੁਸ਼ਿਆਰਪੁਰ ਦੇ ਜੁਗਿੰਦਰ ਬਾਹਰਲਾ ਅਤੇ ਚਰਨ ਦਾਸ ਸਿਧੂ ਵਲੋਂ ਪਾਏ ਯੋਗਦਾਨ ਅਤੇ ਅਗਲੀ ਪੀੜੀ ਵਲੋਂ ਮੰਚਣ ਅਤੇ ਵਿਦਿਅਕ ਨਾਟਕ ਲਈ ਡਾ. ਜਨਮੀਤ ਵਲੋਂ ਪਾਏ ਯੋਗਦਾਨ ਦੀ ਜਾਣਕਾਰੀ ਦਿੱਤੀ । ਡਾ. ਜਨਮੀਤ ਨੇ ਦੱਸਿਆ ਕਿ ਕਿਸੇ ਵੀ ਭਾਸ਼ਾ ਦੇ ਨਾਟਕ ਮੰਚਣ ਹੋਣ ਤੱਕ ਅਧੂਰੇ ਹੁੰਦੇ ਹਨ , ਪਰ ਪੰਜਾਬੀ ਨਾਟਕ ਵਿੱਚ ਆਈ.ਸੀ. ਨੰਦਾ ਤੋਂ ਸ਼ੁਰੂ ਹੋ ਕੇ ਇਪਟਾ, ਪਲਸ ਅਤੇ ਬਲਵੰਤ ਗਾਰਗੀ, ਹਰਪਾਲ ਟਿਵਾਣਾ ਵਲੋਂ ਸ਼ੁਰੂ ਕੀਤੇ ਆਪਣੇ-ਆਪਣੇ ਯਤਨਾ ਨਾਲ ਪੰਜਾਬੀ ਰੰਗ ਮੰਚ ਨੂੰ ਅਜੋਕੇ ਯੁਗ ਤੱਕ ਲੈ ਆਉਂਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਫੈਲੋਸ਼ਿਪ ਨਾਲ ਸਭ ਤੋਂ ਪਹਿਲਾਂ ਪੰਜਾਬੀ ਰੰਗ ਮੰਚ ਦਾ 1947 ਤੱਕ ਦਾ ਇਤਿਹਾਸ ਲਿਖਿਆ ਹੈ । ਇਸ ਮੌਕੇ ਤੇ ਉਨ੍ਹਾਂ ਹੁਸ਼ਿਆਰਪੁਰ (ਦੋਆਬੇ) ਵਿੱਚ ਬਹੁਰੰਗ ਕਲਾ ਮੰਚ ਨੇ ਅਸ਼ੋਕ ਪੁਰੀ ਦੇ ਨਿਰਦੇਸ਼ਨ ਹੇਠ ਇੱਕ ਨਿਗਰ ਉਪਰਾਲਾ ਕੀਤਾ ਹੈ ਜਿਸ ਲਈ ਇਨ੍ਹਾਂ ਦੇ ਕੰਮ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਤੇ ਵੱਖ-ਵੱਖ ਰੰਗ ਕਰਮੀਆਂ ਵਲੋਂ ਕੀਤੇ ਗਏ ਸਵਾਲਾਂ ਦਾ ਵੀ ਡਾ. ਜਨਮੀਤ ਨੇ ਨਿਵਾਰਨ ਕੀਤਾ। ਪ੍ਰੋਗਰਾਮ ਦੇ ਅਖੀਰ ਵਿੱਚ ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਵਲੋਂ ਡਾ. ਅਸ਼ੋਕ ਪੁਰੀ, ਗੁਰਮੇਲ ਧਾਲੀਵਾਲ, ਵਿਵੇਕ ਹਾਸ਼ਰ ਅਤੇ ਐਲੀ ਰਕੇਸ਼ ਕੁਮਾਰ ਨੇ ਡਾ. ਜਨਮੀਤ ਨੂੰ ਦੁਸ਼ਾਲਾ ਅਤੇ ਯਾਦਗਾਰੀ ਚਿਨ੍ਹ ਦੇ ਕੇ ਸਨਮਾਨਿਤ ਕੀਤਾ ।

# ਬਜਟ ਅੱਖਾਂ 'ਚ ਧੂੜ ਪਾਉਣ ਵਾਲਾ ਦਸਤਾਵੇਜ਼ : ਗਣੇਸ਼ ਕੁਮਾਰ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )** ਆਪ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਪੰਜਾਬ ਦਾ 2025 ਦਾ ਬਜਟ ਇੱਕ ਇੱਕ ਅੱਖਾਂ ਵਿੱਚ ਧੂੜ ਪਾਉਣ ਵਾਲਾ ਦਸਤਾਵੇਜ਼ ਹੈ ਜੋ ਸਰਕਾਰ ਦੀ



ਅਯੋਗਤਾ, ਪੰਜਾਬੀਆਂ ਲਈ ਟੁੱਟੇ ਵਾਅਦਿਆਂ ਨੂੰ ਬੇਨਕਾਬ ਕਰਦਾ ਹੈ। ਗਣੇਸ਼ ਕੁਮਾਰ ਕੁਲਾਮ ਰੋਡ ਸਮਾਜ ਸੇਵਕ ਨੇ ਕਿਹਾ ਕਿ ਤੀਜੇ ਬਜਟ ਦੇ ਬਾਵਜੂਦ, ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਪੰਜਾਬ ਦੀਆਂ ਔਰਤਾਂ ਨੂੰ ਹਰ ਮਹੀਨੇ 1,000 ਰੁਪਏ ਦੇਣ ਦੇ ਆਪਣੇ ਪ੍ਰਮੁੱਖ ਵਾਅਦੇ ਨੂੰ ਪੂਰਾ ਕਰਨ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਇਹ ਆਪ ਦੀ ਚੋਣ ਮੁਹਿੰਮ ਦਾ ਮੁੱਖ ਆਧਾਰ ਸੀ, ਪਰ ਇਹ ਅਜੇ ਵੀ ਇੱਕ ਅਧੂਰਾ ਸੁਪਨਾ ਹੈ, ਜਿਸ ਨਾਲ ਲੱਖਾਂ ਔਰਤਾਂ ਨਿਰਾਸ਼ ਹੋਈਆਂ ਹਨ।ਇਸ ਬਜਟ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਸਿਰਫ਼ ਤਿੰਨ ਸਾਲਾਂ ਵਿੱਚ, ਆਪ ਸਰਕਾਰ ਨੇ ਰਾਜ ਦੇ ਕਰਜ਼ੇ ਵਿੱਚ ਲਗਭਗ 1 ਲੱਖ ਕਰੋੜ ਰੁਪਏ ਦਾ ਵਾਧਾ ਕਰ ਦਿੱਤਾ ਹੈ, ਜੋ 1992 ਤੋਂ 2022 ਤੱਕ 30 ਸਾਲਾਂ ਵਿੱਚ ਜਮ੍ਹਾ ਹੋਏ 3 ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬਰਾਬਰ ਹੈ। ਇਹ ਬੇਰੋਕ ਉਧਾਰ ਲੈਣ ਦੀ ਦੌੜ, ਪੰਜਾਬ ਦੇ ਭਵਿੱਖ ਨੂੰ ਅਗਲੀਆਂ ਪੀੜ੍ਹੀਆਂ ਲਈ ਗਹਿਣੇ ਚੜ੍ਹਾਉਣ ਦੀ ਧਮਕੀ ਦਿੰਦੀ ਹੈ। ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਖੇਤੀਬਾੜੀ ਲਈ 14,000 ਕਰੋੜ ਰੁਪਏ ਦੀ ਘਟੀਆ ਰਾਸ਼ੀ ਬਹੁਤ ਹੀ ਨਾਕਾਫ਼ੀ ਹੈ। ਜੇ ਟਿਊਬਵੈੱਲਾਂ ਲਈ ਮੁਫ਼ਤ ਬਿਜਲੀ ਸਬਸਿਡੀ, ਜੋ ਪਹਿਲਾਂ ਤੋਂ ਮੌਜੂਦ ਸੀ,ਨੂੰ ਘਟਾਇਆ ਜਾਵੇ, ਤਾਂ ਖੇਤੀਬਾੜੀ ਵਿੱਚ ਅਸਲ ਨਿਵੇਸ਼ ਨਾਮਮਾਤਰ ਰਹਿ ਜਾਂਦਾ ਹੈ।

# ਏ ਡੀ ਸੀ ਵੱਲੋਂ ਸੜਕ ਦੁਰਘਟਨਾਵਾਂ ਰੋਕਣ ਲਈ ਸਮੀਖਿਆ ਮੀਟਿੰਗ



**ਐਸ.ਏ.ਐਸ ਨਗਰ (ਗੁਰਜੀਤ ਬਿੱਲਾ)**- ਵਧੀਕ ਡਿਪਟੀ ਕਮਿਸ਼ਨਰ (ਜ) ਗੀਤਿਕਾ ਸਿੰਘ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਟਰਾਂਸਪੋਰਟ ਵਿਭਾਗ ਅਤੇ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜ) ਵੱਲੋਂ ਅਧਿਕਾਰੀਆਂ ਨੂੰ ਜ਼ਿਲ੍ਹੇ ਦੀਆਂ ਮੁੱਖ ਸੜਕਾਂ ਉੱਪਰ ਬਲੈਕ ਸਪੋਟ (ਦੁਰਘਟਨਾ ਸੰਭਾਵੀ ਥਾਵਾਂ) ਜਿਨ੍ਹਾਂ ਕਾਰਨ ਲੋਕਾਂ ਨੂੰ ਮੁਸ਼ਕਲਾਂ ਆ ਰਹੀਆਂ ਹਨ, ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਠੀਕ ਕਰਨ ਲਈ ਕਿਹਾ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਕਿਹਾ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਸ਼ਹਿਰ ਵਿੱਚ ਨਵੀਂ ਸ਼ੁਰੂ ਕੀਤੀ ਗਈ ਸਿਟੀ ਸਰਵੇਲੈਂਸ ਤੇ ਟ੍ਰੈਫਿਕ ਮੈਨੇਜਮੈਂਟ ਪ੍ਰਣਾਲੀ ਅਧੀਨ ਨਗਰ ਨਿਗਮ ਅਤੇ ਗਮਾਡਾ ਨੂੰ ਹਦਾਇਤ ਕੀਤੀ ਗਈ ਹੈ ਕਿ ਪੁਲਸ ਨਾਲ ਮਿਲ ਕੇ ਸੜਕਾਂ 'ਤੇ ਆਵਾਜਾਈ ਚਿੰਨ੍ਹਾਂ ਨੂੰ ਤੁਰੰਤ ਯਕੀਨੀ ਬਣਾਉਣ, ਜਿਵੇਂ ਕਿ ਜ਼ੈਬਰਾ ਕ੍ਰਾਸਿੰਗ, ਸਟਾਪ ਲਾਈਨਾਂ ਅਤੇ ਸਪੀਡ ਲਿਮਿਟ ਦੀ ਸਪੱਸ਼ਟਤਾ ਆਦਿ।ਉਨ੍ਹਾਂ ਵੱਲੋਂ ਜ਼ਿਲ੍ਹੇ ਦੀਆਂ ਸੜਕਾਂ ਤੇ ਬਲੈਕ ਸਪੋਟਾਂ (ਦੁਰਘਟਨਾਵਾਂ ਵਾਲੀਆ ਥਾਵਾਂ) ਨੂੰ ਤੁਰੰਤ ਸਹੀ ਕਰਨ ਲਈ ਜ਼ਿਲ੍ਹੇ ਦੇ ਵੱਖ-ਵੱਖ ਅਦਾਰਿਆਂ ਐਨ.ਐਚ.ਏ.ਆਈ, ਗਮਾਡਾ, ਬੀ ਐਂਡ ਆਰ ਅਤੇ ਮਿਊਂਸੀਪਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਵੱਲੋਂ ਸ਼ਹਿਰ ਵਿੱਚ ਸੜਕਾਂ ਉੱਪਰ ਬਣੇ ਅਣਅਧਿਕਾਰਤ ਕੱਟਾਂ ਨੂੰ ਬੰਦ ਕਰਨ ਅਤੇ ਸੜਕਾਂ ਦੇ ਆਸੇ ਪਾਸੇ ਲਗਾਈਆਂ ਜਾਂਦੀਆਂ ਰੇੜ੍ਹੀਆਂ, ਫੜ੍ਹੀਆਂ ਅਤੇ ਵਾਹਨਾਂ ਦੀ ਗਲਤ ਪਾਰਕਿੰਗ ਆਦਿ ਨੂੰ ਰੋਕਣ ਲਈ ਲਗਾਤਾਰ ਚੈਕਿੰਗ ਕਰਨ ਲਈ ਕਿਹਾ ਗਿਆ। ਸਾਰੀਆਂ ਸਕੂਲੀ ਬੱਸਾਂ ਵਿੱਚ ਮੌਜੂਦ ਕੈਮਰੇ, ਅੱਗ ਬੁਝਾਊ ਯੰਤਰ ਅਤੇ ਫਾਸਟ ਏਡ ਬਾਕਸ ਆਦਿ ਚੈੱਕ ਕੀਤੇ ਜਾਣ।ਸਕੂਲਾਂ ਵਿੱਚ ਵੀ ਬੱਚਿਆਂ ਨੂੰ ਵੀ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਯੋਗ ਪ੍ਰਬੰਧ ਕੀਤੇ ਜਾਣ।ਇਸ ਮੌਕੇ ਐਸ.ਡੀ.ਐਮ, ਡੇਰਾਬੱਸੀ, ਅਮਿਤ ਗੁਪਤਾ ਆਰ.ਟੀ.ਏ ਪ੍ਰਦੀਪ ਸਿੰਘ ਢਿੱਲੋਂ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# 'ਜਾਨ ਕੱਢ ਕੇ ਲੈ ਗਿਆ' 2 ਨੂੰ ਹੋਵੇਗਾ ਰਿਲੀਜ਼

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਨਿਊਜ਼ੀਲੈਂਡ ਵਿੱਚ ਵੱਸਦੇ ਪੰਜਾਬੀ ਗਾਇਕ ਰਾਂਝਾਂ ਰਾਜਨ ਉਥੇ ਵੱਸਦੇ ਇੰਡੀਅਨ ਕਮਿਊਨਟੀ ਦੇ ਮਨਪਸੰਦੀਦਾ ਕਲਾਕਾਰ ਹਨ।ਲੇਖਕ ਕੁਲਵੰਤ ਸਿੰਘ ਖੈਰਾਬਾਦੀ ਨੇ ਦੱਸਿਆ ਕਿ ਇਸ ਗੀਤ ਦੇ ਕੰਪੋਜ਼ਰ ਤੇ ਗੀਤਕਾਰ ਰਾਂਝਾਂ ਰਾਜਨ ਹਨ ।ਮਧੁਰ ਸੰਗੀਤ ਨਾਲ ਸੰਗੀਤਕਾਰ ਸੱਗੀ ਨੈਕਸਸ ਨੇ ਸ਼ਿੰਗਾਰਿਆ ਹੈ ।ਇਸ ਗੀਤ ਦੇ ਫਿਲਮਾਕਣ ਵਿੱਚ ਮੋਹਣ ਕੁਮਾਰ , ਕਰਨਬੀਰ ਅਸਿਸਟੈਂਟ ਡਾਇਰੈਕਟਰ, ਐਡਿਟ ਅਤੇ ਗੈਰੀ ਖਤਰਾਓ, ਫੋਟੋਗ੍ਰਾਫੀ ਲਲਿਤੇਸ਼, ਡੈਕਰ ਪਾਰਟਨਰ ਹਰਮਨ, ਆਊਟਫਿਟਸ ਮਿੰਨੀ ਬਸਰਾ , ਰਣਦੀਪ ਵਰਮਾ ਡਿਜ਼ਾਈਨਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ । ਇਸ ਵੀਡੀਓ ਸੌਂਗ ਨੂੰ ਸੁਪਰ ਹਿੱਟ ਬਣਾਉਣ ਲਈ ਖਾਸ ਕਰਕੇ ਬਹੁਤ ਵੱਡਾ ਸਹਿਯੋਗ ਸ਼ਰਨਦੀਪ ਸਿੰਘ, ਹਾਰਡੀ, ਜੈਸਿਨ ਵਿਰਕ, ਬਲਜਿੰਦਰ ਰੰਧਾਵਾ ਅਤੇ ਬਸਰਾਜ ਪ੍ਰੋਡੈਕਸ਼ਨ ਦਾ ਹੈ । ਵਰਨਣਯੋਗ ਹੈ ਕਿ ਇਹ 'ਜਾਨ ਕੱਢ ਕੇ ਲੈ ਗਿਆ' ਖੂਬਸੂਰਤ ਗੀਤ 2 ਅਪ੍ਰੈਲ ਨੂੰ ਗਾਇਕ ਰਾਂਝਾਂ ਰਾਜਨ ਦੇ ਹੈਪੀ ਬਰਥ ਡੇਅ ਮੌਕੇ ਰਿਲੀਜ਼ ਕੀਤਾ ਜਾਵੇਗਾ ।

# ਨੈਣੋਵਾਲ ਵੈਦ ਦੀ ਪੰਚਾਇਤੀ ਜ਼ਮੀਨ 'ਤੇ ਬਣੇ ਨਜਾਇਜ਼ ਮਕਾਨ ਨੂੰ ਢਾਹਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜ਼ਿਲ੍ਹੇ ਦੇ ਪਿੰਡ ਨੈਣੋਵਾਲ ਵੈਦ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕਾਰਵਾਈ ਕਰਦਿਆਂ ਨਸ਼ਾ ਤਸਕਰ ਗੁਰਮੀਤ ਕੌਰ ਦੇ ਪੰਚਾਇਤੀ ਜ਼ਮੀਨ 'ਤੇ ਨਜਾਇਜ਼ ਕਬਜੇ ਵਾਲੇ ਮਕਾਨ ਨੂੰ ਪਿੰਡ ਦੀ ਪੰਚਾਇਤ ਦੀ ਮੌਜੂਦਗੀ ਵਿਚ ਢਾਹਿਆ ਗਿਆ। ਪਿੰਡ ਦੀ ਪੰਚਾਇਤ ਵਲੋਂ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁੱਧ ਕੀਤੀਆਂ ਜਾ ਰਹੀਆਂ ਕਾਰਵਾਈਆਂ ਸਦਕਾ ਨਸ਼ਿਆਂ ਦੇ ਰੁਝਾਨ ਨੂੰ ਠੱਲ੍ਹ ਪਵੇਗੀ ।ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਨਸ਼ਾ ਤਸਕਰ ਗੁਰਮੀਤ ਕੌਰ ਪਤਨੀ ਬਲਵਿੰਦਰ ਸਿੰਘ, ਜਿਸ 'ਤੇ ਐਨ.ਡੀ.ਪੀ.ਐਸ. ਐਕਟ ਦੇ 8 ਮਾਮਲੇ ਦਰਜ ਹਨ ਅਤੇ ਤਿੰਨ ਵਿਚ ਸਜਾ ਹੋ ਚੁੱਕੀ ਹੈ, ਵਲੋਂ ਪਿੰਡ ਨੈਣੋਵਾਲ ਦੀ ਪੰਚਾਇਤੀ ਜ਼ਮੀਨ 'ਤੇ ਮਕਾਨ ਕਬਜ਼ੇ ਵਿਚ ਲਿਆ ਹੋਇਆ ਸੀ। ਪਿੰਡ ਦੀ ਪੰਚਾਇਤ ਵਲੋਂ ਕਈ ਵਾਰ ਥਾਂ ਖਾਲੀ ਕਰਨ ਬਾਰੇ ਕਿਹਾ ਗਿਆ ਪਰ ਉਸ ਵਲੋਂ ਮਕਾਨ ਖਾਲੀ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੰਚਾਇਤ ਵਲੋਂ ਬੀ.ਡੀ.ਪੀ.ਓ. ਦਫ਼ਤਰ ਪਹੁੰਚ ਕੀਤੀ ਗਈ ਜਿਸ 'ਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਦਫ਼ਤਰ ਵਲੋਂ ਬਣਦੀ ਕਾਰਵਾਈ ਕਰਕੇ ਉਸਾਰੀ ਨੂੰ ਢਾਉਣ ਦਾ ਸਮਾਂ ਨਿਸ਼ਚਿਤ ਕੀਤਾ ਗਿਆ।ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਕਿ ਅਮਨ ਕਾਨੂੰਨ ਦੀ ਵਿਵਸਥਾ ਦੇ ਮੱਦੇਨਜ਼ਰ ਢੁਕਵੀਂ ਗਿਣਤੀ ਵਿਚ ਫੋਰਸ ਤਾਇਨਾਤ ਕਰਦਿਆਂ ਨਸ਼ਿਆਂ ਦੇ ਧੰਦੇ ਵਿਚ ਸ਼ਾਮਲ ਗੁਰਮੀਤ ਕੌਰ ਦੇ ਕਬਜੇ ਵਾਲੇ ਮਕਾਨ ਨੂੰ ਢਾਹ ਦਿੱਤਾ ਗਿਆ।



# ਕਿੱਕ ਬਾਕਸਿੰਗ ਗੇਮਾਂ 'ਚ ਮੈਡਲ ਜਿੱਤੇ

**ਬੰਗਾ (ਅਵਤਾਰ ਕਲੇਰ)** ਇੰਡੀਆ ਇੰਟਰ ਯੂਨੀਵਰਸਿਟੀ ਕਿਕ ਬਾਕਸਿੰਗ ਚੈਂਪੀਅਨਸ਼ਿਪ ਮੈਨ ਅਤੇ ਵੂਮੈਨ 2024-2025 ਸੁਭਾਰਤੀ ਯੂਨੀਵਰਸਿਟੀ ਮੇਰਠ ਉੱਤਰ ਪ੍ਰਦੇਸ਼ ਵਿੱਚ ਕਿਕ ਬਾਕਸਿੰਗ ਦੀਆਂ



ਗੇਮਾਂ ਹੋਈਆਂ। ਜਿਸ ਵਿੱਚ ਦੇਸ਼ ਭਰ ਤੋਂ 80 ਤੋਂ ਵੱਧ ਯੂਨੀਵਰਸਿਟੀਆਂ ਨੇ ਭਾਗ ਲਿਆ। ਬੰਗਾ ਹਲਕੇ ਦੇ ਡਾ. ਅੰਬੇਡਕਰ ਮਾਰਸ਼ਲ ਆਰਟ ਅਕੈਡਮੀ ਸੂੰਢ ਦੇ ਦੋ ਖਿਡਾਰੀਆਂ ਨੇ ਜੀ ਐਨ ਏ ਯੂਨੀਵਰਸਿਟੀ ਫਗਵਾੜਾ ਦੇ ਵੱਲੋਂ ਭਾਗ ਲਿਆ ਜਿਨ੍ਹਾਂ ਵਿਚੋਂ ਇੱਕ ਨੇ ਪੰਜ ਫਾਈਟਾ ਜਿੱਤ ਕੇ ਗੋਲਡ ਮੈਡਲ ਪ੍ਰਾਪਤ ਕੀਤਾ। ਇਹ ਖਿਡਾਰੀ - 81 ਕਿਲੋ ਭਾਰ ਵਿੱਚ ਖੇਡਿਆ ਸੀ। ਇਸ ਦਾ ਨਾਂਅ ਹਰਸਿਮਰਨ ਸਿੰਘ ਲੌਂਗੀਆ ਹੈ। ਯੂਨੀਵਰਸਿਟੀ ਫਗਵਾੜਾ ਦੀ ਦੂਸਰੀ ਖਿਡਾਰਨ ਮੁਸਕਾਨ ਸੀ ਜਿਹੜੀ ਕਿ - 60 ਕਿਲੋ ਭਾਰ ਵਿੱਚ ਖੇਡੀ ਅਤੇ 4 ਫਾਈਟਾਂ ਵਿੱਚ ਜਿੱਤ ਪ੍ਰਾਪਤ ਕੀਤੀ ਅਤੇ 5 ਫਾਈਟ ਕੁਝ ਪੁਆਇੰਟਸ ਤੋਂ ਹਾਰ ਗਈ ਜਿਸ ਨੂੰ ਸਿਲਵਰ ਮੈਡਲ ਪ੍ਰਾਪਤ ਹੋਇਆ । ਕਾਰਤਿਕ ਨੇ ਬਰੋਂਜ ਮੈਡਲ ਪ੍ਰਾਪਤ ਕੀਤਾ। ਇਨ੍ਹਾਂ ਤਿੰਨਾਂ ਖਿਡਾਰੀਆਂ ਨੇ ਜੀ ਐਨ ਏ ਯੂਨੀਵਰਸਿਟੀ ਫਗਵਾੜਾ ਦਾ ਨਾਂਅ ਰੌਸ਼ਨ ਕੀਤਾ ਅਤੇ ਆਪਣੀ ਗੇਮ ਦਾ ਵਧੀਆ ਪ੍ਰਦਰਸ਼ਨ ਕੀਤਾ। ਇਨ੍ਹਾਂ ਦੇ ਨਾਲ ਕੋਚ ਮਨਜੀਤ ਸਿੰਘ ਲੌਂਗੀਆਂ ਵੀ ਗਏ ਹੋਏ ਸਨ ਜਿਨ੍ਹਾਂ ਨੇ ਇਨ੍ਹਾਂ ਖਿਡਾਰੀਆਂ ਨੂੰ ਮੈਡਲ ਦਿਵਾਉਣ ਵਿੱਚ ਬਹੁਤ ਮਿਹਨਤ ਕੀਤੀ।

# ਐੱਸ ਡੀ ਕਾਲਜ ਦੇ ਕੈਂਪਸ 'ਚ ਸਵੱਛਤਾ ਲਹਿਰ ਚਲਾਈ



**ਸੁਲਤਾਨਪੁਰ ਲੋਧੀ ( ਹਨੀ )** ਐਸ ਡੀ ਕਾਲਜ ਫਾਰ ਵੂਮੈਨ ਵਿਖੇ ਪ੍ਰਿੰਸੀਪਲ ਡਾ ਵੰਦਨਾ ਸ਼ੁਕਲਾ ਦੀ ਅਗਵਾਈ ਅਤੇ ਕਲੱਬ ਦੇ ਇੰਚਾਰਜ ਮੈਡਮ ਰਾਜਿੰਦਰ ਕੌਰ ਦੀ ਦੇਖ ਰੇਖ ਵਿਚ ਕਾਲਜ ਕੈਂਪਸ 'ਚ ਸਵੱਛਤਾ ਲਹਿਰ ਚਲਾਈ ਗਈ। ਵਾਤਾਵਰਣ ਪ੍ਰਤੀ ਜਾਗਰੁਕਤਾ ਅਤੇ ਆਲੇ ਦੁਆਲੇ ਦੀ ਸਫਾਈ ਦੇ ਮੁੱਖ ਮੰਤਵ ਨੂੰ ਧਿਆਨ ਵਿਚ ਰੱਖਦੇ ਹੋਏ ਵਿਦਿਆਰਥਣਾਂ ਨੇ ਇਸ ਲਹਿਰ ਵਿੱਚ ਵਧ ਚੜ੍ਹ ਕੇ ਭਾਗ ਲਿਆ । ਇਸ ਦੌਰਾਨ ਵਿਦਿਆਰਥਣਾਂ ਨੇ ਕਾਲਜ ਕੈਂਪਸ ਵਿੱਚ ਸਾਫ-ਸਫਾਈ ਕੀਤੀ । ਜਿਸ ਵਿੱਚ ਕੰਪਿਊਟਰ ਲੈਬਜ਼, ਲਾਇਬ੍ਰੇਰੀ, ਕਮਰੇ ਅਤੇ ਵਰਾਂਡੇ ਵੀ ਸ਼ਾਮਲ ਸਨ । ਭਾਗ ਲੈਣ ਵਾਲੀਆਂ 54 ਵਿਦਿਆਰਥਣਾਂ ਨੂੰ ਸੰਬੋਧਿਤ ਕਰਦੇ ਹੋਏ ਪ੍ਰਿੰਸੀਪਲ ਡਾ ਸ਼ੁਕਲਾ ਨੇ ਵੀ 'ਸਾਫ ਵਾਤਾਵਰਣ ਚੰਗੀ ਸਿਹਤ' ਦਾ ਸੁਨੇਹਾ ਦਿੱਤਾ । ਈਕੋ ਕਲੱਬ ਦੇ ਸਹਿਯੋਗੀ ਮੈਡਮ ਹਰਲੀਨ ਕੌਰ ਅਤੇ ਸਮੂਹ ਸਟਾਫ ਮੈਂਬਰਾਂ ਦੇ ਸਹਿਯੋਗ ਨਾਲ ਇਹ ਸਵੱਛਤਾ ਲਹਿਰ ਸਫਲਤਾ ਪੂਰਵਕ ਸੰਪੰਨ ਹੋਈ ਅਤੇ ਇਸ ਤੋਂ ਉਪਰੰਤ ਵਿਦਿਆਰਥਣਾ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ 'ਤੇ ਬਜਟ ਦੀਆਂ ਕਾਪੀਆਂ ਫੂਕੀਆਂ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸਰਕਾਰ ਵੱਲੋਂ ਪੇਸ਼ ਕੀਤੇ ਬਜਟ ਵਿੱਚ ਪੰਜਾਬ ਦੇ ਮਾਣ ਭੱਤਾ ਵਰਕਰਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਅੱਖੋਂ ਪਰੋਖੇ ਕਰਨ ਦੇ ਖਿਲਾਫ ਪੰਜਾਬ ਮੁਲਾਜ਼ਮ ਅਤੇ ਪੈਨਸ਼ਨ ਸਾਂਝੇ ਫਰੰਟ ਦੇ ਸੱਦੇ ਤਹਿਤ ਤਹਿਸੀਲ ਗੜ੍ਹਸ਼ੰਕਰ ਦੇ ਮੁਲਾਜ਼ਮਾਂ ਵੱਲੋਂ ਗਾਂਧੀ ਪਾਰਕ ਵਿੱਚ ਇਕੱਤਰ ਹੋ ਕੇ ਬੰਗਾ ਚੌਂਕ ਵਿੱਚ ਬਜਟ ਦੀਆਂ ਕਾਪੀਆਂ ਫੂਕੀਆਂ ਗਈਆਂ ।ਇਸ ਸਮੇਂ ਮੁਲਾਜ਼ਮਾਂ ਨੂੰ ਸੰਬੋਧਨ



ਕਰਦਿਆਂ ਹੋਇਆਂ ਮੁਕੇਸ਼ ਕੁਮਾਰ, ਮੱਖਣ ਸਿੰਘ ਮੋਲਾਵਾਹਦਪੁਰੀ, ਰਾਮਜੀ ਦਾਸ ਚੌਹਾਨ, ਸੁਖਦੇਵ ਡਾਨਸੀਵਾਲ, ਹੰਸਰਾਜ ਗੜ੍ਹਸ਼ੰਕਰ ਅਤੇ ਜੀਤ ਰਾਮ ਬਗਵਾਈ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੇਸ਼ ਬਜਟ ਨੇ ਪੰਜਾਬ ਦੇ ਸਮੂਹ ਲੋਕਾਂ ਅਤੇ ਮੁਲਾਜ਼ਮਾਂ ਨੂੰ ਨਿਰਾਸ਼ ਕੀਤਾ ਹੈ। ਉਹਨਾਂ ਕਿਹਾ ਕਿ ਇਸ ਬਜਟ ਵਿੱਚ ਮਾਨ ਭੱਤਾ ਵਰਕਰਾਂ ਨੂੰ ਪਿਛਲੇ ਤਿੰਨ ਸਾਲਾਂ ਤੋਂ ਅਣਗੌਲਿਆ ਕੀਤਾ ਜਾ ਰਿਹਾ ਹੈ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਅਹਿਮ ਮੰਗਾਂ, ਪੇ ਕਮਿਸ਼ਨ ਦੇ ਰਹਿੰਦੇ ਹਿੱਸੇ ਨੂੰ ਜਾਰੀ ਕਰਨ, ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ, ਡੀਲਿੰਕ ਕੀਤੇ ਡੀਏ ਨੂੰ ਜਾਰੀ ਨਾ ਕਰਨ 'ਤੇ ਪੰਜਾਬ ਦੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਜਿਸ ਦਾ ਖਮਿਆਜਾ ਆਉਣ ਵਾਲੇ ਸਮੇਂ ਵਿੱਚ ਸਰਕਾਰ ਨੂੰ ਭੁਗਤਣਾ ਪਵੇਗਾ। ਇਸ ਸਮੇਂ ਗੁਰਮੇਲ ਸਿੰਘ, ਜਰਨੈਲ ਸਿੰਘ, ਬਲਵੰਤ ਰਾਮ, ਸਰੂਪ ਚੰਦ, ਗੁਰਨਾਮ ਸਿੰਘ, ਪਵਨ ਕੁਮਾਰ, ਜਗਦੀਪ ਕੁਮਾਰ, ਸੱਤਪਾਲ ਕਲੇਰ, ਜਸਵਿੰਦਰ ਜੱਸੋਵਾਲ, ਦਵਿੰਦਰ ਸਿੰਘ, ਸਤਨਾਮ ਸਿੰਘ ਪੀਟੀਆਈ,ਗੋਪੀ ਰਾਮ, ਵਿਨੋਦ ਕੁਮਾਰ ਜਗਦੀਸ਼ ਰਾਏ, ਵਿਨੋਦ ਕੁਮਾਰ, ਸੁਖਵਿੰਦਰ ਕੁਮਾਰ, ਜਗਦੀਸ਼ ਲਾਲ, ਰਮਨ ਸਿੰਘ, ਸੰਤੋਖ ਕੁਮਾਰ,ਅਸ਼ੋਕ ਕੁਮਾਰ, ਮਨਜੀਤ ਸਿੰਘ,ਅਮਰਜੀਤ ਸਿੰਘ,ਕਰਨਜੀਤ ਸਿੰਘ,ਰਕੇਸ਼ ਕੁਮਾਰ, ਵਿਕਰਮ ਆਦਿ ਸ਼ਾਮਲ ਸਨ।

# ਜਠੇਰੇ ਦੁੱਗਲਾਂ ਹਦੀਆਬਾਦ ਵਿਖੇ ਸਾਲਾਨਾ ਸਮਾਗਮ ਤਹਿਤ ਰਾਮਾਇਣ ਪਾਠ ਦੀ ਹੋਈ ਆਰੰਭਤਾ



**ਫਗਵਾੜਾ ( ਜਸਵਿੰਦਰ ਢੱਡਾ)** ਜਠੇਰੇ ਦੁੱਗਲਾਂ ਵੈਲਫੇਅਰ ਸੁਸਾਇਟੀ (ਰਜਿ.) ਹਦੀਆਬਾਦ ਫਗਵਾੜਾ ਵਲੋਂ ਦੋ ਰੋਜ਼ਾ ਸਲਾਨਾ ਸਮਾਗਮ ਦਾ ਮੰਗਲ ਕਲਸ਼ ਯਾਤਰਾ ਦੇ ਨਾਲ ਸ਼ੁੱਭ ਆਰੰਭ ਕੀਤਾ ਗਿਆ। ਇਹ ਮੰਗਲ ਯਾਤਰਾ ਪਵਿੱਤਰ ਸ਼੍ਰੀ ਰਾਮਾਇਣ ਗ੍ਰੰਥ ਦੀ ਅਗਵਾਈ ਹੇਠ ਸਵੇਰੇ ਸ਼੍ਰੀ ਸ਼ੰਕਰਨਾਥ ਪਰਵਤ ਮੱਠ ਤੋਂ ਬੈਂਡ ਵਾਜਿਆਂ ਦੇ ਨਾਲ ਸ਼ੁਰੂ ਹੋਈ। ਮੰਗਲ ਯਾਤਰਾ ਦਾ ਵੱਖ-ਵੱਖ ਪੜਾਵਾਂ 'ਤੇ ਸ਼ਰਧਾਲੂਆਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸ਼ਾਨਦਾਰ ਸਵਾਗਤ ਕੀਤਾ ਗਿਆ। ਸਵਾਗਤ ਕਰਨ ਵਾਲਿਆਂ ਵਿਚ ਪੁੱਤਰੀ ਪਾਠਸ਼ਾਲਾ ਹਦੀਆਬਾਦ ਦੀ ਪ੍ਰਬੰਧਕ ਕਮੇਟੀ ਖਾਸ ਤੌਰ 'ਤੇ ਸ਼ਾਮਲ ਸੀ। ਮੰਗਲ ਯਾਤਰਾ ਵਿੱਚ ਸ਼ਾਮਲ ਸੰਗਤਾਂ ਦੀ ਸੇਵਾ ਲਈ ਚਾਹ-ਪਾਣੀ ਸਮੇਤ ਵੱਖ-ਵੱਖ ਪ੍ਰਕਾਰ ਦੇ ਪਕਵਾਨਾਂ ਦੇ ਲੰਗਰ ਵੀ ਲਗਾਏ ਗਏ ਸੀ। ਮੰਗਲ ਯਾਤਰਾ ਇਲਾਕੇ ਦੀ ਪਰਿਕ੍ਰਮਾ ਕਰਦੀ ਹੋਈ ਜਠੇਰੇ ਦੁੱਗਲਾਂ ਵਿਖੇ ਪਹੁੰਚੀ।ਜਿੱਥੇ ਬ੍ਰਹਮਚਾਰੀ ਦੀਪ ਚੈਤੰਨਿਆ ਮਹਾਰਾਜ ਨੇ ਬ੍ਰਹਮਲੀਨ ਸਵਾਮੀ ਗੰਗਾਨੰਦ ਪਰਬਤ ਮਹਾਰਾਜ ਦੇ ਆਸ਼ੀਰਵਾਦ ਨਾਲ ਝੰਡੇ ਦੀ ਰਸਮ ਪੂਰੀ ਕਰਵਾਈ। ਉਪਰੰਤ ਵਿਸ਼ਵ ਸ਼ਾਂਤੀ ਦੀ ਪ੍ਰਾਰਥਨਾ ਤੇ ਆਰਤੀ ਉਪਰੰਤ ਸ਼੍ਰੀ ਰਾਮਚਰਿਤਮਾਨਸ ਦਾ ਅਖੰਡ ਪਾਠ ਆਰੰਭ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਜੈ ਦੇਵ ਦੁੱਗਲ ਨੇ ਦੱਸਿਆ ਕਿ 28 ਮਾਰਚ ਦਿਨ ਸ਼ੁੱਕਰਵਾਰ ਨੂੰ ਸਵੇਰੇ ਹਵਨ ਯੱਗ ਉਪਰੰਤ ਸ੍ਰੀ ਰਮਾਇਣ ਪਾਠ ਦਾ ਭੋਗ ਪਾਇਆ ਜਾਵੇਗਾ। ਜਿਸ ਤੋਂ ਬਾਅਦ ਪ੍ਰਵਚਨ, ਵੱਡੇ ਵਡੇਰਿਆਂ ਦਾ ਸਨਮਾਨ, ਭਜਨ ਕੀਰਤਨ ਅਤੇ ਭੰਡਾਰੇ ਦਾ ਪ੍ਰੋਗਰਾਮ ਕੀਤਾ ਜਾਵੇਗਾ।ਇਸ ਮੌਕੇ ਸੁਨੀਲ ਦੁੱਗਲ, ਅਨੂਪ ਦੁੱਗਲ, ਅਚਾਰੀਆ ਅਨਿਲ ਭਾਰਦਵਾਜ, ਪੰਡਿਤ ਸੰਦੀਪ ਭਾਰਦਵਾਜ, ਮੰਗਤ ਰਾਮ ਦੁੱਗਲ, ਸੁਖਵਿੰਦਰ ਸਿੰਘ ਕੰਬੋਜ, ਆਪ ਆਗੂ ਸੰਤੋਸ਼ ਕੁਮਾਰ ਗੋਗੀ, ਲੱਕੀ ਦੁੱਗਲ, ਸੌਰਵ, ਆਦਿਤਯ ਸ਼ਰਮਾ, ਜੋਏ ਉੱਪਲ, ਟੀਨੂ ਉੱਪਲ, ਬ੍ਰਿਜ ਕੁਮਰਾ, ਅਨਰੁੱਧ ਦੁੱਗਲ, ਕਮਲ ਦੁੱਗਲ, ਵੈਭਵ ਦੁੱਗਲ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਪਤਵੰਤੇ ਹਾਜ਼ਰ ਸਨ।

# ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਬਣਾਇਆ ਚੌਕ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਸ਼ਹਿਰ ਨਕੋਦਰ ਵਿਖੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਸਪੋਰਟਸ ਕਲੱਬ ਵੈਲਫੇਅਰ ਸੋਸਾਇਟੀ (ਰਜਿ.) ਨਕੋਦਰ ਅਤੇ ਵੀਰ ਖਾਲਸਾ ਗਰੁੱਪ ਯੂਰਪ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ ਦੀ ਅਨਮੁੱਲੀ ਸ਼ਹਾਦਤ ਨੂੰ ਸਮਰਪਿਤ ਜਲੰਧਰ ਰੋਡ 'ਤੇ ਫਲਾਈ ਓਵਰ ਨੇੜੇ ਖਾਲੀ ਪਏ ਚੌਂਕ ਦੀ ਸਾਫ਼ ਸਫਾਈ ਕਰਵਾਕੇ ਸ਼ਹੀਦ ਭਗਤ ਸਿੰਘ ਚੌਂਕ ਬਣਾ ਦਿੱਤਾ ਗਿਆ ਹੈ ਅਤੇ ਫੁੱਲ ਬੂਟੇ ਲਗਾਏ ਗਏ ਹਨ ।ਐਡਵੋਕੇਟ ਨਾਗਰਾਜ, ਸੁਰਜੀਤ ਸਿੰਘ ਥਿੰਦ ਅਤੇ ਕਾਮਰੇਡ ਦਰਸ਼ਨ ਨਾਹਰ ਨੇ ਕਿਹਾ ਕਿ ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਸ਼ਹੀਦ -ਏ- ਆਜ਼ਮ ਭਗਤ ਸਿੰਘ ਦੀ ਮੂਰਤੀ ਲਗਾ ਕੇ ਇਹ ਚੌਂਕ ਓਹਨਾਂ ਨੂੰ ਸਮਰਪਿਤ ਕੀਤਾ ਜਾਵੇਗਾ। ਮੂਰਤੀ ਦੀ ਸੇਫਟੀ ਲਈ ਉਸ ਦੇ ਆਲੇ ਦੁਆਲੇ ਅਨਬ੍ਰੇਕਬਲ ਗਲਾਸ ਲਗਾਇਆ ਜਾਵੇਗਾ ਤੇ ਸੁੰਦਰੀਕਰਨ ਕੀਤਾ ਜਾਵੇਗਾ ।ਅਵਤਾਰ ਸਿੰਘ ਬਿੱਲਾ ਨੰਗਲ ਨੇ ਕਿਹਾ ਕਿ ਕਲੱਬ ਵਲੋਂ ਚੌਂਕ ਵਿੱਚ ਸੋਲਰ ਲਾਈਟਾਂ, ਅਤੇ ਸੀ ਸੀ ਟੀ ਵੀ ਕੈਮਰੇ ਲਗਾਏ ਜਾਣਗੇ। ਪ੍ਰਧਾਨ ਰਾਜੂ ਭੰਡਾਲ (ਯੂ ਐਸ ਏ ) ਨੇ ਜ਼ਾਹਰ ਕਰਦਿਆਂ ਇਸ ਨੂੰ ਸ਼ਲਾਘਾ ਯੋਗ ਕਦਮ ਕਿਹਾ।

# ਚਲਾਨ ਨਾ ਭਰਨ 'ਤੇ ਵਾਹਨ ਹੋਣਗੇ ਬਲੈਕ ਲਿਸਟ : ਆਰ ਟੀ ਓ

**ਜਲੰਧਰ (ਸ਼ੈਲੀ ਐਲਬਰਟ )** ਰਿਜ਼ਨਲ ਟਰਾਂਸਪੋਰਟ ਅਧਿਕਾਰੀ (ਆਰ.ਟੀ.ਓ.) ਜਲੰਧਰ ਬਲਬੀਰ ਰਾਜ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੱਤਰ, ਰਿਜ਼ਨਲ ਟਰਾਂਸਪੋਰਟ ਅਥਾਰਟੀ, ਰਿਜ਼ਨਲ ਟਰਾਂਸਪੋਰਟ ਅਫ਼ਸਰ ਅਤੇ ਸਹਾਇਕ ਟਰਾਂਸਪੋਰਟ ਅਫ਼ਸਰ ਜਲੰਧਰ ਵਲੋਂ ਲਗਾਤਾਰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੋਟਰ ਵਹੀਕਲ ਐਕਟ 1988 ਦੀ ਉਲੰਘਣਾ ਕਰਨ ਵਾਲੇ ਵਾਹਨਾਂ ਦੇ ਚਲਾਨ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਜੇਕਰ ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਅਧੀਨ ਸੈਕਸ਼ਨ 167 ਤਹਿਤ 90 ਦਿਨਾਂ ਦੇ ਅੰਦਰ-ਅੰਦਰ ਚਲਾਨ ਦਾ ਭੁਗਤਾਨ ਨਹੀਂ ਕੀਤਾ ਜਾਂਦਾ, ਤਾਂ ਵਿਭਾਗ ਵੱਲੋਂ ਸਬੰਧਤ ਵਹੀਕਲਾਂ ਨੂੰ ਬਲੈਕਲਿਸਟ ਕਰ ਦਿੱਤਾ ਜਾਂਦਾ ਹੈ। ਆਰ.ਟੀ.ਓ ਨੇ ਦੱਸਿਆ ਕਿ ਬਲੈਕਲਿਸਟ ਕਰਨ ਉਪਰੰਤ ਸਬੰਧਿਤ ਵਾਹਨ ਦੇ ਮਾਲਕ ਵਲੋਂ ਕਿਸੇ ਵੀ ਕਿਸਮ ਦੀ ਆਰ.ਸੀ ਨਾਲ ਸਬੰਧਿਤ ਸਰਕਾਰੀ ਸੇਵਾ ਜਿਵੇਂ ਕਿ ਆਰ.ਸੀ ਰਿਨਿਊਅਲ, ਡੁਪਲੀਕੇਟ ਆਰ.ਸੀ, ਆਰ.ਸੀ ਟਰਾਂਸਫਰ, ਬੀਮਾ ਅਤੇ ਪ੍ਰਦੂਸ਼ਣ ਆਦਿ ਦਾ ਲਾਭ ਨਹੀਂ ਲਿਆ ਜਾ ਸਕਦਾ। ਬਲਬੀਰ ਰਾਜ ਸਿੰਘ ਨੇ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਚਲਾਨ ਦੀ ਬਣਦੀ ਰਕਮ ਸਮੇਂ-ਸਿਰ ਦਫ਼ਤਰ ਸਕੱਤਰ, ਰਿਜ਼ਨਲ ਟਰਾਂਸਪੋਰਟ ਅਥਾਰਟੀ ਜਾਂ ਆਰ.ਟੀ.ਓ ਦਫਤਰ ਜਲੰਧਰ ਵਿਖੇ ਜਮ੍ਹਾਂ ਕਰਵਾਉਣ। ਉਨ੍ਹਾਂ ਕਿਹਾ ਕਿ ਚਲਾਨ ਦੀ ਬਣਦੀ ਰਕਮ ਜਮ੍ਹਾਂ ਨਾ ਕਰਵਾਉਣ ਤੇ ਸੈਂਟਰਲ ਮੋਟਰ ਵਹੀਕਲ ਰੂਲਜ਼ 1989 ਦੇ ਅਧੀਨ ਸੈਕਸ਼ਨ 167 ਤਹਿਤ ਸਬੰਧਿਤ ਵਹੀਕਲਾਂ ਨੂੰ ਬਲੈਕਲਿਸਟ ਕਰ ਦਿੱਤਾ ਜਾਵੇਗਾ।

# 'ਆਪ' ਨੇ ਬਜਟ 'ਚ ਗ਼ਰੀਬ ਪਰਵਾਰਾਂ ਦੇ ਕਰਜ਼ੇ ਕੀਤੇ ਮਾਫ਼ : ਦੇਵ ਮਾਨ

**ਨਾਭਾ (ਵਰਿੰਦਰ ਵਰਮਾ)**

ਪੰਜਾਬ ਬਜਟ 2025 ਵਿੱਚ ਪੰਜਾਬ ਦੇ ਗ਼ਰੀਬ ਪਰਿਵਾਰਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। 4,650 ਗਰੀਬ ਪਰਵਾਰ ਜਿਨ੍ਹਾਂ ਨੇ 31.03.2020 ਤੋ ਪਹਿਲਾ ਕਾਰਪੋਰੇਸ਼ਨਾਂ ਤੋਂ ਕਰਜ਼ਾ ਲਿਆ ਸੀ, ਪਰ ਨਾ ਭਰਨ ਕਰਕੇ ਕਰਜ਼ਾ ਲਗਾਤਾਰ ਲੱਖਾਂ ਰੁਪਏ ਵੱਧ ਰਿਹਾ ਸੀ। ਗ਼ਰੀਬਾਂ ਲਈ ਵੱਡੀ ਸਿਰਦਰਦੀ ਬਣ ਰਿਹਾ ਸੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਨੇ ਮੁਕੰਮਲ ਤੌਰ 'ਤੇ ਇਹ ਮਾਫ ਕਰ ਦਿੱਤਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਭਗਵੰਤ ਸਿੰਘ ਮਾਨ ਤੇ ਹਰਪਾਲ ਸਿੰਘ ਚੀਮਾ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਪ੍ਰਗਟਾਏ। ਉਨ੍ਹਾਂ ਕਿਹਾ ਕਿ ਪੰਜਾਬ ਬਜਟ ਵਿਚ ਸਮਾਜਿਕ ਨਿਆਂ ਅਤੇ ਅਨੁਸੂਚਿਤ ਜਾਤੀਆਂ ਲਈ ਵਿੱਤ ਮੰਤਰੀ ਹਰਪਾਲ ਸਿੰਘ ਵੱਲੋਂ ਵੱਡਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀ ਦੇ ਭਾਈਚਾਰੇ ਵੱਲੋਂ 'ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਅਤੇ ਵਿੱਤ ਨਿਗਮ' ਤੋਂ 31 ਮਾਰਚ 2020 ਤੱਕ ਲਏ ਗਏ ਸਾਰੇ ਕਰੇ ਮੁਆਫ ਕੀਤੇ ਜਾਂਦੇ ਹਨ। ਇਸ ਦੇ ਨਾਲ ਕਈ ਹਜ਼ਾਰ ਲੋਕਾਂ ਨੂੰ ਲਾਭ ਮਿਲੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ, ਘੱਟ ਗਿਣਤੀ ਅਤੇ ਸਾਰੇ ਦਲਿਤ ਵਰਗਾਂ ਦੇ ਵਿਕਾਸ ਲਈ ਵਿੱਤੀ ਸਾਲ 2025-26 ਵਿੱਚ ਅਨੁਸੂਚਿਤ ਜਾਤੀਆਂ ਉਪ-ਯੋਜਨਾ (ਐੱਸ.ਸੀ.ਐੱਸ.ਪੀ) ਲਈ 13,937 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ, ਜੋ ਸੂਬੇ ਦੇ ਕੁੱਲ ਬੱਜਟ ਦਾ 34 ਫੀਸਦੀ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਨੇ ਬੱਜਟ ਭਾਸ਼ਣ ਦੌਰਾਨ ਐਲਾਨ ਕੀਤਾ ਹੈ ਕਿ 'ਬਦਲਦਾ ਪੰਜਾਬ' 'ਚ ਸਰਕਾਰ ਦਾ ਮਕਸਦ ਸਮਾਜ ਦੇ ਹਰ ਵਰਗ ਦਾ ਖਿਆਲ ਰੱਖਣਾ ਹੈ।

ਉਨ੍ਹਾਂ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਭੈਣਾਂ-ਭਰਾਵਾਂ ਨੂੰ ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਅਤੇ ਵਿੱਤ ਨਿਗਮ ਤੋਂ ਲਏ ਗਏ ਕਰਜ਼ਿਆਂ ਕਾਰਨ ਡਿਫਾਲਟਰ ਹੋਣ ਦਾ ਮੁੱਦਾ ਬੜਾ ਚਿੰਤਤ ਕਰਦਾ ਹੈ, ਹਾਲਾਂਕਿ ਜ਼ਿਆਦਾਤਰ ਲੋਕਾਂ ਨੇ ਲਿਆ ਕਰਜ਼ਾ ਵਾਪਸ ਕਰ ਦਿੱਤਾ ਹੈ, ਪਰ ਕੁਝ ਵਾਜਬ ਕਾਰਨਾਂ ਜਿਵੇਂ ਲਾਭਪਾਤਰੀ ਦੇ ਕਾਰੋਬਾਰ ਦੀ ਅਸਫ਼ਲਤਾ, ਲਾਭਪਾਤਰੀ ਦੀ ਮੌਤ ਅਤੇ ਪਰਵਾਰ 'ਚ ਕੋਈ ਹੋਰ ਕਮਾਉਣ ਵਾਲਾ ਮੈਂਬਰ ਨਾ ਹੋਣਾ, ਲਾਭਪਾਤਰੀ ਦੇ ਘਰ ਵਿੱਚ ਕਿਸੇ ਹੋਰ ਮੈਂਬਰ ਦੀ ਲੰਬੀ ਬੀਮਾਰੀ ਜਾਂ ਆਮਦਨ ਦਾ ਕੋਈ ਹੋਰ ਸਰੋਤ ਨਾ ਹੋਣਾ ਜਾਂ ਕਿਸੇ ਕੁਦਰਤੀ ਆਫਤ ਦਾ ਸ਼ਿਕਾਰ ਹੋਣਾ ਆਦਿ ਕਰਕੇ ਕੁਝ ਲਾਭਪਾਤਰੀ ਕਰਜ਼ਾ ਵਾਪਸ ਨਹੀਂ ਕਰ ਸਕੇ ਹਨ। ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਤੇ ਵਿੱਤ ਨਿਗਮ ਰਾਹੀਂ 31 ਮਾਰਚ 2020 ਤੱਕ ਲਏ ਗਏ ਸਾਰੇ ਕਰਜ਼ਿਆਂ ਦੀ ਮੁਆਫ਼ੀ ਦਾ ਐਲਾਨ ਕੀਤਾ ਗਿਆ ਹੈ। ਇਸ ਬੱਜਟ ਤੋਂ ਬਾਅਦ ਦੇਵ ਮਾਨ ਨੇ ਮਾਨ ਸਰਕਾਰ ਵੱਲੋਂ ਚੁੱਕੇ ਗਏ ਕਦਮ ਦੀ ਸ਼ਲਾਘਾ ਕੀਤੀ ਤੇ ਆਸ ਪ੍ਰਗਟਾਈ ਕਿ ਅੱਗੇ ਤੋਂ ਵੀ ਹਰ ਵਰਗ ਦਾ ਖਿਆਲ ਰੱਖਿਆ ਜਾਵੇਗਾ।

## ਕੋਟਲੀ ਅਬਲੂ ਵਿਖੇ ਸਿਲਾਈ-ਕਢਾਈ ਸੈਂਟਰ ਖੋਲ੍ਹਿਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਤਾ ਭਾਗ ਕੌਰ ਸੇਵਾ ਸੁਸਾਇਟੀ ਵੱਲੋਂ ਪਿੰਡ ਕੋਟਲੀ ਅਬਲੂ ਵਿਖੇ ਦੂਜਾ ਸਿਲਾਈ-ਕਢਾਈ ਸੈਂਟਰ ਖੋਲਿਆ ਗਿਆ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਔਰਤਾਂ ਨੇ ਸ਼ਮੂਲੀਅਤ ਕੀਤੀ।ਸਿਲਾਈ ਕਢਾਈ ਸੈਂਟਰ ਦਾ ਉਦਘਾਟਨ ਸੁਸਾਇਟੀ ਦੀ ਪ੍ਰਧਾਨ ਹਰਗੋਬਿੰਦ ਕੌਰ ਸਰਾਂ ਨੇ ਕੀਤਾ।ਉਨ੍ਹਾਂ ਆਖਿਆ ਕਿ ਸੁਸਾਇਟੀ ਵੱਲੋਂ ਇਹ ਸੱਤਵਾਂ ਸੈਂਟਰ ਖੋਲ੍ਹਿਆ ਗਿਆ ਹੈ।ਉਨ੍ਹਾਂ ਕਿਹਾ ਕਿ ਔਰਤਾਂ ਨੂੰ ਆਪਣੇ ਪੈਰਾਂ ਤੇ ਆਪ ਖੜ੍ਹੇ ਹੋਣਾ ਚਾਹੀਦਾ ਹੈ ਤੇ ਰੁਜ਼ਗਾਰ ਦੇ ਵਸੀਲੇ ਪ੍ਰਾਪਤ ਕਰਨੇ ਚਾਹੀਦੇ ਹਨ ਤਾਂ ਜੁ ਉਹ ਆਪਣੇ ਘਰਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਪਰਵਾਰ ਨੂੰ ਸਹਿਯੋਗ ਦੇ ਸਕਨ। ਉਨ੍ਹਾਂ ਕਿਹਾ ਕਿ ਸੋਸਾਇਟੀ ਵੱਲੋਂ ਪਿੰਡ ਪੱਧਰ ਤੱਕ ਸਿਲਾਈ ਕਢਾਈ ਸੈਂਟਰ ਖੋਲ੍ਹੇ ਜਾ ਰਹੇ ਹਨ।

## ਡਾ. ਬਲਜੀਤ ਕੌਰ ਵੱਲੋਂ ਪੰਜਾਬ ਬਜਟ ਦੀ ਸ਼ਲਾਘਾ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਗਏ ਬਜਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਜਟ ਆਮ ਲੋਕਾਂ, ਵਿਅਕਤੀਗਤ ਤੌਰ :'ਤੇ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਪਰਵਾਰਾਂ ਤੇ ਹਾਸ਼ੀਆਗ੍ਰਸਤ ਵਰਗਾਂ ਦੀ ਭਲਾਈ ਲਈ ਮੱਤਵਪੂਰਨ ਉਪਰਾਲਾ ਹੈ। ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਅਨੁਸੂਚਿਤ ਜਾਤੀ ਭੂਮੀ ਵਿਕਾਸ ਤੇ ਵਿੱਤ ਨਿਗਮ ਰਾਹੀਂ 31 ਮਾਰਚ 2020 ਤੱਕ ਲਏ ਗਏ ਕਰਜ਼ਿਆਂ ਦੀ ਪੂਰੀ ਮੁਆਫ਼ੀ ਦਾ ਐਲਾਨ ਕੀਤਾ ਗਿਆ ਹੈ, ਜਿਸ ਨਾਲ 4,650 ਲਾਭਪਾਤਰੀਆਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਨੇ ਕਿਹਾ ਕਿ ਇਹ ਫ਼ੈਸਲਾ ਕਰਜ਼ਿਆਂ ਦੀ ਮਾਰ ਤਹਿਤ ਆਏ ਹੋਏ ਪੀੜਤ ਪਰਵਾਰਾਂ ਨੂੰ ਦੁਬਾਰਾ ਆਪਣੇ ਪੈਰਾਂ 'ਤੇ ਖੜ੍ਹਨ ਵਿੱਚ ਸਹਾਇਕ ਸਾਬਤ ਹੋਵੇਗਾ। ਡਾ. ਬਲਜੀਤ ਕੌਰ ਨੇ ਕਿਹਾ ਕਿ ਸਰਕਾਰ ਨੇ ਸਮਾਜਿਕ ਨਿਆਂ ਤੇ ਸਮਾਨਤਾ ਨੂੰ ਯਕੀਨੀ ਬਣਾਉਣ ਲਈ 9,340 ਕਰੋੜ ਰੁਪਏ ਰਾਖਵੇਂ ਰੱਖਣ ਦਾ ਐਲਾਨ ਕੀਤਾ ਹੈ, ਜੋ ਬਜ਼ੁਰਗਾਂ, ਵਿਧਵਾਵਾਂ, ਬੇਸਹਾਰਾ ਔਰਤਾਂ, ਅਨਾਥ ਬੱਚਿਆਂ ਤੇ ਦਿਵਿਆਂਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਾਉਣ 'ਚ ਵਰਤੇ ਜਾਣਗੇ। ਡਾ. ਬਲਜੀਤ ਕੌਰ ਨੇ ਔਰਤ ਦੀ ਸੁੱਖ-ਸਹੂਲਤ ਤੇ ਆਰਥਿਕ ਸਸ਼ਕਤੀਕਰਨ ਵੱਲ ਬਜਟ ਦੇ ਵਿਸ਼ੇਸ਼ ਧਿਆਨ ਦੀ ਵੀ ਸ਼ਲਾਘਾ ਕੀਤੀ। ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਸਰਕਾਰ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦੀ ਦਿਸ਼ਾ 'ਚ ਲਗਾਤਾਰ ਅੱਗੇ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਬਜਟ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਤੇ ਹਾਸ਼ੀਆਗ੍ਰਸਤ ਵਰਗਾਂ ਦੀ ਆਰਥਿਕ ਤਰੱਕੀ ਨੂੰ ਤਰਜੀਹ ਦਿੰਦੇ ਹੋਏ 13,987 ਕਰੋੜ ਰੁਪਏ ਰਾਖਵੇਂ ਰੱਖੇ ਹਨ, ਜੋ ਸੂਬੇ ਦੇ ਕੁੱਲ ਵਿਕਾਸ ਬੱਜਟ ਦਾ 34% ਹੈ।

## ਦੇਸ਼ ਅੰਦਰ ਧਾਰਮਿਕ ਆਜ਼ਾਦੀ ਪਰ ਧਾਰਮਿਕ ਕੱਟੜਵਾਦ ਬਰਦਾਸ਼ਤ ਨਹੀਂ : ਜੌਹਲ



**ਸੰਗਰੂਰ (ਪ੍ਰਵੀਨ ਸਿੰਘ)**-ਦੇਸ਼ ਅੰਦਰ ਹਰ ਇੱਕ ਨਾਗਰਿਕ ਨੂੰ ਧਾਰਮਿਕ ਆਜ਼ਾਦੀ ਹੈ, ਪ੍ਰੰਤੂ ਧਾਰਮਿਕ ਕੱਟੜਵਾਦ ਲਈ ਕੋਈ ਥਾਂ ਨਹੀਂ। ਭਾਰਤ ਤੇ ਖ਼ਾਸ ਕਰਕੇ ਪੰਜਾਬ ਅੰਦਰ ਸਾਰੇ ਧਰਮਾਂ ਵਰਗਾਂ ਦੇ ਲੋਕ ਆਪਣੇ-ਆਪਣੇ ਧਾਰਮਿਕ ਰੀਤੀ ਰਿਵਾਜਾਂ ਨੂੰ ਮਨਾਉਂਦੇ ਹਨ, ਪਰ ਕਿਸੇ ਨੂੰ ਦੂਜੇ ਦੇ ਧਰਮਾਂ ਵਿੱਚ ਦਖਲ ਦੇਣ ਦੀ ਇਜਾਜ਼ਤ ਨਹੀਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੇਵਾਮੁਕਤ ਵਧੀਕ ਡਿਪਟੀ ਕਮਿਸ਼ਨਰ ਪ੍ਰੀਤਮ ਸਿੰਘ ਜੌਹਲ ਨੇ ਕੀਤਾ। ਉਨ੍ਹਾਂ ਕਿਹਾ ਕਿ ਇਹ ਪਿੰਡ ਜਿੱਥੇ ਪਿਛਲੇ ਵਰ੍ਹਿਆਂ ਤੋਂ ਆਪਸੀ ਸਾਂਝ ਦਾ ਪ੍ਰਤੀਕ ਹੈ, ਉਥੇ ਲੋਕ ਇੱਕ ਦੂਜੇ ਦੇ ਧਾਰਮਿਕ ਤੇ ਸਮਾਜਿਕ ਕੰਮਾਂ ਵਿਚ ਰਲ-ਮਿਲ ਕੇ ਹਿੱਸਾ ਲੈਂਦੇ ਹਨ। ਇਸੇ ਲਈ ਇਹ ਪਿੰਡ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਹੋਣ ਕਾਰਨ ਤੇ ਪਿੰਡ ਦੇ ਲੋਕ ਸਾਂਝ ਕਾਰਨ ਵਿਕਾਸ ਤੇ ਤਰੱਕੀ ਕਰਦਾ ਹੋਇਆ ਪੰਜਾਬ ਦੇ ਮੋਹਰੀ ਪਿੰਡਾਂ ਵਿਚੋਂ ਗਿਣਿਆ ਜਾਂਦਾ ਹੈ। ਫ਼ਤਿਹ ਪ੍ਰਭਾਕਰ ਨੇ ਬੋਲਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਖੁਸ਼ਕਿਸਮਤੀ ਹੈ ਕਿ ਉਨ੍ਹਾਂ ਦਾ ਜਨਮ ਤੇ ਮੁੱਢਲੀ ਸਿੱਖਿਆ ਤੇ ਚੰਗੇ ਸੰਸਕਾਰ ਵੀ ਇਸ ਪਿੰਡ ਦੇ ਬਜ਼ੁਰਗਾਂ ਤੋਂ ਹਾਸਲ ਹੋਏ ਹਨ। ਇਸੇ ਲਈ ਗੁਰਪੁਰਬ ਤੇ ਈਦ ਸਾਰੇ ਰਲ ਮਿਲ ਕੇ ਮਨਾਉਂਦੇ ਹਨ। ਉਨ੍ਹਾਂ ਕਿਹਾ ਕਿ ਰੋਜ਼ਾ ਇਕੱਲਾ ਖਾਣਾ ਤੇ ਪਾਣੀ ਕੁੱਝ ਘੰਟੇ ਛੱਡਣਾ ਹੀ ਨਹੀਂ ਹੁੰਦਾ, ਸਗੋਂ ਭੁੱਖ ਤੇ ਪਿਆਸ ਮਨੁੱਖ ਨੂੰ ਅੱਲ੍ਹਾ ਦੀ ਇਬਾਦਤ ਲਈ ਵੀ ਪ੍ਰੇਰਦੀ ਹੈ ਤੇ ਬੁਰਾਈਆਂ ਤੋਂ ਦੂਰ ਰੱਖਦੀ ਹੈ। ਇਸ ਸਮੇਂ ਉਨ੍ਹਾਂ ਮੁਸਲਮਾਨ ਭਰਾਵਾਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਰੋਜ਼ਾ ਖੁੱਲ੍ਹਵਾਉਣ ਲਈ ਖਜੂਰ ਤੇ ਮੇਵੇ ਆਦਿ ਵੰਡੇ।

## ਸਾਨੂੰ ਸਮੇਂ ਦੀ ਬੇਕਦਰੀ ਨਹੀਂ ਕਰਨੀ ਚਾਹੀਦੀ : ਪ੍ਰਿੰ. ਗੁਲੇਰੀਆ



**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਸਮੇਂ ਦੀ ਸਹੀ ਵਰਤੋਂ ਵਿਸੇ ਤੇ ਸੈਮੀਨਾਰ ਲਾਇਆ ਗਿਆ। ਪ੍ਰਿੰਸੀਪਲ ਸਾਕਸੀ ਗਲੇਰੀਆ ਨੇ ਸਕੂਲ ਦੀਆਂ ਵੱਖ-ਵੱਖ ਜਮਾਤਾਂ ਦੇ ਬੱਚਿਆਂ ਦੇ ਨਾਲ ਸੰਵਾਦ ਕਰਦਿਆਂ ਕਿਹਾ ਕਿ ਜੀਵਨ 'ਚ ਸਫ਼ਲਤਾ ਤਦ ਹੀ ਮਿਲ ਸਕਦੀ ਹੈ, ਜਦ ਬੱਚੇ ਇੱਕ ਸਪੱਸ਼ਟ ਟੀਚੇ ਨੂੰ ਨਿਰਧਾਰਤ ਕਰਕੇ ਆਪਣੇ ਸਮੇਂ ਨੂੰ ਮੈਨੇਜ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਬੱਚਿਆਂ ਦੇ ਨਾਲ ਉਨ੍ਹਾਂ ਦੇ ਟਾਈਮ ਮੈਨੇਜਮੈਂਟ ਉਨ੍ਹਾਂ ਦੀ ਰੋਜ਼ ਦੀ ਰੁਟੀਨ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਉਸ ਦੇ ਬਾਅਦ ਉਨ੍ਹਾਂ ਨੇ ਬੱਚਿਆਂ ਤੋਂ ਵੀ ਉਨ੍ਹਾਂ ਦੇ ਵਿਚਾਰ ਲਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਕੂਲ ਚੇਅਰਮੈਨ ਸੁਭਾਸ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕੇ ਸਾਨੂੰ ਸਮੇਂ ਦੀ ਬੇਕਦਰੀ ਨਹੀਂ ਕਰਨੀ ਚਾਹੀਦੀ। ਸਮਾਂ ਹਰ ਇੱਕ ਮਨੁੱਖ ਲਈ ਬਹੁਤ ਹੀ ਜ਼ਰੂਰੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰੋਜ਼ਾਨਾ ਸਵੇਰੇ ਜਲਦੀ ਉੱਠਣਾ ਚਾਹੀਦਾ ਹੈ ਤੇ ਚੰਗੀਆਂ ਆਦਤਾਂ ਅਪਣਾਉਣੀਆਂ ਚਾਹੀਦੀਆਂ ਹਨ। ਇਸ ਮੌਕੇ ਸਕੂਲ ਸਟਾਫ਼ ਹਾਜ਼ਰ ਸੀ।

## ਮਾਤਾ ਗੁਜਰੀ ਕਾਲਜ ਦੇ ਵਿਦਿਆਰਥੀਆਂ ਵੱਲੋਂ ਵਿਧਾਨ ਸਭਾ ਦਾ ਦੌਰਾ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ ਦੇ ਲਗਭਗ 50 ਵਿਦਿਆਰਥੀਆਂ ਵੱਲੋਂ ਪੰਜਾਬ ਵਿਧਾਨ ਸਭਾ ਦਾ ਵਿੱਦਿਅਕ ਦੌਰਾ ਆਯੋਜਤ ਕਰਾਇਆ ਗਿਆ, ਜਿਸ ਵਿੱਚ ਵਿਭਾਗ ਦੇ ਵਿਦਿਆਰਥੀਆਂ ਨੇ ਵਿਧਾਨ ਸਭਾ ਵਿਖੇ ਚੱਲ ਰਹੇ ਬੱਜਟ ਸੈਸ਼ਨ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਵਿੱਦਿਅਕ ਦੌਰੇ ਜਿੱਥੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਵਿੱਚ ਸਹਾਈ ਸਿੱਧ ਹੁੰਦੇ ਹਨ, ਉਥੇ ਨਾਲ ਹੀ ਉਨ੍ਹਾਂ ਨੂੰ ਦੇਸ ਤੇ ਰਾਜ ਦੀ ਕਾਰਜ ਸੈਲੀ ਸਮਝਾਉਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਰਾਜਨੀਤੀ ਵਿਗਿਆਨ ਵਿਭਾਗ ਦੇ ਮੁਖੀ ਡਾ. ਸਤਨਾਮ ਸਿੰਘ ਨੇ ਦੱਸਿਆ ਕਿ ਇਸ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਬਜਟ ਸੈਸ਼ਨ ਚੱਲ ਰਿਹਾ ਹੈ, ਇਸ ਲਈ ਵਿਦਿਆਰਥੀਆਂ ਨੂੰ ਇਹ ਦੌਰਾ ਭਾਰਤੀ ਸੰਸਦ ਦੀ ਲੋਕਤੰਤਰੀ ਪ੍ਰਣਾਲੀ ਦੀ ਕਾਰਜ ਸੈਲੀ ਦੇ ਵਿਹਾਰਕ ਪੱਖ ਨੂੰ ਸਮਝਾਉਣ ਲਈ ਕਰਾਇਆ ਗਿਆ। ਬਜਟ ਸੈਸ਼ਨ ਦੇਖਣ ਵਾਲੇ ਵਿਦਿਆਰਥੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਵਿਧਾਇਕਾਂ ਨੂੰ ਵੱਖ-ਵੱਖ ਮੁੱਦਿਆਂ 'ਤੇ ਬਹਿਸ ਕਰਦੇ ਦੇਖਿਆ ਅਤੇ ਸੁਣਿਆ ਜੋ ਬਹੁਤ ਹੀ ਰੌਚਕ ਤੇ ਗਿਆਨ ਭਰਪੂਰ ਸੀ।

## ਨੌਜਵਾਨ ਦੇਸ਼ ਲਈ ਚਾਨਣ-ਮੁਨਾਰੇ ਬਣਨ : ਮੜਕਨ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਸਕੂਲ ਆਫ ਐਮੀਨੈਂਸ ਫੀਲਖਾਨਾ ਪਟਿਆਲਾ ਵਿਖੇ 7 ਰੋਜ਼ਾ ਵਿਸ਼ੇਸ਼ ਕੈਂਪ ਵਿੱਚ ਸ਼੍ਰੀ ਨਮਨ ਮੜਕਨ ਪੀਸੀਐਸ ਆਰ ਟੀ ਓ ਪਟਿਆਲਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਵਲੰਟੀਅਰਜ਼ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਨੌਜਵਾਨਾਂ ਨੂੰ ਦੇਸ਼ ਵਿੱਚੋਂ ਅਲਾਮਤਾਂ ਖਤਮ ਕਰਨ, ਤਰੱਕੀ ਕਰਨ ਲਈ ਐਨਐਸਐਸ ਨਾਲ ਜੁੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਦੇਸ਼ ਲਈ ਚਾਨਣ ਮੁਨਾਰੇ ਦਾ ਕੰਮ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਨਾਗਰਿਕਾਂ ਦੀਆਂ ਟ੍ਰੈਫਿਕ ਨਿਯਮਾਂ ਸੰਬੰਧੀ ਕੀਤੀਆਂ ਨਿੱਕੀਆਂ-ਨਿੱਕੀਆਂ ਗਲਤੀਆਂ ਕਈ ਵਾਰ ਵੱਡੇ ਹਾਦਸਿਆਂ ਦਾ ਕਾਰਨ ਬਣਦੀਆਂ ਹਨ। ਉਨ੍ਹਾਂ ਆਪਣੇ ਪਰਵਾਰ ਦੇ ਹਾਦਸੇ ਦੀ ਗੱਲ ਵੀ ਸੁਣਾਈ।ਪ੍ਰੋਗਰਾਮ ਦੇ ਵਿੱਜ ਸਟੇਟ ਐਵਾਰਡੀ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਨੇ ਸ਼੍ਰੀ ਮੜਕਨ ਦਾ ਸਵਾਗਤ ਕਰਦੇ ਕਿਹਾ ਕਿ ਐਮੀਨੈਂਸ ਸਕੂਲ, ਸਰਕਾਰ ਦੀ ਜੋ ਨਿਵੇਕਲੀ ਸਕੀਮ ਹੈ, ਇਸ ਦਾ ਸਮੁੱਚੇ ਪੰਜਾਬ ਦੇ ਵਿਦਿਆਰਥੀਆਂ ਨੂੰ ਬਹੁਤ ਲਾਭ ਪਹੁੰਚ ਰਿਹਾ ਹੈ। ਉਨ੍ਹਾਂ ਦੱਸਿਆ ਕਿ ਫੀਲਖਾਨਾ ਸਕੂਲ ਦੇ ਵਿੱਚ ਪੰਜਾਬ ਸਰਕਾਰ ਦੀ ਹਦਾਇਤਾਂ ਮੁਤਾਬਕ ਵੱਖ-ਵੱਖ ਸਹਿ ਵਿਦਿਅਕ ਕਿਰਿਆਵਾਂ ਕਰਾਈਆਂ ਜਾਂਦੀਆਂ ਹਨ।ਸਟੇਟ ਐਵਾਰਡੀ ਅਧਿਆਪਕ ਪ੍ਰਗਟ ਸਿੰਘ ਜੀ ਦੇ ਵਿਦਿਆਰਥੀਆਂ ਨੇ ਹੀਰ ਰਾਂਝੇ ਦੀ ਸੰਗੀਤਕ ਗਾਥਾ ਦਾ ਪ੍ਰਦਰਸ਼ਨ ਕੀਤਾ।ਵਲੰਟੀਅਰਜ ਵੱਲੋਂ ਐਨਐਸਐਸ ਲੀਡਰ ਮੋਦਨਾ ਗੁਪਤਾ ਨੇ ਕੈਂਪ ਸਬੰਧੀ ਰਿਪੋਰਟ ਪੇਸ਼ ਕੀਤੀ। ਉਸ ਨੇ ਦੱਸਿਆ ਕਿ ਕਿੰਝ ਸਵੇਰ ਦੇ 6 ਵਜੇ ਤੋਂ ਰਾਤ ਦੇ 10 ਵਜੇ ਤੱਕ ਵਲੰਟੀਅਰਜ ਵੱਖ-ਵੱਖ ਕਿਰਿਆਵਾਂ ਵਿੱਚ ਹਿੱਸਾ ਲੈਂਦੇ ਹਨ, ਜਿਸ ਨਾਲ ਉਹਨਾਂ ਦਾ ਸਮਾਜਿਕ ਤੇ ਬੌਧਿਕ ਵਿਕਾਸ ਹੋ ਰਿਹਾ ਹੈ। ਵਲੰਟੀਅਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਕੂਲ ਪ੍ਰਿੰਸੀਪਲ ਡਾਕਟਰ ਰਜਨੀਸ਼ ਗੁਪਤਾ ਦਾ ਧੰਨਵਾਦ ਵੀ ਕੀਤਾ।

## ਤਾਰਾ ਤੇ ਗੋਲਡੀ ਦਾ ਰੁਲਦਾ ਕਤਲ ਕੇਸ 'ਚੋਂ ਬਰੀ ਹੋਣਾ ਸਵਾਗਤਯੋਗ : ਮਾਨ

**ਫ਼ਤਹਿਗੜ੍ਹ ਸਾਹਿਬ (ਭਾਰਦਵਾਜ)**-ਸਿੱਖ ਨੌਜਵਾਨ ਚੜ੍ਹਦੀ ਕਲਾ ਦੀ ਸੋਚ ਵਾਲੇ ਜਗਤਾਰ ਸਿੰਘ ਤਾਰਾ ਤੇ ਰਮਨਦੀਪ ਸਿੰਘ ਗੋਲਡੀ, ਜਿਨ੍ਹਾਂ ਨੂੰ ਹੁਕਮਰਾਨਾਂ ਨੇ ਰੁਲਦਾ ਕਤਲ ਕੇਸ ਵਿਚ ਨਾਮਜ਼ਦ ਕੀਤਾ ਹੋਇਆ ਸੀ, ਉਨ੍ਹਾਂ ਨੂੰ ਅਦਾਲਤ ਵੱਲੋਂ ਬਾਇੱਜ਼ਤ ਢੰਗ ਨਾਲ ਬਰੀ ਕਰ ਦਿੱਤਾ ਗਿਆ ਹੈ, ਜਿਸ ਨਾਲ ਸੱਚ ਦੀ ਵੱਡੀ ਜਿੱਤ ਹੋਈ ਹੈ। ਅਸੀਂ ਕੇਸ ਵਿਚੋਂ ਬਰੀ ਹੋਣ ਦੀ ਜਿੱਥੇ ਅਥਾਹ ਖੁਸ਼ੀ ਦਾ ਇਜ਼ਹਾਰ ਕਰਦੇ ਹਾਂ, ਉਥੇ ਇਸ ਹੋਏ ਕਾਨੂੰਨੀ ਅਮਲ ਦਾ ਸਵਾਗਤ ਵੀ ਕਰਦੇ ਹਾਂ, ਕਿਉਂਕਿ ਇੰਡੀਅਨ ਹੁਕਮਰਾਨ, ਅਦਾਲਤਾਂ ਤੇ ਇੱਥੋਂ ਦਾ ਕਾਨੂੰਨ ਜ਼ਿਆਦਾਤਰ ਨਿਰਦੋਸ਼ ਸਿੱਖਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਨਿਸ਼ਾਨਾਂ ਬਣਾਉਣ ਦੇ ਅਮਲ ਕਰਦਾ ਆ ਰਿਹਾ ਹੈ ਤੇ ਲੰਮਾਂ ਸਮਾਂ ਗ੍ਰਿਫ਼ਤਾਰ ਕੀਤੇ ਗਏ ਸਿੱਖ ਨੌਜਵਾਨਾਂ ਦੀਆਂ ਬਿਨਾਂ ਟਰੈਲਾਂ ਤੋਂ ਜੇਲ੍ਹਾਂ ਵਿੱਚ ਬੰਦੀ ਬਣਾ ਕੇ ਰੱਖਣ ਦੇ ਇਨਸਾਨੀਅਤ ਵਿਰੋਧੀ ਅਮਲ ਸਿੱਖ ਮਨਾਂ ਨੂੰ ਜਿਥੇ ਠੇਸ ਪਚਾਉਂਦੇ ਹਨ, ਉਥੇ ਇੰਡੀਅਨ ਦੋਸ਼ ਪੂਰਨ ਸਿਸਟਮ ਵਿਰੁੱਧ ਰੋਹ ਵੀ ਉਤਪੰਨ ਕਰਦੇ ਹਨ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜਗਤਾਰ ਸਿੰਘ ਤਾਰਾ ਤੇ ਰਮਨਦੀਪ ਸਿੰਘ ਗੋਲਡੀ ਨੂੰ ਅਦਾਲਤ ਵੱਲੋਂ ਰੁਲਦਾ ਕਤਲ ਕੇਸ ਵਿਚੋ ਬਰੀ ਹੋਣ ਦੇ ਅਮਲਾਂ ਦਾ ਜ਼ੋਰਦਾਰ ਸਵਾਗਤ ਕਰਦੇ ਹੋਏ ਅਤੇ ਬਲਜਿੰਦਰ ਸਿੰਘ ਸੋਢੀ ਐਡਵੋਕੇਟ ਵੱਲੋ ਇਨ੍ਹਾਂ ਕੇਸਾਂ ਵਿਚ ਕੀਤੀ ਗਈ ਸਖਤ ਮਿਹਨਤ ਦੀ ਬਦੌਲਤ ਅਦਾਲਤਾਂ ਤੇ ਜੱਜਾਂ ਨੂੰ ਬਾਦਲੀਲ ਢੰਗ ਨਾਲ ਕੈਦ ਕਰਨ ਦੀਆਂ ਕਾਰਵਾਈਆਂ ਦੀ ਖੂਬ ਪ੍ਰਸੰਸਾ ਕਰਦੇ ਹੋਏ ਜ਼ਾਹਰ ਕੀਤੇ।

## ਮੈਨੇਜਮੈਂਟ ਨਾਲ ਮੀਟਿੰਗ ਉਪਰੰਤ ਪਾਵਰਕਾਮ ਪੈਨਸ਼ਨਰ ਫੇਰ ਖਾਲੀ ਹੱਥ ਪਰਤੇ !



**ਸਮਰਾਲਾ (ਸੁਰਜੀਤ ਸਿੰਘ)**-ਪ੍ਰਾਪਤ ਜਾਣਕਾਰੀ ਅਨੁਸਾਰ ਪੈਨਸ਼ਨਰਜ਼ ਐਸੋਸੀਏਸ਼ਨ ਤੇ ਟਰਾਂਸਕੋ ਪੰਜਾਬ ਦੀ ਪਾਵਰਕਾਮ ਮੈਨੇਜਮੈਂਟ ਨਾਲ ਸ਼ਡਿਊਲਡ ਮੀਟਿੰਗ ਪਟਿਆਲਾ ਵਿਖੇ ਜਸਬੀਰ ਸਿੰਘ ਡਾਇਰੈਕਟਰ ਪ੍ਰਬੰਧਕੀ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਡਾਇਰੈਕਟਰ ਵਿੱਤ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।ਜਥੇਬੰਦੀ ਵੱਲੋਂ ਅਵਿਨਾਸ਼ ਸ਼ਰਮਾ ਦੀ ਅਗਵਾਈ ਵਿੱਚ ਉੱਚ ਪੱਧਰੀ ਕਮੇਟੀ ਨੇ ਸ਼ਮੂਲੀਅਤ ਕੀਤੀ।ਪੈਨਸ਼ਨਰ ਆਗੂਆਂ ਵੱਲੋਂ ਮੈਨੇਜਮੈਂਟ ਸਾਹਮਣੇ ਰੱਖੀਆਂ ਮੰਗਾਂ ਵਿੱਚ ਮੁੱਖ ਤੌਰ 'ਤੇ 2.59 ਦੇ ਫਾਰਮੂਲੇ ਮੁਤਾਬਕ ਤਨਖਾਹਾਂ ਵਿੱਚ ਮੁੜ ਸੋਧ ਕੀਤੀ ਜਾਵੇ, ਸੇਵਾ ਮੁਕਤ ਮੁਲਾਜ਼ਮਾਂ ਨੂੰ ਮੁਫ਼ਤ ਬਿਜਲੀ ਖਪਤ ਦੀ ਸੁਵਿਧਾ ਦਿੱਤੀ ਜਾਵੇ, ਪੈਨਸ਼ਨ ਵਿੱਚੋਂ 200/- ਰੁਪਏ ਦੀ ਕਟੌਤੀ ਬੰਦ ਕੀਤੀ ਜਾਵੇ ਤੇ 50 ਹਾਜ਼ਰ ਤੱਕ ਦੀ ਰਕਮ ਦੇ ਮੈਡੀਕਲ ਬਿੱਲ ਮਨਜ਼ੂਰ ਕਰਨ ਦੀ ਪਾਵਰ ਐਕਸੀਅਨ ਨੂੰ ਦਿੱਤੀ ਆਦਿ। ਪੈਨਸ਼ਨਰਜ਼ ਐਸੋਸੀਏਸ਼ਨ ਸੂਤਰਾਂ ਮੁਤਾਬਕ ਮੀਟਿੰਗ ਵਿੱਚ ਮੰਗਾਂ ਬਾਰੇ ਸਬੂਤ ਆਧਾਰਤ ਤਰਕ ਪੇਸ਼ ਕੀਤੇ ਗਏ, ਜਿਨ੍ਹਾਂ 'ਤੇ ਮੈਨੇਜਮੈਂਟ ਵੱਲੋਂ ਜਥੇਬੰਦੀ ਨੂੰ ਮੁੜ ਵਿਚਾਰਨ ਦਾ ਭਰੋਸਾ ਦਿੱਤਾ ਗਿਆ।ਮੈਨੇਜਮੈਂਟ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਬਾਰੇ ਸਰਕਾਰ ਨੂੰ ਲਿਖਿਆ ਜਾਵੇਗਾ।ਵਿਕਾਸ ਟੈਕਸ ਕਟਣਾ ਬੰਦ ਕਰਨ ਬਾਰੇ ਵੀ ਮਾਮਲਾ ਪੂਰੇ ਜ਼ੋਰ ਨਾਲ ਉਠਾਇਆ ਗਿਆ, ਜਿਸ 'ਤੇ ਮੈਨੇਜਮੈਂਟ ਵੱਲੋਂ ਮਾਮਲੇ 'ਤੇ ਮੁੜ ਵਿਚਾਰ ਕਰਨ ਦਾ ਵਿਸ਼ਵਾਸ ਦਿੱਤਾ ਗਿਆ।ਬਾਕੀ ਮੰਗਾਂ ਬਾਰੇ ਵਿਚਾਰ ਚਰਚਾ ਦਾ ਵੇਰਵਾ ਜਾਰੀ ਹੋਣ 'ਤੇ ਦਿੱਤਾ ਜਾਵੇਗਾ।ਪਾਵਰਕਾਮ ਮੈਨੇਜਮੈਂਟ ਨਾਲ ਐਸੋਸੀਏਸ਼ਨ ਦੀ ਹੋਈ ਮੀਟਿੰਗ 'ਤੇ ਜ਼ਿਆਦਾਤਰ ਪੈਨਸ਼ਨਰ ਨਿਰਾਸ਼ ਹਨ।ਜਥੇਬੰਦੀ ਦੇ ਇੱਕ ਆਗੂ ਨੇ ਦੱਸਿਆ ਕਿ ਇਹੋ ਮੰਗਾਂ ਹਨ, ਜੋ ਬੀਤੇ 15-20 ਸਾਲਾਂ ਤੋਂ ਲੀਡਰ ਮੈਨੇਜਮੈਂਟ ਨਾਲ ਗੱਲਬਾਤ ਲਈ ਟੇਬਲ 'ਤੇ ਬਹਿ ਕੇ ਕਰਦੇ ਆ ਰਹੇ ਹਨ, ਹਰ ਵਾਰ ਮੈਨੇਜਮੈਂਟ ਆਪਣੇ ਗਲੋਂ ਲਾਹ ਕੇ ਮਾਮਲਾ ਪੰਜਾਬ ਸਰਕਾਰ ਦੇ ਪਾਲੇ ਵਿੱਚ ਸੁੱਟ ਦਿੰਦੀ ਹੈ। ਉਨ੍ਹਾਂ ਕਿਹਾ ਕਿ ਹਰ ਵਾਰ ਮੀਟਿੰਗਾਂ ਬੇਸਿੱਟਾ ਹੀ ਰਹਿੰਦੀਆਂ ਹਨ, ਜਿਹੜੀਆਂ ਮੰਗਾਂ ਪਾਵਰਕਾਮ ਦੀ ਮੈਨੇਜਮੈਂਟ ਦੁਆਰਾ ਹੱਲ ਕਰਨ ਦੀਆਂ ਹਨ, ਉਹ ਵੀ ਸਾਲਾਂਬੱਧੀ ਲਮਕ ਰਹੀਆਂ ਹਨ।ਪੈਨਸ਼ਨਰ ਆਗੂ ਨੇ ਕਿਹਾ ਕਿ ਮੈਨੇਜਮੈਂਟ ਸਾਹਮਣੇ ਬਹਿ ਕੇ ਲਿੱਲ੍ਹੜੀਆਂ ਕੱਢਣ ਨਾਲ ਮਸਲਾ ਕਦਾਚਿੱਤ ਹੱਲ ਨਹੀਂ ਹੋਣਾ।ਉਨ੍ਹਾਂ ਸਮੂਹ ਮੁਲਾਜ਼ਮ ਤੇ ਪੈਨਸ਼ਨਰਾਂ ਨੂੰ ਇੱਕ ਜੁੱਟ ਹੋ ਕੇ ਪੂਰੀ ਤਾਕਤ ਨਾਲ ਸੰਘਰਸ਼ ਕਰਨ ਲਈ ਆਹਵਾਨ ਕੀਤਾ।

## ਹੈਰੋਇਨ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੁਲਸ ਚੌਕੀ ਬਾਰਡਰ ਰੋਡ ਦੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 08.30 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਥਾਣਾ ਸਿਟੀ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਕਿਲ੍ਹੇ ਵਾਲਾ ਚੌਕ ਪਾਸ ਪੁੱਜੀ ਤਾਂ ਇਸ ਦੌਰਾਨ ਦੋ ਨੌਜਵਾਨ ਜੁਗਰਾਜ ਉਰਫ ਕਾਕਾ ਪੁੱਤਰ ਓਮ ਪ੍ਰਕਾਸ਼ ਵਾਸੀ ਗਲੀ ਭੰਡਾਰੀਆਂ ਵਾਲੀ ਦਾਖਲੀ ਬਸਤੀ ਭੱਟੀਆਂ ਵਾਲੀ ਸਿਟੀ ਫਿਰੋਜ਼ਪੁਰ ਤੇ ਬੌਬੀ ਉਰਫ ਮਿੱਠੀ ਪੁੱਤਰ ਪ੍ਰੇਮ ਵਾਸੀ ਸਾਹਮਣੇ ਆਸ਼ੂ ਬਾਂਗੜ ਹਸਪਤਾਲ, ਬਸਤੀ ਸ਼ੇਖਾਂ ਵਾਲੀ ਸਿਟੀ ਫਿਰੋਜ਼ਪੁਰ ਆਉਂਦੇ ਵਿਖਾਈ ਦਿੱਤੇ, ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਤੇ ਇਕ ਦਮ ਪਿੱਛੇ ਮੁੜ ਕੇ ਭੱਜਣ ਲੱਗੇ, ਜਿਨ੍ਹਾਂ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੀ ਬਿਨਾਅ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 08.30 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਕਲੀਨਿਕ ਤੋਂ ਇਤਰਾਜ਼ਯੋਗ ਦਵਾਈ ਮਿਲਣ 'ਤੇ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮੱਲਾਂਵਾਲਾ ਦੇ ਧਵਨ ਕਲੀਨਿਕ ਜੈਮਲ ਵਾਲਾ ਰੋਡ ਵਿਖੇ ਇਤਰਾਜ਼ ਯੋਗ ਦਵਾਈ ਮਿਲਣ 'ਤੇ ਅਤੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ ਇੱਕ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਡਾ. ਸੋਨੀਆ ਗੁਪਤਾ ਡਰੱਗ ਇੰਸਪੈਕਟਰ ਸਿਵਲ ਹਸਪਤਾਲ ਫਿਰੋਜ਼ਪੁਰ ਨੇ ਦੱਸਿਆ ਕਿ ਧਵਨ ਕਲੀਨਿਕ ਮੱਲਾਂਵਾਲਾ ਤੋਂ ਇਤਰਾਜ਼ਯੋਗ ਦਵਾਈ ਮਿਲਣ 'ਤੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਕਰਨਾ ਪਾਇਆ ਗਿਆ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਧਵਨ ਕਲੀਨਿਕ ਦੇ ਮਾਲਕ ਕੁਲਦੀਪ ਕੁਮਾਰ ਪੁੱਤਰ ਕ੍ਰਿਸ਼ਨ ਗੋਪਾਲ ਵਾਸੀ ਧਵਨ ਕਲੀਨਿਕ ਜੈਮਲ ਵਾਲਾ ਰੋਡ ਮੱਲਾਂਵਾਲਾ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਪੰਜਾਬ ਸਰਕਾਰ ਦਾ ਚੌਥਾ ਬਜਟ ਵੀ ਮੁਲਾਜ਼ਮਾਂ ਲਈ ਰਿਹਾ ਫਿੱਕਾ : ਡੀ ਟੀ ਐੱਫ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਭਗਵੰਤ ਮਾਨ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਚੌਥਾ ਬੱਜਟ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੁਆਰਾ ਪੇਸ਼ ਕੀਤਾ ਗਿਆ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਇਕਾਈ ਬਠਿੰਡਾ ਦੇ ਪ੍ਰਧਾਨ ਰੇਸ਼ਮ ਸਿੰਘ, ਸਕੱਤਰ ਜਸਵਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਬਲਜਿੰਦਰ ਸਿੰਘ ਤੇ ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਖੇਮੋਆਣਾ ਨੇ ਸਰਕਾਰ ਦੇ ਇਸ ਬਜਟ ਨੂੰ ਮੁਲਾਜ਼ਮਾ ਦੇ ਪੱਖ ਤੋਂ ਬਿਲਕੁਲ ਫਿੱਕਾ ਅਤੇ ਮੁਲਾਜ਼ਮ ਵਿਰੋਧੀ ਬਜਟ ਐਲਾਨ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਆਪਣੇ ਬਜਟ ਵਿੱਚ ਮੁਲਾਜ਼ਮਾਂ ਲਈ ਕੋਈ ਮਦ ਪੇਸ਼ ਨਹੀਂ ਕੀਤੀ ਜਿਸ ਨਾਲ ਮੁਲਾਜ਼ਮਾਂ ਨੂੰ ਮਹਿੰਗਾਈ ਦੀ ਮਾਰ ਤੋਂ ਕੁਝ ਰਾਹਤ ਮਿਲ ਸਕੇ।ਜਥੇਬੰਦੀ ਦੇ ਮੀਤ ਪ੍ਰਧਾਨ ਵਿਕਾਸ ਗਰਗ, ਵਿੱਤ ਸਕੱਤਰ ਅਨਿਲ ਭੱਟ, ਜਥੇਬੰਦਕ ਸਕੱਤਰ ਕੁਲਵਿੰਦਰ ਸਿੰਘ ਵਿਰਕ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਇੱਕ ਲੰਗੜਾ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਦਾ ਕਿਸੇ ਵੀ ਮੁਲਾਜ਼ਮ ਨੂੰ ਕੋਈ ਵੀ ਲਾਭ ਨਹੀਂ ਹੋਇਆ।ਪੰਜਾਬ ਦੇ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਇਦਾ ਕਰਕੇ ਆਈ ਸਰਕਾਰ ਪੁਰਾਣੀ ਪੈਨਸ਼ਨ ਦੇ ਮੁੱਦੇ ਉੱਪਰ ਬਿਲਕੁਲ ਚੁੱਪ ਧਾਰੀ ਬੈਠੀ ਹੈ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਆਮ ਆਦਮੀ ਪਾਰਟੀ ਮੁਲਾਜ਼ਮਾਂ ਦੀ ਹਿਤੈਸ਼ੀ ਨਾ ਹੋ ਕੇ ਮੁਲਾਜ਼ਮ ਵਿਰੋਧੀ ਹੈ।ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਮੁਲਾਜ਼ਮ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਰਾਜ ਦੇ ਮੁਲਾਜ਼ਮਾਂ ਤੋਂ ਮਹਿੰਗਾਈ ਭੱਤੇ ਵਿੱਚ ਵੀ ਬਹੁਤ ਪਿੱਛੇ ਚੱਲ ਰਹੇ ਹਨ।ਪੰਜਾਬ ਦੀਆਂ ਸਮੂਹ ਪੈਨਸ਼ਨਰ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਬੱਜਟ ਸੈਸ਼ਨ ਤੋਂ ਪਹਿਲਾਂ ਲਾਮਿਸਾਲ ਇਕੱਠ ਕਰਕੇ ਪੰਜਾਬ ਸਰਕਾਰ ਤੋਂ ਆਰਥਿਕ ਮੰਗਾਂ ਲਈ ਆਵਾਜ਼ ਬੁਲੰਦ ਕੀਤੀ, ਪਰ ਭਗਵੰਤ ਮਾਨ ਦੀ ਕੰਨਾਂ ਤੋਂ ਬੋਲੀ ਸਰਕਾਰ ਨੇ ਆਪਣੇ ਇਸ ਬੱਜਟ ਵਿੱਚ ਨਾ ਪੇਂਡੂ ਭੱਤਾ ਨਾ ਬਾਰਡਰ ਏਰੀਆ ਭੱਤਾ ਸਮੇਤ 37 ਤਰ੍ਹਾਂ ਦੇ ਭੱਤੇ ਬਹਾਲ ਕਰਨ ਲਈ ਆਪਣੇ ਬਜਟ ਵਿੱਚ ਇੱਕ ਵੀ ਸ਼ਬਦ ਸ਼ਾਮਲ ਨਹੀਂ ਕੀਤਾ।ਜ਼ਿਲ੍ਹਾ ਕਮੇਟੀ ਮੈਂਬਰ ਭੁਪਿੰਦਰ ਮਾਈਸਰਖਾਨਾ, ਭੋਲਾ ਰਾਮ, ਰਾਜਵਿੰਦਰ ਸਿੰਘ ਜਲਾਲ, ਅਸ਼ਵਨੀ ਕੁਮਾਰ, ਬਲਜਿੰਦਰ ਕੌਰ ਤੇ ਰਣਦੀਪ ਕੌਰ ਖਾਲਸਾ ਨੇ ਕਿਹਾ ਕਿ ਜੇਕਰ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਪ੍ਰਤੀ ਇਸੇ ਤਰ੍ਹਾਂ ਬੇਰੁਖੀ ਅਖਤਿਆਰ ਕਰਕੇ ਮੁਲਾਜ਼ਮ ਜਥੇਬੰਦੀਆਂ ਦੇ ਸੰਘਰਸ਼ਾਂ ਨੂੰ ਅੱਖੋਂ ਪਰੋਖੇ ਕਰਨਾ ਚਾਹੁੰਦੀ ਹੈ ਤਾਂ ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਇਸ ਬਦਲਾਵ ਵਾਲੀ ਸਰਕਾਰ ਨੂੰ ਪੰਜਾਬ ਦੇ ਸਾਰੇ ਵਿਭਾਗਾਂ ਦੇ ਮੁਲਾਜ਼ਮ ਸਮੇਤ ਅਧਿਆਪਕ ਸਬਕ ਸਿਖਾਉਣ ਲਈ ਮਜਬੂਰ ਹੋਣਗੇ।ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਨਾਲ-ਨਾਲ ਪੰਜਾਬ ਦੇ ਮੁਲਾਜ਼ਮਾਂ ਦੀਆਂ ਸਾਰੀਆਂ ਆਰਥਿਕ ਮੰਗਾਂ ਪਹਿਲ ਦੇ ਆਧਾਰ ਤੇ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

## ਸ਼ਹੀਦ ਭਗਤ ਸਿੰਘ ਸਟੇਟ 'ਵਰਸਿਟੀ ਦਾ ਚੌਥਾ ਸਥਾਪਨਾ ਦਿਵਸ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ ਫ਼ਿਰੋਜ਼ਪੁਰ ਕੈਂਪਸ ਵਿੱਚ ਯੂਨੀਵਰਸਿਟੀ ਦਾ ਚੌਥਾ ਸਥਾਪਨਾ ਦਿਵਸ ਮਨਾਇਆ ਗਿਆ।ਇਸ ਸਮਾਗਮ ਵਿੱਚ ਫੈਕਲਟੀ, ਸਟਾਫ, ਵਿਦਿਆਰਥੀਆਂ ਤੇ ਇਲਾਕਾ ਨਿਵਾਸੀਆਂ ਵੱਲੋਂ ਭਾਰੀ ਗਿਣਤੀ 'ਚ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਯੂਨੀਵਰਸਿਟੀ ਸਟਾਫ ਤੇ ਵਿਦਿਆਰਥੀਆਂ ਵੱਲੋਂ ਕੈਂਪਸ 'ਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ।ਉਪਰੰਤ ਭਾਈ ਸੰਦੀਪ ਸਿੰਘ ਭਾਵੜਾ ਕਥਾ ਵਾਚਕ, ਭਾਈ ਜਤਿੰਦਰਪਾਲ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਜਾਮਨੀ ਸਾਹਿਬ, ਭਾਈ ਨਿਰਭੈ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਜਥੇ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਤੋਂ ਬਾਅਦ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।ਯੂਨੀਵਰਸਿਟੀ ਦੇ ਮਾਣਯੋਗ ਉਪ ਕੁਲਪਤੀ ਡਾ. ਸੁਸ਼ੀਲ ਮਿੱਤਲ ਨੇ ਆਪਣੇ ਸੰਦੇਸ਼ ਰਾਹੀਂ ਯੂਨੀਵਰਸਿਟੀ ਦੇ ਚੌਥੇ ਸਥਾਪਨਾ ਦਿਵਸ ਸਬੰਧੀ ਸਾਰੇ ਸਟਾਫ ਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਭੇਜੀ।ਕੈਂਪਸ ਰਜਿਸਟਰਾਰ ਡਾ. ਗਜ਼ਲਪ੍ਰੀਤ ਸਿੰਘ ਨੇ ਜਿੱਥੇ ਇਸ ਸਮਾਗਮ 'ਚ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ, ਉਥੇ ਫੈਕਲਟੀ, ਸਟਾਫ ਤੇ ਵਿਦਿਆਰਥੀਆਂ ਨੂੰ ਚੌਥੇ ਸਥਾਪਨਾ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਯੂਨੀਵਰਸਿਟੀ ਦੀ ਤਰੱਕੀ ਲਈ ਆਸ ਪ੍ਰਗਟਾਈ।ਵਰਨਣਯੋਗ ਹੈ ਕਿ ਇਹ ਸੰਸਥਾ ਗੁਰੂ 1995 'ਚ ਸ਼ਹੀਦ ਭਗਤ ਸਿੰਘ ਕਾਲਜ ਆਫ਼ ਇੰਜੀਨੀਅਰਿੰਗ ਤੇ ਟੈਕਨੋਲੋਜੀ ਦੇ ਨਾਮ ਨਾਲ ਸਥਾਪਤ ਕੀਤੀ ਗਈ ਸੀ, ਬਾਅਦ ਵਿੱਚ ਇਸ ਨੂੰ ਅੱਪਗ੍ਰੇਡ ਕਰਕੇ ਸ਼ਹੀਦ ਭਗਤ ਸਿੰਘ ਸਟੇਟ ਟੈਕਨੀਕਲ ਕੈਂਪਸ ਬਣਾਇਆ ਗਿਆ ਤੇ ਉਸ ਤੋਂ ਬਾਅਦ ਇਸ ਕੈਂਪਸ ਨੂੰ 26 ਮਾਰਚ ਨੂੰ 2021 ਨੂੰ ਫੇਰ ਅੱਪਗ੍ਰੇਡ ਕਰਕੇ ਯੂਨੀਵਰਸਿਟੀ ਦਾ ਦਰਜਾ ਦੇ ਦਿੱਤਾ ਗਿਆ।ਹੁਣ ਇਸ ਯੂਨੀਵਰਸਿਟੀ ਵਿੱਚ ਇਨ੍ਹਾਂ ਕੋਰਸਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਕੋਰਸ ਸ਼ੁਰੂ ਹੋ ਚੁੱਕੇ ਹਨ, ਜੋ ਕਿ ਸਫਲਤਾਪੂਰਬਕ ਚੱਲ ਰਹੇ ਹਨ।

## ਪੰਜਾਬੀ 'ਵਰਸਿਟੀ ਦੀ ਤਨਖਾਹ ਗ੍ਰਾਂਟ ਵਾਧੇ ਲਈ ਸਰਕਾਰ ਦਾ ਧੰਨਵਾਦ

**ਪਟਿਆਲਾ (ਰਾਜ ਬਿੰਦ)**-ਪੰਜਾਬ ਸਰਕਾਰ ਵੱਲੋਂ ਸਾਲ 2025-26 ਦੀਆਂ ਬੱਜਟ ਤਜਵੀਜ਼ਾਂ ਵਿੱਚ ਪੰਜਾਬੀ ਯੂਨੀਵਰਸਿਟੀ ਦੀ ਤਨਖਾਹ ਗ੍ਰਾਂਟ ਵਿੱਚ ਕੀਤੇ ਗਏ ਵਾਧੇ ਤੇ ਇੱਕ ਹੋਸਟਲ ਦੇ ਨਿਰਮਾਣ ਲਈ ਗ੍ਰਾਂਟ ਰਾਖਵੀਂ ਰੱਖਣ ਦੀ ਤਜਵੀਜ਼ ਦਾ ਪੰਜਾਬੀ ਯੂਨੀਵਰਸਿਟੀ ਦੀ ਅਥਾਰਿਟੀ ਨੇ ਭਰਵਾਂ ਸਵਾਗਤ ਕੀਤਾ ਹੈ।ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਲਏ ਗਏ ਇਸ ਫ਼ੈਸਲੇ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਰਕਾਰ ਵੱਲੋਂ ਪਿਛਲੇ ਸਾਲ ਦੀ 375 ਕਰੋੜ ਰੁਪਏ ਦੀ ਤਨਖਾਹ ਗ੍ਰਾਂਟ ਨੂੰ ਵਧਾ ਕੇ ਇਸ ਵਾਰ 393.75 ਕਰੋੜ ਕਰ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਯੂਨੀਵਰਸਿਟੀ ਵਿਖੇ ਹੋਸਟਲਾਂ ਦੀ ਘਾਟ ਪੂਰੀ ਕਰਨ ਲਈ ਇੱਕ ਨਵੇਂ ਹੋਸਟਲ ਦੇ ਨਿਰਮਾਣ ਲਈ 10 ਕਰੋੜ ਰੁਪਏ ਦੇ ਫੰਡ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਉੱਚ ਸਿੱਖਿਆ ਖੇਤਰ ਪ੍ਰਤੀ ਸਰਕਾਰ ਦੀ ਸੰਜੀਦਗੀ ਤੇ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਪ੍ਰਤੀ ਦਿਆਲਤਾਪੂਰਨ ਪਹੁੰਚ ਅਪਨਾਈ ਹੈ।ਸਰਕਾਰ ਦੇ ਇਸ ਫ਼ੈਸਲੇ ਨਾਲ ਯੂਨੀਵਰਸਿਟੀ ਨੂੰ ਮਾਲਵਾ ਖੇਤਰ ਦੇ ਮੱਧਵਰਗੀ ਤੇ ਗ਼ਰੀਬ ਘਰਾਂ ਦੇ ਵਿਦਿਆਰਥੀਆਂ ਦੇ ਉਚੇਰੀ ਸਿੱਖਿਆ ਸਬੰਧੀ ਸੁਪਨਿਆਂ ਦੀ ਪੂਰਤੀ ਕਰਨ ਵਿੱਚ ਮੱਦਦ ਮਿਲੇਗੀ।ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਸਰਕਾਰ ਦੀ ਬੱਜਟ ਤਜਵੀਜ਼ ਨਾਲ ਯੂਨੀਵਰਸਿਟੀ ਦੇ ਸੁਚਾਰੂ ਸੰਚਾਲਨ ਲਈ ਲੋੜੀਂਦੀ ਵਿੱਤੀ ਮਦਦ ਪ੍ਰਾਪਤ ਹੋ ਸਕੇਗੀ ਤੇ ਯੂਨੀਵਰਸਿਟੀ ਵਿੱਤੀ ਸੰਕਟ 'ਚੋਂ ਉੱਭਰੇਗੀ।

## ਨਜਾਇਜ਼ ਪਿਸਟਲ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਨੂੰ ਇੱਕ ਨਜਾਇਜ਼ ਪਿਸਟਲ ਸਮੇਤ ਮੈਗਜ਼ੀਨ 2 ਰੌਂਦ ਜ਼ਿੰਦਾ 32 ਬੋਰ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਕੈਂਟ ਫਿਰੋਜ਼ਪੁਰ ਵਿਖੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਗੁਰਦੇਵ ਸਿੰਘ ਨੇ ਦੱਸਿਆ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਪਾਇਲਟ ਚੌਕ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਸੁਭਾਸ਼ ਉਰਫ ਢੋਨੀ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਸ਼ੇਰ ਖਾਂ ਨੇ ਆਪਣੇ ਪਾਸ ਨਜਾਇਜ਼ ਪਿਸਟਲ ਰੱਖਿਆ ਹੋਇਆ ਹੈ ਤੇ ਹਮੇਸ਼ਾ ਆਪਣੇ ਨਾਲ ਲੈ ਕੇ ਚੱਲਦਾ ਹੈ, ਜੋ ਇਸ ਸਮੇਂ ਧੋਬੀ ਘਾਟ ਦੇ ਸਾਹਮਣੇ ਕਿਸੇ ਦੀ ਉਡੀਕ ਕਰ ਰਿਹਾ ਹੈ। ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਦੱਸੀ ਗਈ ਜਗ੍ਹਾ 'ਤੇ ਛਾਪੇਮਾਰੀ ਕੀਤੀ ਗਈ ਤਾਂ ਉਕਤ ਮੁਲਜ਼ਮ ਕੋਲੋਂ 1 ਨਾਜਾਇਜ਼ ਪਿਸਟਲ ਸਮੇਤ ਮੈਗਜ਼ੀਨ 2 ਰੌਂਦ ਜ਼ਿੰਦਾ 32 ਬੋਰ ਬਰਾਮਦ ਕੀਤੇ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਨਰਿੰਦਰ ਉੱਪਲ ਤੇ ਰਮੇਸ਼ ਪੁਰੀ ਨੂੰ ਖੱਤਰੀ ਸਭਾ ਮੋਗਾ ਨੇ ਕੀਤਾ ਸਨਮਾਨਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਖੱਤਰੀ ਭਵਨ ਮੋਗਾ ਵਿੱਚ ਖੱਤਰੀ ਸਭਾ ਮੋਗਾ ਦੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਤੇ ਜਨਰਲ ਸਕੱਤਰ ਬਲਜਿੰਦਰ ਸਿੰਘ ਸਹਿਗਲ ਦੀ ਅਗਵਾਈ ਵਿੱਚ ਇਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਖੱਤਰੀ ਸਭਾ ਮੋਗਾ ਨੇ ਖੱਤਰੀ ਮਹਾਂ ਸਭਾ ਪੰਜਾਬ ਦੀ ਦੌਲਤਪੁਰਾ ਨੀਵਾਂ ਇਕਾਈ ਦੇ ਪ੍ਰਧਾਨ ਨਰਿੰਦਰਪਾਲ ਉਪਲ, ਪ੍ਰੈੱਸ ਸਕੱਤਰ ਰਮੇਸ਼ ਪੁਰੀ, ਮਨਜਿੰਦਰ ਸਿੰਘ ਬੇਰੀ, ਧਰਮਪਾਲ ਉੱਪਲ ਤੇ ਵਰਿੰਦਰ ਪੁਰੀ ਨੂੰ ਸਿਰੋਪਾਏ ਅਤੇ ਫੁੱਲ ਮਾਲਾਵਾਂ ਪਹਿਨਾ ਕੇ ਅਤੇ ਫੁੱਲਾਂ ਦਾ ਬੁੱਕਾ ਦੇ ਕੇ ਸਨਮਾਨਤ ਕੀਤਾ।ਇਹ ਸਮਾਗਮ ਵਿੱਚ ਖੱਤਰੀ ਮਹਾਂ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਵਿਜੇ ਧੀਰ ਐਡਵੋਕੇਟ, ਸੂਬਾ ਸੀਨੀਅਰ ਮੀਤ ਪ੍ਰਧਾਨ ਦੀਪਕ ਬੇਦੀ, ਸੂਬਾ ਮੁੱਖ ਪੈਟਰਨ ਬੋਧਰਾਜ ਮਜੀਠੀਆ ਐਡਵੋਕੇਟ, ਸੂਬਾ ਮੀਤ ਪ੍ਰਧਾਨ ਸਾਬਕਾ ਤਹਿਸੀਲਦਾਰ ਜਸਵੰਤ ਦਾਨੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਉੱਘੇ ਪੱਤਰਕਾਰ ਰਜੇਸ਼ ਕੋਛੜ ਦੇ ਸਭਾ ਦੇ ਮੈਂਬਰ ਬਣਨ ਤੇ ਖੱਤਰੀ ਮੈਰਿਜ ਬਿਊਰੋ ਦੇ ਕਨਵੀਨਰ ਸੁਸ਼ੀਲ ਸਿਆਲ ਦੇ ਵਿਦੇਸ਼ ਤੋਂ ਵਾਪਸ ਆਉਣ 'ਤੇ ਫੁੱਲ ਮਾਲਾਵਾਂ ਪਹਿਨਾ ਕੇ ਸਵਾਗਤ ਕੀਤਾ।ਇਸ ਮੌਕੇ ਨਵੇਂ ਬਣੇ ਮੈਂਬਰਾਨ ਰਜਿੰਦਰ ਜੈਦਕਾ, ਤਰਸੇਮ ਬੈਂਬੀ ਦਾ ਵੀ ਫੁੱਲ ਮਾਲਾ ਪਹਿਨਾ ਕੇ ਸਵਾਗਤ ਕੀਤਾ।ਸ੍ਰੀ ਬ੍ਰਾਹਮਣ ਸਭਾ ਦੀ ਸੂਬਾ ਪੱਧਰੀ ਅਨੁਸ਼ਾਸਨ ਕਮੇਟੀ ਦੇ ਚੇਅਰਮੈਨ ਅਸ਼ੋਕ ਕਾਲੀਆ ਦੇ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਿਰਕਤ ਕਰਨ ਤੇ ਸਭਾ ਨੇ ਉਨ੍ਹਾਂ ਨੂੰ ਫੁੱਲ ਮਾਲਾ ਪਹਿਨਾ ਕੇ ਨਿੱਘਾ ਸਵਾਗਤ ਕੀਤਾ।ਇਸ ਮੌਕੇ ਖੱਤਰੀ ਮਹਾਂ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਖੱਤਰੀ ਮਹਾਂ ਸਭਾ ਪੰਜਾਬ ਦੌਲਤਪੁਰਾ ਨੀਵਾਂ ਨੇ ਹੋਂਦ ਵਿੱਚ ਆਉਣ ਤੋਂ ਬਾਅਦ ਥੋੜੇ ਸਮੇਂ ਵਿੱਚ ਹੀ ਪ੍ਰਧਾਨ ਨਰਿੰਦਰ ਪਾਲ ਉੱਪਲ ਤੇ ਪ੍ਰੈੱਸ ਇਕੱਤਰ ਰਮੇਸ਼ ਪੁਰੀ ਦੀ ਅਣਥੱਕ ਮਿਹਨਤ ਸਦਕਾ ਮਹਾਂਸਭਾ ਦੀ ਦੌਲਤਪੁਰਾ ਨੀਵਾ ਇਕਾਈ ਨੇ ਆਪਣੀ ਅਲੱਗ ਪਹਿਚਾਣ ਬਣਾ ਲਈ ਹੈ।ਇਸ ਮੌਕੇ ਖੱਤਰੀ ਮਹਾਂਸਭਾ ਦੇ ਪ੍ਰਦੇਸ਼ ਚੀਫ ਪੈਟਰਨ ਬੋਧਰਾਜ ਮਜੀਠੀਆ ਐਡਵੋਕੇਟ ਤੇ ਖੱਤਰੀ ਸਭਾ ਮੋਗਾ ਪ੍ਰਧਾਨ ਡਾਕਟਰ ਐਮ ਐਲ ਜੈਦਕਾ ਨੇ ਕਿਹਾ ਕਿ ਪੰਜਾਬ ਦੇ ਖੱਤਰੀ ਭਾਈਚਾਰੇ ਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਖੱਤਰੀ ਮਹਾਂਸਭਾ ਪੰਜਾਬ ਨੂੰ ਸੂਬਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਦੀ ਯੋਗ ਅਤੇ ਮਿਹਨਤੀ ਅਗਵਾਈ ਮਿਲੀ ਹੈ।ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਦੀਪਕ ਬੇਦੀ ਤੇ ਸੂਬਾ ਮੀਤ ਪ੍ਰਧਾਨ ਸਾਬਕਾ ਤਹਿਸੀਲਦਾਰ ਜਸਵੰਤ ਦਾਨੀ ਤੋਂ ਇਲਾਵਾ ਐੱਮ ਐੱਲ ਮੋਲੜੀ, ਸੁਸ਼ੀਲ ਸਿਆਲ, ਪ੍ਰਦੀਪ ਭੰਡਾਰੀ, ਸੁਭਾਸ਼ ਉਪਲ, ਸੰਜੀਵ ਕੌਂੜਾ ਜੀ ਐੱਸ ਟੀ, ਅਸ਼ੋਕ ਧਵਨ ਨੈਸਲੇ, ਕਿਸ਼ਨ ਸਿੰਘ ਮਹਿਰਾ, ਨਰੇਸ਼ ਧੀਰ ਨੈਸਲੇ, ਪਵਨ ਕਪੂਰ, ਡਾਕਟਰ ਜਤਿੰਦਰ ਖੁੱਲਰ, ਡਾਕਟਰ ਵਿਜੇ ਉਪਲ ਤੇ ਰਜਿੰਦਰ ਕੋਹਲੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਲੋੜਵੰਦ ਲੋਕਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਮੁਕਤਸਰ/ਮਲੋਟ (ਸ਼ਮਿੰਦਰਪਾਲ, ਪੂਜਾ)**-ਡਾ. ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕ੍ਰਿਸ਼ਨਾ ਮੰਦਰ ਮੰਡੀ ਹਰਜੀ ਮਲੋਟ ਵਿਖੇ 22 ਲੋੜਵੰਦ ਲੋਕਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਮੰਦਰ ਕਮੇਟੀ ਦੇ ਪ੍ਰਧਾਨ ਸ੍ਰੀ ਭਾਰਤ ਭੂਸ਼ਨ ਦੀ ਹਾਜ਼ਰੀ ਵਿੱਚ ਤਕਸੀਮ ਕੀਤੇ ਗਏ। ਅਰਵਿੰਦਰਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਤੇ ਅਨਿਲ ਜੁਨੇਜਾ ਪ੍ਰਧਾਨ ਮਲੋਟ ਇਕਾਈ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਅੰਗਹੀਣ ਵਿਅਕਤੀਆਂ, ਬੇਸਹਾਰਾ ਬਜ਼ੁਰਗਾਂ, ਬੇਸਹਾਰਾ ਵਿਧਵਾਵਾਂ, ਬੇਸਹਾਰਾ ਬੱਚਿਆਂ ਨੂੰ ਦਿੱਤੀਆਂ ਗਈਆਂ ਤੇ ਇਨ੍ਹਾਂ ਵਿੱਚੋਂ ਕਈ ਕੰਮ ਕਰਨ ਤੋਂ ਵੀ ਅਸਮਰੱਥ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦ ਪਰਵਾਰਾਂ ਵੱਲੋਂ ਡਾ. ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਤੇ ਮੁੱਖ ਮਹਿਮਾਨ ਵੱਲੋਂ ਵੀ ਡਾਕਟਰ ਉਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ, ਇਹ ਸਾਰਾ ਖਰਚਾ ਓਬਰਾਏ ਵੱਲੋਂ ਅਪਣੀ ਨੇਕ ਕਮਾਈ ਵਿੱਚੋਂ ਦਸਵੰਧ ਕੱਢ ਕੇ ਕੀਤਾ ਜਾਂਦਾ ਹੈ।

## ਸੂਏ ਦੇ ਟੁੱਟਣ ਨਾਲ ਫ਼ਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਮੰਗ



**ਮਹਿਲ ਕਲ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਚੰਨਣਵਾਲ ਵਿਖੇ ਨਵਾਂ ਬਣਾਇਆ ਸੂਆ ਟੁੱਟਣ ਨਾਲ ਕਣਕ ਤੇ ਮੂੰਗੀ ਦੀਆਂ ਪੱਕਣ 'ਤੇ ਆਈਆਂ ਫ਼ਸਲਾਂ 'ਚ ਜ਼ਿਆਦਾ ਪਾਣੀ ਭਰ ਜਾਣ ਨਾਲ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਝੱਲਣਾ ਪੈ ਸਕਦਾ ਹੈ।ਯੂਥ ਕਾਂਗਰਸੀ ਆਗੂ ਬੰਨੀ ਖਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਹਿਰੀ ਪਾਣੀ ਦੀ ਸਹੂਲਤ ਹਰ ਕਿਸਾਨ ਨੂੰ ਦੇਣ ਦੇ ਵਾਅਦੇ ਤਾਂ ਕੀਤੇ ਜਾ ਰਹੇ ਹਨ, ਪਰ ਨਹਿਰਾਂ ਤੇ ਰਜਬਾਹਿਆਂ ਦੀ ਹਾਲਤ ਤੇ ਪਾਣੀ ਦੇ ਪੱਧਰ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ।ਉਨ੍ਹਾਂ ਕਿਹਾ ਕਿ ਘਟੀਆ ਮਟੀਰੀਅਲ ਦੀ ਵਰਤੋਂ ਕਰਕੇ ਨਵੇਂ ਬਣਾਏ ਰਜਬਾਹਿਆਂ ਦਾ ਆਲਾ ਦੁਆਲਾ ਟੁੱਟ ਰਿਹਾ ਹੈ, ਜਿਸ ਨਾਲ ਪਹਿਲਾਂ ਆਰਥਿਕ ਮੰਦਹਾਲੀ ਦਾ ਸਾਹਮਣਾ ਕਰ ਰਹੇ ਕਿਸਾਨਾਂ ਨੂੰ ਹੋਰ ਵੱਡੇ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਕਿਸਾਨਾਂ ਦੀਆਂ ਫ਼ਸਲਾਂ ਦੇ ਹੋਏ ਨੁਕਸਾਨ ਦਾ ਕਿਸਾਨਾਂ ਨੂੰ ਤੁਰੰਤ ਯੋਗ ਮੁਆਵਜ਼ਾ ਦਿੱਤਾ ਜਾਵੇ।ਇਸ ਮੌਕੇ ਸਾਬਕਾ ਸਰਪੰਚ ਗੁਰਜੰਟ ਸਿੰਘ, ਬਲਵਿੰਦਰ ਸਿੰਘ ਚੰਨਣਵਾਲ ਨੇ ਕਿਹਾ ਕਿ ਸੂਏ ਦੇ ਟੁੱਟਣ ਕਾਰਨ ਕਿਸਾਨਾਂ ਦੀ ਕਣਕ ਤੇ ਮੂੰਗੀ ਦੀ ਫਸਲ 100 ਫੀਸਦੀ ਨਸ਼ਟ ਹੋ ਚੁੱਕੀ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜਦੋਂ ਤੱਕ ਪੀੜਤ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਨਹੀਂ ਮਿਲਦਾ, ਉਦੋਂ ਤੱਕ ਸੂਏ ਦੀ ਮੁਰੰਮਤ ਦਾ ਕੰਮ ਨਹੀਂ ਸ਼ੁਰੂ ਕਰਨ ਦੇਵਾਂਗੇ।ਸੰਪਰਕ ਕੀਤੇ ਜਾਣ ਤੇ ਠੇਕੇਦਾਰ ਨੇ ਦੱਸਿਆ ਕਿ ਸੂਏ ਦੀ ਮੁਰੰਮਤ ਦਾ ਕੰਮ ਛੇਤੀ ਮੁਕੰਮਲ ਕੀਤਾ ਜਾਵੇਗਾ।

## 'ਆਪ' ਸਰਕਾਰ ਦਾ ਬਜਟ ਨਿਰਾਸ਼ਾਜਨਕ : ਡਾ. ਹਰਜੋਤ ਕਮਲ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ ਸਕੱਤਰ ਤੇ ਮੋਗਾ ਤੋਂ ਸਾਬਕਾ ਐੱਮ.ਐੱਲ.ਏ. ਡਾ. ਹਰਜੋਤ ਕਮਲ ਸਿੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੇ ਬਜਟ 'ਤੇ ਗਹਿਰੀ ਨਿਰਾਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਏਨਾ ਨਿਰਾਸ਼ਾਜਨਕ ਬਜਟ ਤਾਂ ਪਹਿਲਾਂ ਕਦੇ ਵੀ ਪੇਸ਼ ਨਹੀਂ ਕੀਤਾ ਗਿਆ।ਪੰਜਾਬ ਸਰਕਾਰ ਦੇ ਬਜਟ ਵਿੱਚ ਚਾਰ ਵੱਡੇ ਸ਼ਹਿਰਾਂ ਵਾਸਤੇ ਵਿਸ਼ਵ ਪੱਧਰੀ ਸੜਕਾਂ ਬਣਾਉਣ ਤੇ ਨਵੀਆਂ ਬੱਸਾਂ ਖ਼ਰੀਦਣ ਦੀ ਘੋਸ਼ਣਾ ਤਾਂ ਕਰ ਦਿੱਤੀ ਗਈ, ਪਰ ਪਹਿਲਾਂ ਤੋਂ ਖਸਤਾ ਹਾਲਤ ਸੜਕਾਂ ਦੇ ਸੁਧਾਰ ਤੇ ਉਸ ਦੀ ਮੁਰੰਮਤ ਵਾਸਤੇ ਕੋਈ ਗੱਲ ਨਹੀਂ ਕੀਤੀ ਗਈ।ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਮੋਗਾ ਵਿੱਚ ਸੜਕ ਵਿਚਾਲੇ ਬਣੇ ਖੱਡੇ ਵਿੱਚ ਮੋਟਰਸਾਈਕਲ ਸਵਾਰ ਦੇ ਡਿੱਗਣ ਨਾਲ ਹਾਦਸਾ ਹੋਇਆ ਹੈ, ਜਿਸ ਦੀ ਵਿਡੀਓ ਬਹੁਤ ਵਾਇਰਲ ਵੀ ਹੋਈ ਹੈ।ਉਨ੍ਹਾਂ ਕਿਹਾ ਕਿ 347-ਈ ਬੱਸਾਂ ਖ਼ਰੀਦਣ ਦੀ ਘੋਸ਼ਣਾ ਵਿੱਚ ਬਜਟ ਵਿੱਚ ਫੰਡ ਦਾ ਪ੍ਰਬੰਧ ਨਹੀਂ ਰੱਖਿਆ ਗਿਆ, ਮਤਲਬ ਇਹ ਘੋਸ਼ਣਾ ਵੀ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਵਾਂਗ ਹੀ ਹੈ, ਜਿਸ ਦਾ ਅਰਥ ਹੈ ਅਜਿਹੀ ਘੋਸ਼ਣਾ ਕਰਕੇ ਔਰਤਾਂ ਦੀਆਂ ਵੋਟਾਂ ਲੈ ਲਈਆਂ ਬਾਅਦ ਵਿੱਚ ਸੁਵਿਧਾ ਦੇਣ ਦੇ ਨਾਮ ਤੇ ਚੁੱਪੀ ਵੱਟ ਲਈ ਹੈ।ਭਾਜਪਾ ਨੇਤਾ ਡਾ. ਹਰਜੋਤ ਕਮਲ ਨੇ ਕਿਹਾ ਕਿ ਜਿਸ ਤਰ੍ਹਾਂ ਧਰਮਕੋਟ ਦੇ ਵਿਧਾਇਕ ਨੇ ਵਿਧਾਨ ਸਭਾ ਵਿੱਚ ਸੱਚ ਬੋਲਣ ਦੀ ਹਿੰਮਤ ਦਿਖਾਈ ਹੈ, ਉਸੇ ਤਰ੍ਹਾਂ ਦੀ ਹਿੰਮਤ ਜੇਕਰ ਮੋਗਾ ਦੀ ਵਿਧਾਇਕਾ ਦਿਖਾਉਂਦੀ ਤਾਂ ਜ਼ਿਆਦਾ ਚੰਗਾ ਹੁੰਦਾ, ਉਨ੍ਹਾਂ ਨੂੰ ਪੰਜਾਬ ਦੀਆਂ ਯੋਜਨਾਵਾਂ ਦੀ ਗੱਲ ਕਰਨ ਦੀ ਬਜਾਏ ਮੋਗਾ ਦੀਆਂ ਲਮਕਦੀਆਂ ਯੋਜਨਾਵਾਂ ਦੇ ਮੁੱਦੇ ਨੂੰ ਵਿਧਾਨ ਸਭਾ ਵਿੱਚ ਚੁੱਕਣਾ ਚਾਹੀਦਾ ਸੀ, ਤਾਂ ਕਿ ਮੋਗਾ ਵਾਸੀਆਂ ਨੂੰ ਕੋਈ ਰਾਹਤ ਮਿਲਦੀ।

## ਦਲੇਰ ਸਿੰਘ ਹਰਿਆਊ ਨੂੰ ਸਦਮਾ, ਭਰਾ ਦਾ ਦਿਹਾਂਤ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਜਨਰਲ ਸੈਕਟਰੀ ਦਲੇਰ ਸਿੰਘ ਹਰਿਆਊ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਵੱਡੇ ਭਰਾ ਮੁਖਤਿਆਰ ਸਿੰਘ ਵਿਰਕ ਕੋਟੀਆ ਹਰਿਆਊ ਦਾ ਸੰਖੇਪ ਬੀਮਾਰੀ ਉਪਰੰਤ ਦਿਹਾਂਤ ਹੋ ਗਿਆ।ਇਸ ਦੁੱਖ ਦੀ ਘੜੀ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਸਾਬਕਾ ਮੁੱਖ ਮੰਤਰੀ ਪੰਜਾਬ ਚਰਨਜੀਤ ਸਿੰਘ ਚੰਨੀ, ਸੁਖਪਾਲ ਸਿੰਘ ਖ਼ਹਿਰਾ ਚੇਅਰਮੈਨ ਭਾਰਤ ਕਿਸਾਨ ਵਿੰਗ, ਸਾਬਕਾ ਵਿਧਾਇਕ ਘਨੌਰ ਮਦਨ ਲਾਲ ਜਲਾਲਪੁਰ ਵੱਲੋਂ ਹਰਿਆਊ ਪਰਿਵਾਰ ਨਾਲ ਦੁੱਖ ਜ਼ਾਹਰ ਕੀਤਾ ਗਿਆ। ਇਸ ਦੌਰਾਨ ਹਰਵਿੰਦਰ ਖਨੌੜਾ ਪ੍ਰਧਾਨ ਜ਼ਿਲ੍ਹਾ ਪਟਿਆਲਾ ਦਿਹਾਤੀ ਕਾਂਗਰਸ ਪਾਰਟੀ, ਹਲਕਾ ਇੰਚਾਰਜ ਕਾਂਗਰਸ ਪਾਰਟੀ ਦਰਬਾਰਾ ਸਿੰਘ ਬਨਵਾਲਾ, ਨਿਰਮਲ ਸਿੰਘ ਪੰਨੂੰ ਸਾਬਕਾ ਚੇਅਰਮੈਨ ਮਨਿਸਟਰੀ ਆਫ਼ ਫ਼ੂਡ ਪ੍ਰੋਸੈਸਿੰਗ ਭਾਰਤ ਸਰਕਾਰ, ਮੋਹਰ ਸਿੰਘ ਜਿਉਣਪੁਰਾ, ਲਵਜੀਤ ਸਿੰਘ ਬੱਬੀ ਸਰਪੰਚ, ਗੱਜਣ ਸਿੰਘ ਸਰਪੰਚ ਹਰਿਆਊ, ਬਚਿੱਤਰ ਸਿੰਘ ਵੜੈਚ ਸਰਪੰਚ, ਬਲਜਿੰਦਰ ਸਿੰਘ ਸਰਪੰਚ, ਰਾਕੇਸ਼ ਕੁਮਾਰ ਹੈਪੀ ਸਿਟੀ ਪ੍ਰਧਾਨ ਕਾਂਗਰਸ ਪਾਤੜਾਂ, ਪਵਨ ਕੁਮਾਰ ਪਟਵਾਰੀ, ਆਰਏ ਸ਼ਰਮਾ, ਧੰਨਾ ਸਿੰਘ ਕਲਵਾਣੂ, ਬਲਜੀਤ ਸਿੰਘ ਸਾਬਕਾ ਸਰਪੰਚ ਖਾਨੇਵਾਲ, ਸਰਪੰਚ ਸੁਰਿੰਦਰ ਸਿੰਘ ਸੇਲਵਾਲਾ, ਰਣਜੀਤ ਸਿੰਘ ਮਤੌਲੀ ਪ੍ਰਧਾਨ ਬਲਾਕ ਪ੍ਰਧਾਨ ਕਾਂਗਰਸ ਕਮੇਟੀ ਸ਼ੁਤਰਾਣਾ, ਯੂਥ ਕਾਂਗਰਸ ਆਗੂ ਸਿਕੰਦਰ ਮਨੇਸ਼ ਦੁਤਾਲ, ਸਾਹਬ ਸਿੰਘ ਮਨੇਸ਼ ਦੁਤਾਲ ਨੇ ਹਰਿਆਊ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

## ਪ੍ਰਾਇਮਰੀ ਸਕੂਲ ਕਿਸ਼ਨਗੜ੍ਹ ਦੇ ਵਿਦਿਆਰਥੀਆਂ ਜਵਾਹਰ ਨਵੋਦਿਆ ਦਾਖਲਾ ਪ੍ਰੀਖਿਆ 'ਚ ਮਾਰੀ ਬਾਜ਼ੀ



**ਬਰੇਟਾ (ਰੀਤਵਾਲ)**-ਨੇੜਲੇ ਪਿੰਡ ਕਿਸ਼ਨਗੜ੍ਹ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਪੰਜਵੀਂ ਜਮਾਤ ਦੇ ਹੋਣਹਾਰ ਵਿਦਿਆਰਥੀਆਂ ਗੈਰੀ ਸਿੰਘ, ਗੁਰਲੀਨ ਸਿੰਘ ਤੇ ਵੀਰਪਾਲ ਕੌਰ ਨੇ ਜਵਾਹਰ ਨਵੋਦਿਆ ਵਿਦਿਆਲਿਆ ਦੀ ਪ੍ਰੀਖਿਆ ਵਿੱਚ ਬਾਜ਼ੀ ਮਾਰ ਕੇ ਮਾਪਿਆਂ ਦੇ ਨਾਲ ਨਾਲ ਸਕੂਲ ਤੇ ਪਿੰਡ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਨਾਇਬ ਸਿੰਘ ਨੇ ਵਧਾਈ ਦਿੰਦਿਆਂ ਦੱਸਿਆ ਕਿ ਇਹ ਵਿਦਿਆਰਥੀ ਬਹੁਤ ਮਿਹਨਤੀ ਤੇ ਹੋਣਹਾਰ ਹਨ। ਸਟੇਟ ਐਵਾਰਡੀ ਅਧਿਆਪਕ ਮਹਿੰਦਰ ਪਾਲ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਤਿਆਰੀ ਕਰਵਾਈ ਹੈ। ਸਮੂਹ ਸਕੂਲ ਸਟਾਫ ਨੇ ਵੀ ਵਿਦਿਆਰਥੀਆਂ ਤੇ ਇੰਚਾਰਜ ਅਧਿਆਪਕ ਮਹਿੰਦਰ ਪਾਲ ਨੂੰ ਵਧਾਈ ਦਿੱਤੀ। ਇਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਮੂਹ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਰਾਜੂ ਸਿੰਘ, ਵਿਨੋਦ ਕੁਮਾਰ, ਪ੍ਰਿੰਸ ਪਾਲ, ਮਨਪ੍ਰੀਤ ਕੌਰ, ਨਿਰਮਲ ਕੌਰ, ਰਣਜੀਤ ਕੌਰ, ਰਾਜ ਕੌਰ ਰਾਜੂ ਕੌਰ, ਅੰਤੋ ਕੌਰ, ਛਿੰਦਾ ਸਿੰਘ, ਸੁਰਜੀਤ ਕੌਰ, ਜਸਵੀਰ ਕੌਰ, ਪਾਲੋ ਕੌਰ, ਮਾਪੇ ਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਹਾਜ਼ਰ ਸਨ।

## ਸ਼ਿਵਾਲਕ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬੀਤੇ ਦਿਨੀਂ ਸ਼ਿਵਾਲਕ ਮਲਟੀਪਰਪਜ਼ ਪਬਲਿਕ ਸਕੂਲ ਸਮਾਣਾ ਵਿਖੇ ਇਨਾਮ ਫੰਡ ਸਮਾਰੋਹ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਪ੍ਰਿੰਸੀਪਲ ਰੇਨੂ ਬਾਲਾ ਨੇ ਆਏ ਹੋਏ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ ਤੇ ਸਾਰਾ ਸਾਲ ਬੱਚਿਆਂ, ਅਧਿਆਪਕਾਂ ਤੇ ਮਾਤਾ-ਪਿਤਾ ਦੀ ਮਿਹਨਤ ਦੀ ਸ਼ਲਾਘਾ ਕੀਤੀ, ਜਿਨ੍ਹਾਂ ਕਰਕੇ ਸਕੂਲ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ।ਇਸ ਮੌਕੇ ਪਹਿਲੇ, ਦੂਜੇ ਤੇ ਤੀਜੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਅੱਗੋਂ ਤੋਂ ਹੋਰ ਮਿਹਨਤ ਕਰਨ ਦੀ ਪ੍ਰੇਰਣਾ ਦਿੱਤੀ ਗਈ। ਇਸ ਸਮਾਰੋਹ ਵਿੱਚ ਵਿਦਿਆਰਥੀਆਂ ਨੇ ਸੰਸਕ੍ਰਿਤ ਤੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ, ਜਿਸ ਦਾ ਬੱਚਿਆਂ ਦੇ ਮਾਪਿਆਂ ਤੇ ਪਤਵੰਤੇ ਸੱਜਣਾਂ ਨੇ ਖੂਬ ਆਨੰਦ ਮਾਣਿਆ।ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਵਿਨੋਦ ਕੁਮਾਰ, ਅਧਿਆਪਕ ਧਰਮਿੰਦਰ ਕੁਮਾਰ, ਮੈਡਮ ਸੁਲੇਖਾ, ਮਲਕਾ ਗਿੱਲ, ਸਿਕੰਦਰ ਕੌਰ, ਸਾਨੀਆ, ਸਿਮਰਨ, ਸੰਗੀਤਾ, ਪਰਮਜੀਤ ਕੌਰ, ਗੀਤਾ ਤੇ ਹੋਰ ਅਧਿਆਪਕ ਮੌਜੂਦ ਰਹੇ।

## ਆਜ਼ਾਦ ਯੂਨੀਅਨ ਬ੍ਰਾਂਚ ਪਾਤੜਾਂ ਦੀ ਮੀਟਿੰਗ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਜਲ ਸਪਲਾਈ ਤੇ ਸੈਨੀਟੇਸ਼ਨ ਵਰਕਰ ਯੂਨੀਅਨ (ਆਜ਼ਾਦ) ਬ੍ਰਾਂਚ ਪਾਤੜਾਂ ਦੀ ਅਹਿਮ ਮੀਟਿੰਗ ਪਾਤੜਾਂ ਦੇ ਦਫਤਰ ਵਿੱਚ ਹੋਈ।ਇਸ ਦੀ ਜਾਣਕਾਰੀ ਦਿੰਦਿਆਂ ਬ੍ਰਾਂਚ ਪ੍ਰਧਾਨ ਰਮੇਸ਼ ਨਾਈਵਾਲਾ ਨੇ ਕਿਹਾ ਕਿ ਮਹਿਕਮੇ ਵਿੱਚ ਕੰਮ ਕਰਦੇ ਲੱਗਭੱਗ 15 ਤੋਂ 18 ਸਾਲ ਹੋ ਗਏ ਹਨ, ਪਰ ਕਿਸੇ ਵੀ ਸਰਕਾਰ ਨੇ ਕੱਚੇ ਕਾਮਿਆਂ ਨੂੰ ਪੱਕੇ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕਿਆ। ਉਨ੍ਹਾ ਕਿਹਾ ਕਿ ਜਿਸ ਤਰ੍ਹਾਂ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ, ਪਰ ਤਿੰਨ ਸਾਲ ਬੀਤਣ 'ਤੇ ਇਸ ਸਰਕਾਰ ਨੇ ਵੀ ਕੱਚੇ ਕਾਮਿਆਂ ਦੀ ਕੋਈ ਸਾਰ ਨਹੀਂ ਲਈ।ਜਦੋਂ ਵੀ ਕੋਈ ਧਰਨਾ ਮੁਜ਼ਾਹਰਾ ਕੀਤਾ ਤਾਂ ਮੀਟਿੰਗ ਤੋਂ ਸਿਵਾਏ ਹੋਰ ਕੁਝ ਨਹੀਂ ਮਿਲਿਆ।ਇਸ ਲਈ ਜੇਕਰ ਸਰਕਾਰ ਨੇ ਕੱਚੇ ਕਾਮਿਆਂ ਦਾ ਪੱਕੇ ਕਰਨ ਦਾ ਕੋਈ ਹੱਲ ਨਹੀਂ ਕੀਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਦੇ ਵਿਰੁੱਧ ਤਿੱਖੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕਰਾਂਗੇ।ਇਨ੍ਹਾਂ ਤੋਂ ਇਲਾਵਾ ਮੌਜੂਦ ਆਗੂ ਕਸ਼ਮੀਰ ਸਿੰਘ ਅਤਾਲਾਂ, ਗੁਰਲਾਲ ਸਿੰਘ ਧੂਹੜ, ਜਗਜੀਤ ਸਿੰਘ ਤੇ ਗੁਰਪ੍ਰੀਤ ਸਿੰਘ ਦਫਤਰੀਵਾਲਾ ਆਦਿ ਹਾਜ਼ਰ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਬਜਟ ਦੀਆਂ ਕਾਪੀਆਂ ਸਾੜ ਕੇ ਕੀਤਾ ਰੋਸ ਪ੍ਰਗਟ



ਵੇਰਕਾ (ਰਾਣਾ)-ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ ਹੇਠ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨ ਯੂਨੀਅਨ ਪੰਜਾਬ ਨਾਲ ਸਬੰਧਤ ਏਟਕ ਸਬ ਅਰਬਨ ਸਰਕਲ ਅੰਮ੍ਰਿਤਸਰ ਅਤੇ ਸ਼ਹਿਰੀ ਅਤੇ ਪੰਜਾਬ ਸੁਬਾਡੀਨੇਟ ਸਰਵਿਸ ਫੈਡਰੇਸ਼ਨ 1680/222 ਦੇ ਸੱਦੇ ਹੇਠ ਪੰਜਾਬ ਸਰਕਾਰ ਵੱਲੋਂ ਪੇਸ਼ 2025/26 ਬਜਟ ਦੇ ਵਿਰੋਧ ਵਿਚ ਮੁਸਤਫਾਬਾਦ ਬਟਾਲਾ ਰੋਡ ਅੰਮ੍ਰਿਤਸਰ ਵਿਖੇ ਪੰਜਾਬ ਸਰਕਾਰ ਦੇ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ।ਸਾਥੀ ਨਰਿੰਦਰ ਬੱਲ, ਜੋਗਿੰਦਰ ਸਿੰਘ ਸੂਬਾ ਆਗੂ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨ ਯੂਨੀਅਨ ਪੰਜਾਬ, ਪ੍ਰਭਜੀਤ ਸਿੰਘ ਉੱਪਲ ਸੂਬਾ ਆਗੂ ਪੰਜਾਬ ਸੁਬਾਡੀਨੇਟ ਸਰਵਿਸ ਫੈਡਰੇਸ਼ਨ ਤੇ ਜ਼ਿਲ੍ਹਾ ਕਨਵੀਨਰ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਸ ਬਜਟ ਵਿੱਚ ਕੱਚੇ ਮੁਲਾਜ਼ਮ ਪੱਕੇ ਕਰਨ, ਪੁਰਾਣੀ ਪੈਨਸ਼ਨ ਸਕੀਮ ਬਾਹਲ ਕਰਨਾ, 66 ਮਹੀਨਿਆਂ ਦਾ ਏਰੀਅਰ ਯਕਮੁਸ਼ਤ ਨਾ ਦੇਣਾ, ਸਾਰੇ ਅਦਾਰਿਆਂ ਵਿੱਚ ਪੱਕੀ ਭਰਤੀ, ਪੈਨਸ਼ਨਰਾਂ ਲਈ 2.59 ਦਾ ਗੁਣਾਕ 2015 ਤੋਂ ਪਹਿਲਾਂ ਰਿਟਾਇਰ ਸਾਥੀਆਂ ਨੂੰ ਦਿੱਤਾ ਜਾਵੇ, ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਕੇਂਦਰ ਸਰਕਾਰ ਦੀ ਤਰਜ਼ 'ਤੇ ਦਿੱਤੀਆਂ ਜਾਣ, ਕੰਪਨੀ/ਅਉਟਸੋਰਸ ਤੇ ਹਰ ਤਰ੍ਹਾਂ ਦੇ ਕਾਮੇ ਪੱਕੇ ਕੀਤੇ ਜਾਣ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ 200 ਰੁਪਏ ਡਿਵੈਲਪਮੈਂਟ ਚਾਰਜ ਕੱਟਣਾ, ਮੁਲਾਜ਼ਮਾਂ ਦੇ ਹਰ ਤਰ੍ਹਾਂ ਦੇ ਮਸਲੇ ਹੱਲ ਕਰਨ ਬਾਰੇ ਕੋਈ ਬਜਟ ਵਿਚ ਨਹੀਂ ਰੱਖਿਆ। ਇਸ ਦੇ ਵਿਰੋਧ ਵਿੱਚ ਬਜਟ ਦੀਆਂ ਕਾਪੀਆਂ ਸਾੜੀਆਂ ਗਈਆਂ।

ਇਸ ਮੌਕੇ ਭਜਨ ਸਿੰਘ ਜ਼ਾਲਮ, ਕੁਲਵੰਤ ਸਿੰਘ, ਲਖਵਿੰਦਰ ਸਿੰਘ ਪੱਧਰੀ, ਬਿਕਰਮਜੀਤ ਸਿੰਘ, ਗੁਰਵੇਲ ਸਿੰਘ ਸੋਹੀ, ਕੁਲਬੀਰ ਸਿੰਘ ਲੋਪੋਕੇ, ਮੁਕੇਸ਼ ਕੁਮਾਰ ਮੂਧਲ, ਮਨਦੀਪ ਸਿੰਘ ਵੇਰਕਾ, ਰਜਿੰਦਰ ਸਿੰਘ ਵਰਿਆਮ, ਮਾਨਕ ਮਲੋਹਤਰਾ, ਨਰਿੰਦਰ ਮੁਸਤਫਾਬਾਦ, ਸੇਵਾ ਸਿੰਘ, ਬਲਵਿੰਦਰ ਸਿੰਘ ਆਦਿ ਸਾਥੀਆਂ ਨੇ ਸ਼ਮੂਲੀਅਤ ਕੀਤੀ।

## ਹੈਰੋਇਨ ਸਮੇਤ ਇਕ ਕਾਬੂ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)** - ਥਾਣਾ ਧਾਰੀਵਾਲ ਦੀ ਪੁਲਸ ਨੇ ਮੋਟਰਸਾਈਕਲ ਸਵਾਰ ਇਕ ਵਿਅਕਤੀ ਨੂੰ 7 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਕੇ ਉਸ ਵਿਰੁੱਧ ਐਨ ਡੀ ਪੀ ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਮੁਖੀ ਸਬ ਇੰਸਪੈਕਟਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਏ ਐਸ ਆਈ ਬਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਗਸ਼ਤ ਕਰਦੇ ਸਮੇਂ ਨੈਸ਼ਨਲ ਹਾਈਵੇ ਬਾਈਪਾਸ ਤਰੀਜਾ ਨਗਰ ਮੋੜ ਤੋਂ ਸ਼ੱਕ ਦੇ ਅਧਾਰ 'ਤੇ ਪਲਟੀਨਾ ਮੋਟਰਸਾਈਕਲ 'ਤੇ ਸਵਾਰ ਇਕ ਨੌਜਵਾਨ ਨੂੰ ਕਾਬੂ ਕਰਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਤੋਂ ਮਿਲੇ ਮੋਮੀ ਲਿਫਾਫੇ ਵਿੱਚੋਂ 7 ਗ੍ਰਾਮ ਹੈਰੋਇਨ ਬਰਾਮਦ ਹੋਈ ।ਮੁਲਜ਼ਮ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਨਿੱਕਾ ਪੁੱਤਰ ਬਖਸ਼ੀਸ਼ ਸਿੰਘ ਵਾਸੀ ਸੰਧਵਾਂ ਵਜੋਂ ਹੋਈ।

# ਕਿਸਾਨ ਜਥੇਬੰਦੀਆਂ ਨੇ ਜਬਰ ਵਿਰੋਧੀ ਦਿਵਸ ਮਨਾਉਂਦਿਆਂ ਦਫਤਰ ਦਾ ਕੀਤਾ ਘਿਰਾਓ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਤਹਿਤ ਅੱਜ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਕੰਮ ਕਰਦੀਆਂ ਵੱਖ ਵੱਖ ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਇੱਕ ਸਾਲ ਤੋਂ ਕਿਸਾਨ ਮੰਗਾਂ 'ਤੇ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਨਾਲ 19 ਮਾਰਚ ਨੂੰ ਪੰਜਾਬ ਸਰਕਾਰ ਵੱਲੋਂ ਵਿਸ਼ਵਾਸਘਾਤ ਕਰਕੇ ਚੰਡੀਗੜ੍ਹ ਤੋਂ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਗੱਲਬਾਤ ਕਰਕੇ ਵਾਪਸ ਪਰਤ ਰਹੇ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਕੇ ਸ਼ੰਭੂ ਤੇ ਖਨੌਰੀ ਮੋਰਚਿਆਂ 'ਤੇ ਬੁਲਡੋਜ਼ਰ ਨਾਲ ਹਮਲਾ ਕਰਕੇ ਉਹਨਾਂ ਦੇ ਟਰੈਕਟਰ ਟਰਾਲੀਆਂ ਅਤੇ ਹੋਰ ਦੂਸਰੇ ਸਮਾਨ ਦਾ ਕਰੋੜਾਂ ਰੁਪਏ ਦੇ ਨੁਕਸਾਨ ਕਰਨ ਅਤੇ ਮੋਰਚਿਆਂ 'ਤੇ ਡਟੇ ਕਿਸਾਨਾਂ ਨੂੰ ਗ੍ਰਿਫਤਾਰ ਕਰਨ ਦੇ ਵਿਰੋਧ ਵਿੱਚ ਅੱਜ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਸਾਹਮਣੇ 'ਜਬਰ ਵਿਰੋਧੀ ਦਿਵਸ' ਤਹਿਤ 11 ਤੋਂ 3 ਵਜੇ ਤੱਕ ਧਰਨਾ ਦੇ ਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਵਧੀਕ ਡਿਪਟੀ ਕਮਿਸ਼ਨਰ ਨੂੰ ਗਵਰਨਰ ਪੰਜਾਬ ਦੇ ਨਾਂ ਅਤੇ ਅਮਰੀਕਨ ਅਧਿਕਾਰੀਆਂ ਦੀ ਭਾਰਤ ਫੇਰੀ ਦੇ ਵਿਰੋਧ ਵਿੱਚ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਦਿੱਤੇ ਗਏ।ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਦੇ ਇਸ਼ਾਰਿਆਂ 'ਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਤੇ ਖਾਸ ਕਰਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਿਸਾਨ ਲਹਿਰ 'ਤੇ ਵਿੱਢੇ ਤਾਜ਼ਾ ਹਮਲੇ ਨੂੰ ਖੇਤੀ ਸੈਕਟਰ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦੇ ਵਿਰੋਧ ਨੂੰ ਖਤਮ ਕਰਨ ਲਈ ਕਿਸਾਨ ਲਹਿਰ ਨੂੰ ਕੁਚਲਣ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕਰਨ ਦੇ ਦੋਸ਼ ਲਾਏ।





ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ 3 ਮਾਰਚ ਨੂੰ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਆਗੂਆਂ ਨੂੰ ਗੱਲਬਾਤ ਲਈ ਸੱਦ ਕੇ ਜਿਸ ਤਰ੍ਹਾਂ ਮੁੱਖ ਮੰਤਰੀ ਨੇ ਮੀਟਿੰਗ ਵਿੱਚੋਂ ਵਾਕਆਊਟ ਕਰਕੇ ਕਿਸਾਨ ਆਗੂਆਂ ਨਾਲ ਦੁਰਵਿਹਾਰ ਕੀਤਾ। ਉਸ ਤੋਂ ਬਾਅਦ 5 ਮਾਰਚ ਦੇ ਚੰਡੀਗੜ੍ਹ ਇਕੱਠ ਨੂੰ ਫੇਲ੍ਹ ਕਰਨ ਲਈ ਜਿਸ ਤਰ੍ਹਾਂ ਪੰਜਾਬ ਭਰ ਵਿੱਚ ਕਿਸਾਨ ਆਗੂਆਂ ਵਰਕਰਾਂ ਨੂੰ ਗ੍ਰਿਫਤਾਰ ਕਰਕੇ ਜੇਲ੍ਹਾਂ ਅੰਦਰ ਬੰਦ ਕੀਤਾ ਗਿਆ। ਉਸ ਤੋਂ ਬਾਅਦ ਅੰਦੋਲਨ ਕਰਨ ਦੇ ਜਮਹੂਰੀ ਹੱਕ ਨੂੰ ਕੁਚਲਣ ਲਈ ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਕਿਸਾਨ ਲਹਿਰ 'ਤੇ ਹਮਲਾ ਵਿੱਢਿਆ ਹੈ, ਉਸ ਦੀ ਪੰਜਾਬ ਸਰਕਾਰ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ। ਅੱਜ ਦੇ ਇਕੱਠ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਗ੍ਰਿਫਤਾਰ ਕੀਤੇ ਗਏ ਕਿਸਾਨ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਚੋਰੀ ਕਰਨ ਵਾਲਿਆਂ ਖਿਲਾਫ ਮੁਕੱਦਮੇ ਦਰਜ ਕਰਨ ਅਤੇ ਕਿਸਾਨਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ।ਅੱਜ ਦੇ ਇਕੱਠ ਨੂੰ ਕਿਸਾਨ ਆਗੂ ਡਾ. ਸਤਨਾਮ ਸਿੰਘ ਅਜਨਾਲਾ, ਜਤਿੰਦਰ ਸਿੰਘ ਛੀਨਾ, ਧੰਨਵੰਤ ਸਿੰਘ ਖਤਰਾਏ ਕਲਾਂ, ਲੱਖਬੀਰ ਸਿੰਘ ਨਿਜ਼ਾਮਪੁਰ, ਬਘੇਲ ਸਿੰਘ, ਗੁਰਦੇਵ ਸਿੰਘ ਵਰਪਾਲ, ਨਿਸ਼ਾਨ ਸਿੰਘ ਸਾਘਣਾ, ਸਵਿੰਦਰ ਸਿੰਘ ਮੀਰਾਂਕੋਟ, ਬਲਬੀਰ ਸਿੰਘ ਮੂਧਲ, ਹਰਜੀਤ ਸਿੰਘ ਝੀਤਾ, ਉਮਰਾਜ ਸਿੰਘ ਧਰਦਿਓ, ਰਤਨ ਸਿੰਘ ਰੰਧਾਵਾ,ਪਰਮਿੰਦਰ ਸਿੰਘ ਪੰਡੋਰੀ ਤੋਂ ਇਲਾਵਾ ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਦੇ ਜਰਮਨਜੀਤ ਸਿੰਘ ਬੰਡਾਲਾ ਅਤੇ ਸੰਯੁਕਤ ਕਿਸਾਨ ਮੋਰਚਾ ( ਗੈਰ ਰਾਜਨੀਤਿਕ) ਦੇ ਸੁਰਿੰਦਰ ਸਿੰਘ ਮੌਲਿਆਂਵਾਲੀ ਨੇ ਵੀ ਸੰਬੋਧਨ ਕੀਤਾ।

# ਪੰਜਾਬ ਖੇਤ ਮਜ਼ਦੂਰ ਸਭਾ ਦੀ ਕਮੇਟੀ ਦਾ ਗਠਨ

ਤਰਨ ਤਾਰਨ ( ਪੱਤਰ ਪ੍ਰੇਰਕ)- ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿੱਚ ਪੇਸ਼ ਕੀਤਾ ਬਜਟ ਭਗਵੰਤ ਮਾਨ ਸਰਕਾਰ ਵੱਲੋਂ ਅਪਣਾਈਆਂ ਕਾਰਪੋਰੇਟ ਨੀਤੀਆਂ ਨੂੰ ਜਾਰੀ ਰੱਖਣ ਦੇ ਐਲਾਨਨਾਮੇ ਤੋਂ ਵੱਧ ਕੁੱਝ ਵੀ ਨਹੀਂ।ਮਜ਼ਦੂਰਾਂ, ਕਿਸਾਨਾਂ, ਸਿਹਤ, ਸਿੱਖਿਆ, ਰੋਜ਼ਗਾਰ ਬਾਰੇ ਕੋਈ ਠੋਸ ਜ਼ਿਕਰ ਨਹੀਂ ਕੀਤਾ ਗਿਆ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾ ਨੇ ਕੀਤਾ। ਉਹ ਪਿੰਡ ਰਾਮਪੁਰ ਵਿਖੇ ਖੇਤ ਮਜ਼ਦੂਰਾਂ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਅੱਜ ਦੇਸ਼ ਦਾ ਸੰਵਿਧਾਨ ਖਤਰੇ ਵਿੱਚ ਹੈ। ਲੋਕਾਂ ਦੇ ਜਮਹੂਰੀ ਹੱਕਾਂ ਨੂੰ ਦਰੜਿਆ ਜਾ ਰਿਹਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਦਲਿਤ ਸਮਾਜ, ਘੱਟ ਗਿਣਤੀਆਂ, ਕਿਸਾਨਾਂ ਅਤੇ ਔਰਤਾਂ 'ਤੇ ਲਗਾਤਾਰ ਹਮਲੇ ਹੋ ਰਹੇ ਹਨ ਜੋ ਸੋਚੀ ਸਮਝੀ ਨਫਰਤੀ ਸਾਜਿਸ਼ ਦਾ ਸਿੱਟਾ ਹੈ।ਉਹਨਾਂ ਦਾਨ ਸਿੰਘ ਵਾਲਾ ਅਤੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਚੰਦ ਭਾਨ ਵਿਖੇ ਹੋਈ ਘਟਨਾ ਦਾ ਜ਼ਿਕਰ ਕਰਦਿਆਂ ਹੋਏ ਕਿਹਾ ਕਿ ਦਲਿਤ ਵਰਗ ਦੇ ਲੋਕਾਂ 'ਤੇ ਲਾਠੀਚਾਰਜ ਅਤੇ ਵੱਡੀ ਗਿਣਤੀ ਵਿੱਚ ਕੀਤੀਆਂ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਗ੍ਰਿਫਤਾਰੀਆਂ ਦੀ ਸਖ਼ਤ ਨਿੰਦਾ ਕਰਦੇ ਹੋਏ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ । ਉਹਨਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਮਜ਼ਦੂਰ ਲੋਕਾਂ 'ਤੇ ਹੋ ਰਹੇ ਅੱਤਿਆਚਾਰ ਫੌਰੀ ਤੌਰ 'ਤੇ ਬੰਦ ਕੀਤੇ ਜਾਣ, ਗੁੰਡਾਗਰਦੀ ਅਤੇ ਨਸ਼ੇ ਨੂੰ ਠੱਲ੍ਹ ਪਾਈ ਜਾਵੇ।ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਮੀਤ ਪ੍ਰਧਾਨ ਕਾਮਰੇਡ ਹੀਰਾ ਸਿੰਘ ਖਡੂਰ ਸਾਹਿਬ, ਬਲਾਕ ਸਕੱਤਰ ਮੇਜਰ ਸਿੰਘ ਦਾਰਾਪੁਰ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਹ ਖੋਖਲੇ ਸਾਬਤ ਹੋ ਰਹੇ ਹਨ। ਨਸ਼ਾ ਅਤੇ ਗੁੰਡਾਗਰਦੀ ਪਹਿਲਾਂ ਨਾਲੋਂ ਵਧੀ ਹੈ, ਮਹਿੰਗਾਈ ਤੇ ਬੇਰੁਜ਼ਗਾਰੀ ਹੱਦਾਂ ਪਾਰ ਕਰ ਗਈ ਹੈ।



ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਸਰਕਾਰ ਆਪਣੇ ਕੀਤੇ ਵਾਅਦੇ ਪੂਰੇ ਕਰੇ, ਮਜ਼ਦੂਰ ਲੋਕਾਂ ਸਿਰ ਚੜ੍ਹਿਆ ਕਰਜ਼ਾ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮੁਆਫ ਕੀਤਾ ਜਾਵੇ, ਬੇਘਰੇ ਅਤੇ ਲੋੜਵੰਦ ਲੋਕਾਂ ਨੂੰ ਦਸ ਦਸ ਮਰਲੇ ਦੇ ਪਲਾਟ ਦਿੱਤੇ ਜਾਣ, ਘਰ ਬਣਾਉਣ ਵਾਸਤੇ ਪੰਜ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ, ਵਿਧਵਾ, ਬੁਢਾਪਾ ਅੰਗਹੀਣ ਪੈਨਸ਼ਨ ਪੰਜ ਹਜ਼ਾਰ ਰੁਪਏ ਕੀਤੀ ਜਾਵੇ ਅਤੇ ਪੰਚਾਇਤੀ ਜ਼ਮੀਨ ਦੀਆਂ ਡੰਮੀ ਬੋਲੀਆਂ ਬੰਦ ਕੀਤੀਆਂ ਜਾਣ, ਮਜ਼ਦੂਰਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕਰੇ। ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੀ ਚੋਣ ਕੀਤੀ ਗਈ ਜਿਸ ਦੇ ਪ੍ਰਧਾਨ ਦਲਬੀਰ ਸਿੰਘ, ਜਨਰਲ ਸਕੱਤਰ ਪ੍ਰਤਾਪ ਸਿੰਘ, ਮੀਤ ਪ੍ਰਧਾਨ ਬਲਵਿੰਦਰ ਸਿੰਘ ਬਿੱਲਾ, ਕਸ਼ਮੀਰ ਸਿੰਘ, ਮੀਤ ਸਕੱਤਰ ਗੁਰਦੀਪ ਸਿੰਘ, ਬਲਜੀਤ ਕੌਰ, ਕੈਸ਼ੀਅਰ ਮਨਜੀਤ ਕੌਰ ਆਦਿ ਚੁਣੇ ਗਏ। ਕਮੇਟੀ ਮੈਂਬਰ ਕੁਲਵਿੰਦਰ ਕੌਰ, ਮਨਜਿੰਦਰ ਕੌਰ, ਹਰਜਿੰਦਰ ਕੌਰ, ਰਤਨ ਸਿੰਘ ਜਸਵੰਤ ਸਿੰਘ, ਚਰਨ ਕੌਰ ਆਦਿ ਚੁਣੇ ਗਏ।

## ਚੇਅਰਮੈਨ ਪੰਨੂ ਵੱਲੋਂ ਡਿਸਪੈਂਸਰੀ ਦਾ ਉਦਘਾਟਨ

**ਫਤਿਹਗੜ੍ਹ ਚੂੜੀਆਂ (ਬਟਾਲਾ)** ( ਡਾਕਟਰ ਮਲਵਿੰਦਰ ਸਿੰਘ)- ਬਲਬੀਰ ਸਿੰਘ ਪੰਨੂ ਚੇਅਰਮੈਨ ਪਨਸਪ ਪੰਜਾਬ ਵੱਲੋਂ ਪਿੰਡ ਰੂਪੋਵਾਲੀ ਵਿੱਚ ਡਿਸਪੈਂਸਰੀ ਦਾ ਉਦਘਾਟਨ ਕੀਤਾ ਗਿਆ ਅਤੇ ਸਾਰੇ ਹੀ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਸਰਕਾਰ ਵੱਲੋਂ ਬਣਦੀਆਂ ਸਹੂਲਤਾਂ ਤੁਹਾਨੂੰ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਹਲਕੇ ਦਾ ਵੱਧ ਤੋਂ ਵੱਧ ਵਿਕਾਸ ਹੋ ਸਕੇ।ਚੇਅਰਮੈਨ ਪੰਨੂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਹਰੇਕ ਵਰਗ ਦੇ ਹਿੱਤ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਲੋਕਾਂ ਤੱਕ ਪੁਜਦਾ ਕੀਤਾ ਜਾ ਰਿਹਾ ਹੈ। ਇਸ ਮੌਕੇ ਪਰਮਜੋਤ ਸਿੰਘ, ਸੋਨੂ ਰਾਮ ਸਿੰਘ, ਮੈਂਬਰ ਹਰਦੀਪ ਸਿੰਘ, ਮੈਂਬਰ ਪਰਮਜੀਤ ਕੌਰ, ਮੈਂਬਰ ਦਲਜੀਤ ਕੌਰ, ਜੋਬਨ ਮਸੀਹ, ਪ੍ਰਭਜੋਤ ਸਿੰਘ, ਜਗਤਾਰ ਸਿੰਘ, ਜਰਨੈਲ ਸਿੰਘ, ਜਸਵਿੰਦਰ ਸਿੰਘ, ਗੁਰਬਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਸਰਪੰਚ ਹਰਦੀਪ ਸਿੰਘ ਦਮੋਦਰ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਪ੍ਰੀਤ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ ਜੱਗਾ, ਯੂਥ ਪ੍ਰਧਾਨ ਗੁਰਬਿੰਦਰ ਸਿੰਘ ਕਾਦੀਆਂ, ਕਰਮਜੀਤ ਪੀਏ, ਰਘਬੀਰ ਸਿੰਘ ਅਠਵਾਲ, ਗਗਨਦੀਪ ਸਿੰਘ ਕੋਟਲਾ ਬਾਮਾ, ਸਰਪੰਚ ਕਰਨ ਬਾਠ, ਗੁਰ ਪ੍ਰਤਾਪ ਸਿੰਘ, ਗੁਰਦੇਵ ਅੌਜਲਾ ਅਤੇ ਹੋਰ ਵੀ ਹਾਜ਼ਰ ਸਨ।



# ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ ਸੀ ਦਫ਼ਤਰ ਸਾਹਮਣੇ ਜਬਰ ਖਿਲਾਫ਼ ਧਰਨਾ

ਪਠਾਨਕੋਟ (ਦਵਿੰਦਰ ਸਿੰਘ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸੰਯੁਕਤ ਕਿਸਾਨ ਮੋਰਚਾ ਪਠਾਨਕੋਟ ਵੱਲੋਂ ਜਬਰ ਵਿਰੋਧੀ ਧਰਨਾ ਦਿੱਤਾ ਗਿਆ। ਜਿਸ ਦੀ ਪ੍ਰਧਾਨਗੀ ਕਿਰਤੀ ਕਿਸਾਨ ਯੂਨੀਅਨ ਵੱਲੋਂ ਪਰਮਜੀਤ ਰਤਨਗੜ੍ਹ, ਬੀ ਕੇ ਯੂ ਉਗਰਾਹਾਂ ਵੱਲੋਂ ਰਾਜਿੰਦਰ ਸਿੰਘ ਬਾਜਵਾ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕੇਵਲ ਕਾਲੀਆ, ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਰਾਜ ਭੋਅ, ਬੀ ਕੇ ਯੂ ਰਾਜੇਵਾਲ ਵਲੋਂ ਕੇਵਲ ਸਿੰਘ ਕੰਗ, ਦੁਆਬਾ ਕਿਸਾਨ ਸੰਘਰਸ਼ ਕਮੇਟੀ ਵੱਲੋਂ ਉਂਕਾਰ ਸਿੰਘ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਵੱਲੋਂ ਇਕਬਾਲ ਸਿੰਘ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਬਲਵਿੰਦਰ ਸਿੰਘ ਨੇ ਕੀਤੀ, ਜਿਸ ਨੂੰ ਉਪਰੋਕਤ ਤੋਂ ਇਲਾਵਾ ਬਲਵੰਤ ਸਿੰਘ, ਚਮਨ ਲਾਲ, ਸੁਰਿੰਦਰ ਸਹਿਗਲ, ਲੇਖ ਰਾਜ, ਬਲਵੰਤ ਸਿੰਘ ਘੋ, ਸੁਭਾਸ਼ ਸ਼ਰਮਾ, ਸ਼ਿਵ ਕੁਮਾਰ, ਅਜੀਤ ਕੁਮਾਰ, ਪਰਵੀਨ ਕੁਮਾਰ, ਨਰੰਜਨ ਸਿੰਘ, ਓਮ ਪ੍ਰਕਾਸ਼, ਧਲੋਰੀਆ, ਅਮਰ ਕ੍ਰਾਂਤੀ, ਗੋਲਡੀ ਨੱਤ, ਕਰਤਾਰ ਸਿੰਘ, ਜੋਗਾ ਸਿੰਘ, ਮੇਹਰ ਸਿੰਘ, ਅਮਰੀਕ ਸਿੰਘ, ਮੰਗਤ ਸਿੰਘ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਦੱਸਿਆ ਕਿ ਕੁਝ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਸਬੰਧੀ



ਸੰਘਰਸ਼ ਕਰ ਰਹੇ ਕਿਸਾਨਾਂ 'ਤੇ ਦਮਨ ਚੱਕਰ ਚਲਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ 5 ਮਾਰਚ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਚੰਡੀਗੜ੍ਹ ਵਿਖੇ ਸੱਤ ਰੋਜ਼ਾ ਧਰਨੇ ਦਾ ਐਲਾਨ ਕੀਤਾ ਤਾਂ ਪੰਜਾਬ ਸਰਕਾਰ ਨੇ ਪੂਰੇ ਪੰਜਾਬ ਨੂੰ ਖੁੱਲ੍ਹੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ।

19 ਮਾਰਚ ਨੂੰ ਕੇਂਦਰ ਸਰਕਾਰ ਦੇ ਮੰਤਰੀਆਂ ਨਾਲ ਗੱਲ ਕਰਕੇ ਵਾਪਸ ਜਾ ਰਹੇ ਕਿਸਾਨ ਆਗੂ ਗ੍ਰਿਫਤਾਰ ਕਰ ਲਏ ਗਏ। ਸ਼ੰਭੂ ਤੇ ਖਨੌਰੀ ਬਾਰਡਰ 'ਤੇ ਬੁਲਡੋਜ਼ਰਾਂ ਕਾਰਵਾਈ ਕਰਕੇ ਕਿਸਾਨਾਂ ਦੇ ਧਰਨਿਆਂ ਨੂੰ ਜਬਰੀ ਉਠਾ ਦਿੱਤਾ ਗਿਆ।ਟਰੈਕਟਰ ਟਰਾਲੀਆਂ ਦੀ ਭੰਨ ਤੋੜ ਕੀਤੀ ਗਈ। ਵੱਡੀ ਪੱਧਰ 'ਤੇ ਸਮਾਨ ਚੋਰੀ ਦੀਆਂ ਰਿਪੋਰਟਾਂ ਹਨ। ਕਰਨਲ ਬਾਠ ਨਾਲ ਜ਼ਿਆਦਤੀ ਅਤੇ ਬੁਲਡੋਜ਼ਰਾਂ ਨਾਲ ਕਾਰਵਾਈ ਕਰਕੇ ਲੋਕਾਂ ਦੇ ਘਰ ਢਾਹੇ ਜਾ ਰਹੇ ਹਨ। ਇਹ ਸਾਰੀਆਂ ਘਟਨਾਵਾਂ ਪੰਜਾਬ ਸਰਕਾਰ ਦੇ ਦਮਨ ਦੀਆਂ ਮੂੰਹ ਬੋਲਦੀਆਂ ਘਟਨਾਵਾਂ ਹਨ ।ਉਹਨਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਰਿਹਾਅ ਕੀਤਾ ਜਾਵੇ। ਕਿਸਾਨਾਂ ਦੇ ਟਰੈਕਟਰ ਟਰਾਲੀਆਂ ਤੇ ਹੋਰ ਸਮਾਨ ਵਾਪਸ ਕੀਤਾ ਜਾਵੇ।

ਚੋਰੀ ਹੋਏ ਸਮਾਨ ਦੀ ਭਰਪਾਈ ਸਰਕਾਰ ਕਰੇ। ਜਮਹੂਰੀ ਹੱਕਾਂ ਨੂੰ ਬਹਾਲ ਕੀਤਾ ਜਾਵੇ। ਇਸ ਤੋਂ ਇਲਾਵਾ ਸਾਰੇ ਦੇਸ਼ ਵਿੱਚ ਕਿਸਾਨਾਂ ਵਲੋਐ ਸਾਰੇ ਦੇਸ਼ ਦੇ ਡੀ ਸੀ ਦਫ਼ਤਰ ਸਾਹਮਣੇ ਧਰਨੇ ਦੇ ਕੇ ਮੰਗ ਕੀਤੀ ਕਿ ਦੂਸਰੇ ਦੇਸਾ ਨਾਲ ਮੁਕਤ ਵਪਾਰ ਦੇ ਸਮਝੌਤੇ ਨਾ ਕੀਤੇ ਜਾਣ।

# ਸੀ ਐਮ ਦੀ ਯੋਗਸ਼ਾਲਾ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ

ਬਟਾਲਾ (ਡਾਕਟਰ ਮਲਵਿੰਦਰ ਸਿੰਘ)-ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੀ ਸੀ.ਐਮ ਦੀ ਯੋਗਸ਼ਾਲਾ ਪਿੰਡਾਂ ਦੇ ਵਿੱਚ ਵੀ ਪਹੁੰਚ ਚੁੱਕੀ ਹੈ, ਜਿਸ ਦੇ ਅੰਤਰਗਤ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਪਿੰਡਾਂ ਵਿੱਚ ਸੀ.ਐਮ ਦੀ ਯੋਗਸ਼ਾਲਾ ਦੀਆਂ ਕਲਾਸਾਂ ਚੱਲ ਰਹੀਆਂ ਹਨ।ਜ਼ਿਲ੍ਹਾ ਕੁਆਰਡੀਨੇਟਰ ਲਵਪ੍ਰੀਤ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਧਾਰੀਵਾਲ ਦੇ ਲਾਗੇ ਪਿੰਡ ਸੋਹਲ ਵਿੱਚ ਚੱਲ ਰਹੀ ਕਲਾਸ ਤੇ ਮੈਂਬਰਾਂ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਿਆ ਕਿ ਇਹ ਯੋਗਾ ਕਲਾਸ ਪਿਛਲੇ ਤਕਰੀਬਨ ਸੱਤ ਮਹੀਨਿਆਂ ਤੋਂ ਚੱਲ ਰਹੀ ਹੈ, ਜਿਸ ਵਿੱਚ ਪਿੰਡ ਦੀਆਂ ਔਰਤਾਂ ਵਿਸ਼ੇਸ਼ ਤੌਰ 'ਤੇ ਭਾਗ ਲੈ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਇਹਨਾਂ ਔਰਤਾਂ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਸਮੱਸਿਆਵਾਂ ਸਨ ਜੋ ਕਿ ਰੋਜ਼ਾਨਾ ਯੋਗ ਕਰਨ ਦੇ ਨਾਲ ਠੀਕ ਹੋ ਗਈਆਂ ਹਨ। ਕਲਾਸ ਦੇ ਮੈਂਬਰ ਰਣਜੀਤ ਕੌਰ ਨੇ ਦੱਸਿਆ ਕਿ ਮੈਨੂੰ ਪਿਛਲੇ ਸਮੇਂ ਦੌਰਾਨ ਸਰਵਾਈਕਲ ਦੀ ਕਾਫੀ ਜ਼ਿਆਦਾ ਸਮੱਸਿਆ ਸੀ, ਜਿਸ ਲਈ ਮੈਂ ਵੱਖ-ਵੱਖ ਤਰ੍ਹਾਂ ਦੇ ਇਲਾਜ ਕੀਤੇ ਪਰ ਮੈਨੂੰ ਕਿਸੇ ਵੀ ਤਰ੍ਹਾਂ ਦਾ ਲਾਭ ਨਾ ਮਿਲਿਆ। ਹੁਣ ਮੈਂ ਪਿਛਲੇ ਤਕਰੀਬਨ ਛੇ ਮਹੀਨਿਆਂ ਤੋਂ ਇਸ ਯੋਗ ਦੀ ਕਲਾਸ ਨਾਲ ਜੁੜੀ ਹੋਈ ਹਾਂ, ਜਿਸ ਨਾਲ ਮੇਰਾ ਸਰਵਾਈਕਲ ਦੀ ਸਮੱਸਿਆ ਬਿਲਕੁਲ ਖਤਮ ਹੋ ਚੁੱਕੀ ਹੈ ਤੇ ਮੈਂ ਬਹੁਤ ਖੁਸ਼ ਹਾਂ।ਇੱਕ ਹੋਰ ਮੈਂਬਰ ਸਰਬਜੀਤ ਕੌਰ ਨੇ ਦੱਸਿਆ ਕਿ ਮੈਨੂੰ ਪਿਛਲੇ ਸਮੇਂ ਤੋਂ ਬੀ ਪੀ ਦੀ ਸਮੱਸਿਆ ਸੀ ਜੋ ਕਿ ਬਹੁਤ ਲੰਮੇ ਸਮੇਂ ਤੋਂ ਚੱਲ ਰਹੀ ਸੀ ਪਰ ਹੁਣ ਯੋਗਾ ਕਰਨ ਨਾਲ ਇਹ ਸਮੱਸਿਆ ਪੂਰਨ ਤੌਰ ਤੇ ਠੀਕ ਹੋ ਗਈ ਹੈ। ਜੇਕਰ ਤੁਸੀਂ ਵੀ ਆਪਣੇ ਮੁਹੱਲੇ ਵਿੱਚ ਸੀ ਐਮ ਦੀ ਯੋਗਸ਼ਾਲਾ ਸ਼ੁਰੂ ਕਰਵਾਉਣਾ ਚਾਹੁੰਦੇ ਹੋ ਤਾਂ 7669400500 ਨੰਬਰ ਉੱਪਰ ਇੱਕ ਮਿਸ ਕਾਲ ਕਰੋ, ਤੁਹਾਡੇ ਕੋਲ ਟੀਚਰ ਸਰਕਾਰ ਵੱਲੋਂ ਭੇਜਿਆ ਜਾਵੇਗਾ।



## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਪਾਬੰਦੀਆਂ ਦੇ ਹੁਕਮ ਜਾਰੀ

**ਗੁਰਦਾਸਪੁਰ (ਜਨਕ ਮਹਾਜਨ)**- ਹਰਜਿੰਦਰ ਸਿੰਘ ਬੇਦੀ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਨੇ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਆਮ ਜਨਤਾ ਨੂੰ ਇਹ ਹੁਕਮ ਕੀਤਾ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ/ ਸੋਸ਼ਲ ਮੀਡੀਆ ਰਾਹੀਂ ਪ੍ਰਦਰਸ਼ਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਤੋਂ ਇਲਾਵ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਪੂਰਨ ਪਾਬੰਦੀ ਹੋਵੇਗੀ, ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿੱਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ ਅਤੇ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ 'ਤੇ ਵੀ ਪਾਬੰਦੀ ਲਾਗੂ ਹੋਵੇਗੀ। ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ ਪੈਂਦੇ ਸਾਰੇ ਸਾਈਬਰ ਕੈਫ਼ੇ ਦੇ ਮਾਲਕਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਕਿਸੇ ਅਜਿਹੇ ਅਣਜਾਣ ਵਿਅਕਤੀ ਜਿਸ ਦੀ ਪਹਿਚਾਣ ਬਾਰੇ ਸਾਈਬਰ ਕੈਫ਼ੇ ਦੇ ਮਾਲਕ ਵਜੋਂ ਸੁਨਿਸਚਿਤ ਨਾ ਹੋਵੇ, ਉਸ ਨੂੰ ਸਾਈਬਰ ਕੈਫ਼ੇ ਦਾ ਪ੍ਰਯੋਗ ਨਾ ਕਰਨ ਦਿੱਤਾ ਜਾਵੇ। ਆਉਣ ਵਾਲੇ/ਪ੍ਰਯੋਗ ਕਰਤਾ ਦੀ ਪਹਿਚਾਣ ਰਜਿਸਟਰ ਵਿੱਚ ਦਰਜ ਕੀਤੀ ਜਾਵੇ। ਜੇਕਰ ਆਉਣ ਵਾਲੇ ਵਿਅਕਤੀ ਦੀ ਕੋਈ ਵੀ ਗਤੀਵਿਧੀ ਪ੍ਰਤੀ ਸ਼ੱਕ ਪੈਦਾ ਹੁੰਦਾ ਹੈ ਤਾਂ ਸਾਈਬਰ ਕੈਫ਼ੇ ਦੇ ਮਾਲਕ ਨੂੰ ਇਸ ਦੀ ਸੂਚਨਾ ਪੁਲਿਸ ਸਟੇਸ਼ਨ ਵਿੱਚ ਦੇਣੀ ਚਾਹੀਦੀ ਹੈ। ਵਿਅਕਤੀ ਵੱਲੋਂ ਪ੍ਰਯੋਗ ਕੀਤੇ ਗਏ ਕੰਪਿਊਟਰ ਦਾ ਰਿਕਾਰਡ ਦਰਜ ਹੋਣਾ ਚਾਹੀਦਾ ਹੈ। ਕੋਈ ਵੀ ਵਿਅਕਤੀ ਸਾਈਕਲ/ ਰਿਕਸ਼ਾ/ ਟਰੈਕਟਰ/ ਰੇਹੜੀ ਅਤੇ ਹੋਰ ਕੋਈ ਗੱਡੀ ਜਿਸ ਦੇ ਅੱਗੇ-ਪਿੱਛੇ ਲਾਈਟਾਂ ਨਹੀਂ ਹਨ, ਲਾਲ ਰੰਗ ਦੇ ਰਿਫਲੈਕਟਰ ਜਾਂ ਕੋਈ ਆਈ ਗਲਾਸ ਜਾਂ ਚਮਕਦਾਰ ਟੇਪ ਫਿੱਟ ਕਰਵਾਏ ਬਿਨਾਂ ਨਹੀਂ ਚੱਲੇਗਾ।



ਆਮ ਜਨਤਾ ਕਿਸੇ ਵੱਲੋਂ ਵੀ ਉਲਾਈਵ ਰੰਗ ਦੀਆਂ ਵਰਦੀਆਂ, ਜੀਪਾਂ/ਮੋਟਰਸਾਈਕਲਾਂ ਦੀ ਵਰਤੋਂ ਕਰਨ 'ਤੇ ਰੋਕ ਲਗਾ ਦਿੱਤੀ ਹੈ। ਮਿਲਟਰੀ ਫੋਰਸਿਜ਼ ਅਤੇ ਬੀ.ਐਸ.ਐਫ਼ ਪਰਸਨਲ ਨੂੰ ਇਨ੍ਹਾਂ ਹੁਕਮਾਂ ਤੋਂ ਛੋਟ ਹੋਵੇਗੀ। ਖੂਹ/ਬੋਰ ਲਗਾਉਣ ਤੋਂ ਪਹਿਲਾਂ ਭੂਮੀ ਮਾਲਕ 15 ਦਿਨ ਪਹਿਲਾਂ ਜ਼ਿਲ੍ਹਾ ਮੈਜਿਸਟਰੇਟ ਜਾਂ ਉਪ ਮੰਡਲ ਮੈਜਿਸਟਰੇਟ ਜਾਂ ਬੀ.ਡੀ.ਪੀ.ਓ ਜਾਂ ਸਰਪੰਚ ਜਾਂ ਪਬਲਿਕ ਹੈਲਥ/ ਮਿਊਂਸਪੈਲਿਟੀ ਕਮੇਟੀ ਦੇ ਸਬੰਧਤ ਅਫ਼ਸਰ ਨੂੰ ਸੂਚਿਤ ਕਰਨਗੇ। ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਉਪਰੋਕਤ ਦਰਸਾਈਆਂ ਗਈਆਂ ਹਦਾਇਤਾਂ ਤੋਂ ਬਿਨਾਂ ਕੋਈ ਵੀ ਵਿਅਕਤੀ ਸਰਕਾਰੀ/ਗੈਰ ਸਰਕਾਰੀ ਸੰਸਥਾਵਾਂ ਜਾਂ ਹੋਰ ਕੋਈ ਸਬੰਧਤ ਵਿਭਾਗਾਂ ਪਾਸੋਂ ਲਿਖਤੀ ਪ੍ਰਵਾਨਗੀ ਅਤੇ ਦੇਖ-ਰੇਖ ਤੋਂ ਬਗੈਰ ਕੱਚੀਆਂ ਖੂਹੀਆਂ ਨਹੀਂ ਪੁੱਟੇਗਾ/ਪੁਟਾਏਗਾ। ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਹੋਟਲਾਂ, ਰੈਸਟੋਰੈਂਟਾਂ, ਧਰਮਸ਼ਾਲਾਵਾਂ ਦੇ ਮਾਲਕਾਂ/ਮੈਨੇਜਰਾਂ ਵੱਲੋਂ ਉਥੇ ਠਹਿਰਨ ਵਾਲੇ ਵਿਅਕਤੀਆਂ ਦੀ ਸ਼ਨਾਖ਼ਤ ਸਬੰਧੀ ਸਬੂਤ ਲੈਣਾ ਅਤੇ ਉਨ੍ਹਾਂ ਸਬੂਤਾਂ ਬਾਰੇ ਐਂਟਰੀਆਂ ਦਾ ਰਜਿਸਟਰ ਵਿੱਚ ਇੰਦਰਾਜ ਕਰਨਾ ਜ਼ਰੂਰੀ ਹੋਵੇਗਾ ਅਤੇ ਉਹ ਇਸ ਦੀ ਸੂਚਨਾ ਸਬੰਧਤ ਥਾਣਿਆਂ ਨੂੰ ਦੇਣਗੇ। ਸਮੂਹ ਧਾਰਮਿਕ ਅਸਥਾਨਾਂ 'ਤੇ ਅਗਲੇ ਹੁਕਮਾਂ ਤੱਕ ਠੀਕਰੀ ਪਹਿਰਾ ਲਗਾਉਣ ਲਈ ਪਿੰਡਾਂ ਦੀਆਂ ਸਮੂਹ ਪੰਚਾਇਤਾਂ ਅਤੇ ਧਾਰਮਿਕ ਸਥਾਨਾਂ ਦੀ ਕਮੇਟੀਆਂ/ ਬੋਰਡ/ਟਰੱਸਟ ਦੇ ਮੁਖੀਆਂ ਦੀ ਜ਼ਿੰਮੇਵਾਰੀ ਲਗਾਈ ਹੈ।

## ਮਾਨ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਬਿਜਲੀ ਦਰਾਂ ਜਾਂ ਖਰਚਿਆਂ ਦਾ ਲੋਕਾਂ 'ਤੇ ਕੋਈ ਵਿੱਤੀ ਬੋਝ ਨਹੀਂ ਪਿਆ: ਹਰਭਜਨ ਸਿੰਘ ਈ ਟੀ ਓ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਸਦਕਾ ਹੀ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਵਲੋਂ ਜ਼ੋ ਅੱਜ ਟੈਰਿਫ/ਚਾਰਜ ਨਿਰਧਾਰਿਤ ਕੀਤੇ ਹਨ ਉਨ੍ਹਾਂ ਨਾਲ ਸੂਬੇ ਦੀ ਜਨਤਾ ਉਤੇ ਕਿਸੇ ਕਿਸਮ ਦਾ ਬੋਝ ਨਹੀਂ ਪਿਆ। ਇਹ ਪ੍ਰਗਟਾਵਾ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਅੱਜ ਇਥੇ ਇਕ ਪ੍ਰੈਸ ਬਿਆਨ ਵਿੱਚ ਕੀਤਾ।

ਉਨ੍ਹਾਂ ਕਿਹਾ ਕਿ ਰੈਗੂਲੇਟਰੀ ਕਮਿਸ਼ਨ ਦੇ ਫੈਸਲੇ ਨਾਲ ਕਿਸੇ ਵੀ ਵਰਗ ਦੇ ਖਪਤਕਾਰਾਂ ਦੇ ਸਥਿਰ ਖਰਚਿਆਂ ਵਿੱਚ ਕੋਈ ਵਾਧਾ ਨਹੀਂ ਹੋਵੇਗਾ ਅਤੇ ਨਾਲ ਹੀ ਡੀਐਸ ਅਤੇ ਐਨਆਰਐਸ ਦੇ ਮਾਮਲੇ ਵਿੱਚ, ਖਪਤਕਾਰ ਸ਼੍ਰੇਣੀ ਵਿੱਚ ਮੌਜੂਦਾ 3 ਸਲੈਬਾਂ ਨੂੰ ਮਿਲਾ ਕੇ ਖਪਤਕਾਰਾਂ @ਤੇ ਬਿਨਾਂ ਕਿਸੇ ਵਾਧੂ ਵਿੱਤੀ ਬੋਝ ਦੇ ਸਿਰਫ਼ 2 ਸਲੈਬ ਬਣਾਏ ਗਏ ਹਨ। ਇਹ ਬਿੱਲਾਂ ਨੂੰ ਆਸਾਨੀ ਨਾਲ ਤਿਆਰ ਕਰਨ ਅਤੇ ਖਪਤਕਾਰ-ਅਨੁਕੂਲ ਬਣਾਉਣ ਵਿੱਚ ਮਦਦ ਕਰੇਗਾ ਜਿਸ ਨਾਲ ਸਲੈਬਾਂ ਦੇ ਰਲੇਵੇਂ ਨਾਲ, ਜਦੋਂ ਕਿਸੇ ਵੀ ਖਪਤਕਾਰ ਨੂੰ ਕੋਈ ਵੀ ਵਾਧੂ ਚਾਰਜ ਨਹੀਂ ਦੇਣਾ ਪਵੇਗਾ, 300 ਯੂਨਿਟਾਂ ਤੋਂ ਵੱਧ ਵਾਲੇ ਡੀਐਸ ਖਪਤਕਾਰ 2 ਕਿਲੋਵਾਟ ਤੱਕ ਦੇ ਲੋਡ ਲਈ ਲਗਭਗ 160 ਰੁਪਏ/ਮਹੀਨਾ, 2 ਕਿਲੋਵਾਟ ਤੋਂ ਵੱਧ ਅਤੇ 7 ਕਿਲੋਵਾਟ ਤੱਕ ਦੇ ਲੋਡ ਲਈ 90 ਰੁਪਏ/ਮਹੀਨਾ ਅਤੇ 7 ਕਿਲੋਵਾਟ ਤੋਂ ਵੱਧ ਅਤੇ 20 ਕਿਲੋਵਾਟ ਤੱਕ ਦੇ ਲੋਡ ਲਈ 32 ਰੁਪਏ/ਮਹੀਨਾ ਘੱਟ ਚਾਰਜ ਅਦਾ ਕਰਨਗੇ। ਇਸੇ ਤਰ੍ਹਾਂ ਐਨਆਰਐਸ ਖਪਤਕਾਰਾਂ ਲਈ, ਜਦੋਂ ਕਿਸੇ ਵੀ ਖਪਤਕਾਰ ਨੂੰ ਕੋਈ ਵੀ ਵਾਧੂ ਚਾਰਜ ਨਹੀਂ ਦੇਣਾ ਪਵੇਗਾ, 20 ਕਿਲੋਵਾਟ ਤੱਕ ਦੇ ਲੋਡ ਵਾਲੇ ਖਪਤਕਾਰਾਂ ਲਈ 500 ਯੂਨਿਟ ਤੱਕ ਦੀ ਖਪਤ ਲਈ ਵੇਰੀਏਬਲ ਚਾਰਜਾਂ ਵਿੱਚ 2 ਪੈਸੇ/ਯੂਨਿਟ ਦੀ ਛੋਟ ਦਿੱਤੀ ਗਈ ਹੈ। ਇਸੇ ਤਰ੍ਹਾਂ 500 ਯੂਨਿਟਾਂ ਤੱਕ ਦੀ ਖਪਤ ਕਰਨ ਵਾਲੇ ਐਨਆਰਐਸ ਖਪਤਕਾਰਾਂ ਲਈ, ਬਿੱਲ ਚਾਰਜ ਲਗਭਗ 110 ਰੁਪਏ/ਮਹੀਨਾ ਘੱਟ ਹੋਣਗੇ।

ਉਨ੍ਹਾਂ ਦੱਸਿਆ ਕਿ ਘਰੇਲੂ ਖਪਤਕਾਰਾਂ ਦੇ ਨਾਲ ਨਾਲ ਉਦਯੋਗ ਪੱਖੀ ਟੈਰਿਫ ਨੀਤੀ ਅਪਣਾਈ ਗਈ ਹੈ ਅਤੇ ਕਿਸੇ ਕਿਸਮ ਦੇ ਸਰਚਾਰਜ ਵੀ ਨਹੀਂ ਵਧਾਏ ਗਏ।

ਬਿਜਲੀ ਮੰਤਰੀ ਨੇ ਦੱਸਿਆ ਕਿ ਘਰੇਲੂ ਸ਼੍ਰੇਣੀ ਵਿੱਚ ਰਿਹਾਇਸ਼ੀ ਕਲੋਨੀਆਂ/ਬਹੁ-ਮੰਜ਼ਿਲਾ ਰਿਹਾਇਸ਼ੀ ਕੰਪਲੈਕਸਾਂ ਅਤੇ ਸਹਿਕਾਰੀ ਸਮੂਹ ਹਾਊਸਿੰਗ ਸੋਸਾਇਟੀ/ਇੰਪਲਾਇਅਰ ਨੂੰ ਸਿੰਗਲ ਪੁਆਇੰਟ ਸਪਲਾਈ ਲਈ ਘਟਾਏ ਗਏ ਸਥਿਰ ਅਤੇ ਪਰਿਵਰਤਨਸ਼ੀਲ ਖਰਚਿਆਂ (ਮੌਜੂਦਾ 140 ਰੁਪਏ ਕਿਲੋ ਵਾਟ ਪ੍ਰਤੀ ਘੰਟਾ ਦੀ ਥਾਂ ਸਥਿਰ ਖਰਚੇ 130 ਰੁਪਏ ਕਿਲੋ ਵਾਟ ਪ੍ਰਤੀ ਘੰਟਾ ਅਤੇ ਪਰਿਵਰਤਨਸ਼ੀਲ ਖਰਚੇ 6.96 ਰੁਪਏ ਕਿਲੋ ਵਾਟ ਪ੍ਰਤੀ ਘੰਟਾ ਦੀ ਥਾਂ 6.75 ਰੁਪਏ ਕਿਲੋ ਵਾਟ ਪ੍ਰਤੀ ਘੰਟਾ) ਦੇ ਨਾਲ ਇੱਕ ਨਵੀਂ ਸ਼੍ਰੇਣੀ ਪੇਸ਼ ਕੀਤੀ ਗਈ ਹੈ।

ਉਨ੍ਹਾਂ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਬਿਜਲੀ ਖਪਤਕਾਰਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵੱਲੋਂ 600 ਯੂਨਿਟ ਮੁਫ਼ਤ ਬਿਜਲੀ ਯੋਜਨਾ ਵੀ ਜਾਰੀ ਰਹੇਗੀ।

# 'ਪੋਸ਼ਣ ਵੀ ਪੜ੍ਹਾਈ ਵੀ' ਸਕੀਮ ਤਹਿਤ ਆਂਗਣਵਾੜੀ ਵਰਕਰਾਂ ਦੀ ਤਿੰਨ ਰੋਜ਼ਾ ਟ੍ਰੇਨਿੰਗ

ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ/ਡਾ. ਮਲਵਿੰਦਰ ਸਿੰਘ)- ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਜਸਮੀਤ ਕੌਰ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਰਸ਼ਪਾਲ ਕੌਰ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਫ਼ਤਿਹਗੜ੍ਹ ਚੂੜੀਆਂ ਦੀ ਦੇਖ-ਰੇਖ ਹੇਠ ਸਰਕਲ ਅਲੀਵਾਲ ਦੇ ਕੰਮਿਊਨਟੀ ਹਾਲ ਵਿਖੇ 'ਪੋਸ਼ਣ ਵੀ ਪੜ੍ਹਾਈ ਵੀ' ਸਕੀਮ ਤਹਿਤ ਬਲਾਕ ਫ਼ਤਿਹਗੜ੍ਹ ਚੂੜੀਆਂ ਦੀਆਂ ਆਂਗਣਵਾੜੀ ਵਰਕਰਾਂ ਲਈ ਤਿੰਨ ਰੋਜ਼ਾ ਟ੍ਰੇਨਿੰਗ ਲਗਾਈ ਗਈ, ਜਿਸ ਸਬੰਧੀ ਰਸ਼ਪਾਲ ਕੌਰ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਵੱਲੋਂ ਦੱਸਿਆ ਗਿਆ ਕਿ ਰਾਸ਼ਟਰੀ ਸਿੱਖਿਆ ਨੀਤੀ 2020 ਤਹਿਤ ਇਹ ਟੀਚਾ ਨਿਸਚਿਤ ਕੀਤਾ ਗਿਆ ਹੈ ਕਿ ਸਾਲ 2030 ਤੱਕ 0 ਤੋਂ 6 ਸਾਲ ਦੇ ਬੱਚਿਆ ਨੂੰ ਗੁਣਵੱਤਾ ਭਰਪੂਰ ਅਰਲੀ ਚਾਇਲਡਹੁੱਡ ਐਂਡ ਐਜੂਕੇਸ਼ਨ ਪ੍ਰਦਾਨ ਕਰਵਾਈ ਜਾਵੇਗੀ ਅਤੇ ਇਸ ਲਈ ਆਂਗਣਵਾੜੀ ਸੈਂਟਰਾਂ ਨੂੰ ਲਰਨਿੰਗ ਸੈਂਟਰਾਂ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਨੂੰ ਮੁੱਖ ਰੱਖਦੇ ਹੋਏ ਸਕਸ਼ਮ ਆਂਗਣਵਾੜੀ ਸੈਂਟਰ ਅਤੇ ਪੋਸ਼ਣ 2.0 ਸਕੀਮ ਤਹਿਤ ਆਂਗਣਵਾੜੀ ਵਰਕਰਾਂ ਦੇ ਹੁਨਰ ਨਿਖਾਰ ਜਿਵੇਂ ਕਿ ਬੱਚਿਆਂ ਦੀ ਚੰਗੀ ਸਿਹਤ, ਚੰਗਾ ਪੋਸ਼ਣ, ਬੱਚਿਆਂ ਦੀ ਸੁਰੱਖਿਆ, ਗੁਣਵੱਤਾ ਭਰਪੂਰ ਅਰਲੀ ਚਾਇਲਡਹੁੱਡ ਅਤੇ ਐਜੂਕੇਸ਼ਨ, ਸਰਵਪੱਖੀ ਵਿਕਾਸ ਅਤੇ ਦਿਵਿਆਂਗ ਬੱਚਿਆਂ ਦੇ ਵਿਕਾਸ ਤੇ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਸਬੰਧੀ ਟ੍ਰੇਨਿੰਗ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਪ੍ਰੋਗਰਾਮ 2 ਬੈਚ ਵਿੱਚ ਕੀਤਾ ਗਿਆ, ਜਿਸ ਵਿੱਚ ਕੁੱਲ 199 ਆਂਗਣਵਾੜੀ ਵਰਕਰਾਂ ਨੂੰ ਟ੍ਰੇਨਿੰਗ ਪ੍ਰਦਾਨ ਕੀਤੀ ਗਈ। ਟ੍ਰੇਨਿੰਗ ਦੌਰਾਨ ਮੈਡੀਕਲ ਟੀਮ ਦੇ ਮੈਂਬਰ ਡਾ. ਰਵਿੰਦਰ ਸਿੰਘ ਨੇ ਵੀ ਆਂਗਣਵਾੜੀ ਵਰਕਰਾਂ ਨੂੰ ਕੁਪੋਸ਼ਿਤ ਬੱਚਿਆਂ ਅਤੇ ਅਨੀਮੀਆ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਨ੍ਹਾਂ ਵੱਲੋਂ ਆਪਣੇ 0 ਤੋਂ 6 ਸਾਲ ਦੇ ਬੱਚਿਆਂ ਨੂੰ ਆਂਗਣਵਾੜੀ ਸੈਂਟਰ ਵਿੱਚ ਦਾਖ਼ਲ ਕਰਵਾ ਕੇ ਸਕਸ਼ਮ ਆਂਗਣਵਾੜੀ ਸੈਂਟਰ ਅਤੇ ਪੋਸ਼ਣ 2.0 ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਇਸ ਟ੍ਰੇਨਿੰਗ ਵਿੱਚ ਰਜਿੰਦਰ ਸਿੰਘ ਬਲਾਕ ਕੋਆਰਡੀਨੇਟਰ, ਡਾ. ਰਵਿੰਦਰ ਸਿੰਘ ਸੀ.ਐਚ.ਸੀ ਅਲੀਵਾਲ, ਗਗਨਦੀਪ ਕੌਰ ਸੁਪਰਵਾਈਜ਼ਰ, ਕੁਲਜੀਤ ਕੌਰ, ਸੁਪਰਵਾਈਜ਼ਰ, ਮਨਪ੍ਰੀਤ ਕੌਰ ਸੁਪਰਵਾਈਜ਼ਰ ਨੇ ਭਾਗ ਲਿਆ।



## ਪੰਜਾਬ ਸਰਕਾਰ ਨੇ ਫਿਰ ਪੰਜਾਬ ਦੇ ਲੋਕਾਂ ਨੂੰ ਨਿਰਾਸ਼ ਕੀਤਾ: ਸਿੱਕੀ, ਪੱਖੋਕੇ

ਝਬਾਲ (ਹਰਜਿੰਦਰ ਸਿੰਘ ਸੋਨੀ)- ਵਿਧਾਨ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਪਾਰਟੀ ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਤੇ ਕਾਂਗਰਸ ਪਾਰਟੀ ਪੰਜਾਬ ਦੇ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਵਿਧਾਨ ਸਭਾ ਵਿੱਚ ਸਾਲ 2025-26 ਲਈ ਪੇਸ਼ ਕੀਤਾ ਗਿਆ ਬਜਟ ਹੁਣ ਤੱਕ ਦਾ ਸਭ ਤੋਂ ਨਿਕੰਮਾ ਬਜਟ ਸੀ, ਕਿਉਂਕਿ ਇਸ ਬਜਟ 'ਚ ਕਿਤੇ ਵੀ ਲੋਕ ਪੱਖੀ ਗੱਲ ਨਜ਼ਰ ਨਹੀਂ ਆਈ। ਇਸ ਬਜਟ ਵਿੱਚ ਕਿਸਾਨ ਮਜ਼ਦੂਰ, ਦੁਕਾਨਦਾਰ, ਛੋਟਾ ਕਾਰੋਬਾਰੀ, ਮੁਲਾਜ਼ਮ ਹਰ ਵਰਗ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਚਾਰ ਮਹੀਨਿਆਂ ਵਿੱਚ ਨਸ਼ਿਆਂ ਦਾ ਪੂਰੀ ਤਰ੍ਹਾਂ ਸਫਾਇਆ ਕਰ ਦੇਣ ਦਾ ਵਾਅਦਾ ਕਰਨ ਵਾਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਕਿਥੇ ਹਨ। ਸੈਂਕੜੇ ਸਕੂਲ ਹੈਡਮਾਸਟਰਾਂ ਤੇ ਅਧਿਆਪਕਾਂ ਤੋਂ ਸੱਖਣੇ ਹਨ, ਹਸਪਤਾਲਾਂ ਵਿੱਚ ਡਾਕਟਰ ਤੇ ਹੋਰ ਸਟਾਫ ਦੀ ਘਾਟ ਹੈ। ਇਹਨਾਂ ਲੋਕਾਂ ਨੇ ਬੁਨਿਆਦੀ ਢਾਂਚੇ ਦਾ ਹੀ ਧਿਆਨ ਇਸ ਬਜਟ ਵਿੱਚ ਨਹੀਂ ਰੱਖਿਆ। ਹਮੇਸ਼ਾ ਹੀ ਮਾਈਨਿੰਗ ਤੇ ਰੇਤ ਮਾਫੀਆ ਤੋਂ ਕਰੋੜਾਂ ਰੁਪਏ ਦੇ ਘਪਲੇ ਦੀ ਗੱਲ ਕਰਨ ਵਾਲੀ ਸਰਕਾਰ ਅੱਜ ਇਸ ਮਸਲੇ 'ਤੇ ਪੂਰੀ ਤਰ੍ਹਾਂ ਚੁੱਪ ਕਿਉਂ ਹੈ। ਇਸ ਮੌਕੇ ਮਨਜੀਤ ਸਿੰਘ ਨੋਨੇ, ਹਰਦੇਵ ਸਿੰਘ ਰਾਜੇਵਾਲਾ ਖੂਹ, ਅੰਗਰੇਜ਼ ਸਿੰਘ ਕੰਦਰਗਿੱਲ, ਜੋਤੀ ਬਾਗੜੀਆਂ, ਵਿੱਕੀ ਕੰਦਰਗਿੱਲ, ਸੋਨੀ ਸ਼ੇਖ ਫੱਤਾ, ਕਰਤਾਰ ਸਿੰਘ ਕੱਲਾ, ਨੰਬਰਦਾਰ ਕੁਲਦੀਪ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਕੁਵਰਪਾਲ ਸਿੰਘ ਪੱਖੋਕੇ, ਸੁਖਰਾਜ ਸਿੰਘ ਪੱਬੇ ਡੋਗਰਾ, ਮਨਜਿੰਦਰ ਸਿੰਘ ਮੱਲ੍ਹੀ ਆਦਿ ਹਾਜ਼ਰ ਸਨ।

# ਰੁਪਿੰਦਰ ਕੌਰ ਸੰਧੂ ਨੇ ਚਾਰਜ ਸੰਭਾਲਿਆ

ਤਰਨ ਤਾਰਨ( ਪ੍ਰਿਤਪਾਲ ਸਿੰਘ)-ਰੁਪਿੰਦਰ ਕੌਰ ਸੰਧੂ ਨੇ ਅੱਜ ਅਧਿਕਾਰਕ ਤੌਰ 'ਤੇ ਤਰਨ ਤਾਰਨ ਇੰਪਰੂਵਮੈਂਟ ਟਰੱਸਟ ਦੇ ਟਰੱਸਟੀ ਵਜੋਂ ਚਾਰਜ ਸੰਭਾਲ ਲਿਆ। ਉਨ੍ਹਾਂ ਨੂੰ ਸਨਮਾਨਤ ਕਰਨ ਲਈ ਕਈ ਉਚੇ ਹਸਤੀਆਂ ਮੌਜੂਦ ਸਨ। ਇਸ ਮੌਕੇ ਮਨਪ੍ਰੀਤ ਸਿੰਘ, ਇੰਦਰਬੀਰ ਸਿੰਘ ਨਿੱਜਰ, ਅੰਮ੍ਰਿਤਸਰ, ਚੇਅਰਮੈਨ ਦਿਲਬਾਗ ਸਿੰਘ ਪੱਟੀ, ਕੋਮਲਪ੍ਰੀਤ ਸਿੰਘ ਪੀਏ ਐਮ ਐਲ ਏ, ਚੇਅਰਮੈਨ ਇੰਪਰੂਵਮੈਂਟ ਟਰੱਸਟ ਰਾਜਿੰਦਰ ਸਿੰਘ ਉਸਮਾ, ਚੇਅਰਮੈਨ ਬਲਜੀਤ ਸਿੰਘ ਖੇੜਾ, ਚੇਅਰਮੈਨ ਗੁਰਦੇਵ ਸਿੰਘ ਸੰਧੂ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਵਿੰਦਰ ਸਿੰਘ ਬਹਿਰਵਾਲ, ਚੇਅਰਮੈਨ ਕੁਲਦੀਪ ਸਿੰਘ ਰੰਧਾਵਾ ਅਤੇ ਅੰਗਦੀਪ ਔਲਖ ਸ਼ਾਮਲ ਸਨ। ਰੁਪਿੰਦਰ ਕੌਰ ਸੰਧੂ ਨੇ ਕਿਹਾ, "ਮੈਂ ਰਾਸ਼ਟਰੀ ਸੰਯੋਜਕ ਅਰਵਿੰਦ ਕੇਜਰੀਵਾਲ, ਜਨਰਲ ਸੈਕਰੇਟਰੀ (ਸੰਗਠਨ) ਸੰਦੀਪ ਪਾਠਕ, ਪੰਜਾਬ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਪੰਜਾਬ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਆਭਾਰੀ ਹਾਂ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਭਰਪੂਰ ਪ੍ਰਸੰਸਾ ਕਰਦਿਆਂ ਕਿਹਾ,



"ਭਗਵੰਤ ਮਾਨ ਦੀ ਨੇਤ੍ਰਤਾ 'ਚ ਪੰਜਾਬ ਸੱਚਮੁੱਚ 'ਰੰਗਲਾ ਪੰਜਾਬ' ਬਣ ਰਿਹਾ ਹੈ। ਸਰਕਾਰੀ ਸਕੂਲਾਂ ਨੂੰ ਵਿਸ਼ਵ-ਪੱਧਰੀ ਬਣਾਉਣਾ, 'ਆਮ ਆਦਮੀ ਕਲੀਨਿਕ' ਰਾਹੀਂ ਵਧੀਆ ਸਿਹਤ ਸੇਵਾਵਾਂ ਦੇਣਾ, 24 ਘੰਟੇ ਬਿਜਲੀ ਮੁਹੱਈਆ ਕਰਵਾਉਣਾ, ਨੌਜਵਾਨਾਂ ਨੂੰ ਰੋਜ਼ਗਾਰ ਦੇਣਾ ਇਹ ਸਭ ਪੰਜਾਬ ਸਰਕਾਰ ਦੀ ਬੇਮਿਸਾਲ ਉਪਲਬਧੀਆਂ ਹਨ। ਉਨ੍ਹਾਂ ਵਚਨ ਦਿੱਤਾ ਕਿ ਉਹ ਤਰਨ ਤਾਰਨ 'ਚ ਨਗਰ ਵਿਕਾਸ ਅਤੇ ਲੋਕ-ਕਲਿਆਣ ਲਈ ਪੰਜਾਬ ਸਰਕਾਰ ਦੀ ਨੀਤੀ ਮੁਤਾਬਕ ਪੂਰੀ ਨਿਸ਼ਠਾ ਨਾਲ ਕੰਮ ਕਰਨਗੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਜਬਰ ਵਿਰੋਧੀ ਦਿਵਸ 'ਤੇ ਡੀ ਸੀ ਦਫਤਰ ਅੱਗੇ ਵਿਸ਼ਾਲ ਧਰਨਾ

**ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)** - ਮੀਟਿੰਗ ਕਰਨ ਆਏ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ, ਖਨੌਰੀ ਤੇ ਸ਼ੰਭੂ ਬਾਰਡਰ ਉੱਪਰ ਪੁਰਅਮਨ ਧਰਨਾ ਦੇ ਰਹੇ ਕਿਸਾਨ ਮਜ਼ਦੂਰਾਂ ਉੱਪਰ ਬੁਲਡੋਜ਼ਰ ਫੇਰਨ ਤੇ ਵੱਡੀ ਪੱਧਰ 'ਤੇ ਗ੍ਰਿਫਤਾਰੀਆਂ ਕਰਨ, ਚੰਡੀਗੜ੍ਹ 'ਚ ਮੰਗਾਂ ਲਈ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਾ ਦੇਣ ਅਤੇ ਘਰਾਂ ਤੋਂ ਹੀ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕਰਨ ਵਿਰੁੱਧ ਜੋ ਕਿਸਾਨਾਂ ਉੱਪਰ ਜਬਰ ਢਾਹਿਆ ਗਿਆ ਹੈ, ਉਸ ਪ੍ਰਤੀ ਵਿਰੋਧੀ ਦਿਵਸ ਮਨਾਉਣ ਦਾ ਸੰਯੁਕਤ ਕਿਸਾਨ ਮੋਰਚੇ ਵੱਲੋਂ ਅੱਜ ਦੇਸ਼ ਭਰ ਵਿੱਚ ਡੀ ਸੀ ਦਫਤਰਾਂ ਅੱਗੇ ਧਰਨੇ ਦੇਣ ਦਾ ਸੱਦਾ ਦਿੱਤਾ ਗਿਆ ਸੀ। ਜ਼ਿਲ੍ਹਾ ਗੁਰਦਾਸਪੁਰ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਵੱਡੀ ਪੱਧਰ 'ਤੇ ਡੀ ਸੀ ਦਫਤਰ ਇਕੱਤਰ ਹੋ ਕੇ ਡੀ ਸੀ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਤੋਂ ਪਹਿਲਾਂ ਬਹੁਤ ਵੱਡੀ ਗਿਣਤੀ ਵਿੱਚ ਕਿਸਾਨ ਗੁਰੂ ਨਾਨਕ ਪਾਰਕ ਵਿਖੇ ਇਕੱਤਰ ਹੋਏ ਅਤੇ ਅੱਗੋਂ ਡੀ ਸੀ ਦਫਤਰ ਵੱਲ ਮਾਰਚ ਕੀਤਾ ।ਪੁਲਸ ਨੇ ਸਾਰੇ ਗੇਟ ਬੰਦ ਕਰ ਦਿੱਤੇ ਸਨ। ਪ੍ਰੰਤੂ ਬਹੁਤ ਵੱਡਾ ਹਜ਼ੂਮ ਵੇਖ ਕੇ ਉਹਨਾਂ ਨੂੰ ਉਹ ਗੇਟ ਮੌਕੇ 'ਤੇ ਹੀ ਖੋਲ੍ਹਣੇ ਪਏ। ਇਸ ਜਬਰ ਵਿਰੋਧੀ ਦਿਵਸ ਦੀ ਪ੍ਰਧਾਨਗੀ ਸਾਂਝੇ ਤੌਰ 'ਤੇ ਤਰਲੋਕ ਸਿੰਘ ਬਹਿਰਾਮਪੁਰ, ਮੱਖਣ ਸਿੰਘ ਕੁਹਾੜ, ਦਲਬਾਗ ਸਿੰਘ ਡੋਗਰ, ਗੁਲਜ਼ਾਰ ਸਿੰਘ ਸੰਤਕੋਟ, ਨਰਿੰਦਰ ਸਿੰਘ ਰੰਧਾਵਾ, ਰਾਜ ਗੁਰਵਿੰਦਰ ਸਿੰਘ ਲਾਡੀ, ਹਰਜੀਤ ਸਿੰਘ ਕਾਹਲੋਂ, ਅਸ਼ਵਨੀ ਕੁਮਾਰ ਲਖਨ ਕਲਾਂ, ਬਲਵਿੰਦਰ ਸਿੰਘ ਔਲਖ, ਲਖਵਿੰਦਰ ਸਿੰਘ ਮੰਜਿਆਂਵਾਲੀ, ਕਰਨੈਲ ਸਿੰਘ ਸ਼ੇਰਪੁਰ, ਗੁਰਵਿੰਦਰ ਸਿੰਘ ਜੀਵਨ ਚੱਕ, ਪਲਵਿੰਦਰ ਸਿੰਘ ਮਠੋਲਾ, ਝਿਲਮਿਲ ਸਿੰਘ, ਕੁਲਦੀਪ ਸਿੰਘ ਦਾਦੂਜੋਧ, ਗੁਰਪ੍ਰੀਤ ਸਿੰਘ ਛੀਨਾ, ਸਰਵਣ ਸਿੰਘ ਤਲਵੰਡੀ, ਹਰਵਿੰਦਰ ਸਿੰਘ ਖਜਾਲਾ, ਦਿਲਬਾਗ ਸਿੰਘ ਰਤੋਵਾਲ, ਐਸ ਪੀ ਸਿੰਘ ਗੋਸਲ ਆਦਿ ਨੇ ਸਾਂਝੇ ਤੌਰ 'ਤੇ



ਕੀਤਾ। ਇਸ ਮੌਕੇ ਸੁਖਬੀਰ ਸਿੰਘ ਸੁਲਤਾਨੀ, ਸੁਰਿੰਦਰ ਸਿੰਘ ਕੋਠੇ, ਗੁਲਜਾਰ ਸਿੰਘ ਬਸੰਤਕੋਟ, ਨਰਿੰਦਰ ਸਿੰਘ ਰੰਧਾਵਾ, ਅਜੀਤ ਸਿੰਘ ਠੱਕਰਸੰਧੂ, ਸੁਰਜੀਤ ਸਿੰਘ ਘੁਮਾਣ, ਕਸ਼ਮੀਰ ਸਿੰਘ ਤੁਗਲਵਾਲ, ਗੁਰਮੁਖ ਸਿੰਘ ਖਹਿਰਾ, ਮੰਗਤ ਸਿੰਘ ਜੀਵਨ ਚੱਕ, ਗੁਰਪ੍ਰੀਤ ਸਿੰਘ, ਗੁਰਮੀਤ ਸਿੰਘ ਮਗਰਾਲਾ, ਗੁਰਦੀਪ ਸਿੰਘ ਮੁਸਤਫਾਬਾਦ, ਕਸ਼ਮੀਰ ਸਿੰਘ ਸਤਕੋਹਾ, ਰਣਬੀਰ ਸਿੰਘ ਘੁੰਮਣ, ਦਲਬੀਰ ਸਿੰਘ ਡੁੱਗਰੀ, ਸੂਬੇਦਾਰ ਰਛਪਾਲ ਸਿੰਘ, ਜਗੀਰ ਸਿੰਘ ਮੱਤੇਵਾਲ, ਬਲਦੇਵ ਸਿੰਘ ਖਹਿਰਾ, ਜਾਗੀਰ ਸਿੰਘ ਸਲਾਚ, ਬੀਬੀ ਸੁਰਿੰਦਰ ਕੌਰ, ਬਲਵਿੰਦਰ ਕੌਰ ਕਾਲਾ ਅਫਗਾਨਾ ਅਤੇ ਵਰਿੰਦਰ ਕੌਰ ਖੰਨਾ ਚਮਾਰਾ ਨੇ ਵੀ ਸੰਬੋਧਨ ਕੀਤਾ । ਬੁਲਾਰਿਆਂ ਨੇ ਦੋਸ਼ ਲਾਇਆ ਕਿ ਪੰਜਾਬ ਦੀ ਮਾਨ ਸਰਕਾਰ ਵੀ ਭਾਰਤੀ ਜਨਤਾ ਪਾਰਟੀ ਦੀ ਮੋਦੀ ਸਰਕਾਰ ਵਾਲੇ ਨਾਦਰਸ਼ਾਹੀ ਤੇ ਜਬਰ ਕਰਨ ਵਾਲੇ ਫਾਸ਼ੀਵਾਦੀ ਰਾਹ ਤੁਰ ਪਈ ਹੈ । ਪੁਰਅਮਨ ਹੱਕ ਮੰਗਦੇ ਲੋਕਾਂ ਉੱਪਰ ਡਾਂਗਾਂ ਵਰ੍ਹਾਉਣਾ ਤੇ ਉਹਨਾਂ ਨੂੰ ਗ੍ਰਿਫਤਾਰ ਕਰਨਾ, ਪ੍ਰਦਰਸ਼ਨ ਨਾ ਕਰਨ ਦੇਣਾ ਸੰਵਿਧਾਨਕ ਹੱਕਾਂ 'ਤੇ ਵੱਡਾ ਡਾਕਾ ਹੈ। ਦੋਵੇਂ ਸਰਕਾਰਾਂ ਗਰੀਬ ਤੇ ਕਿਸਾਨ ਮਜ਼ਦੂਰ ਵਿਰੋਧੀ ਹਨ। ਕਿਸਾਨਾਂ ਲਈ ਐਮ ਐਸ ਪੀ ਦੇਣ ਦਾ ਕਾਨੂੰਨ ਨਹੀਂ ਬਣਾਇਆ ਜਾ ਰਿਹਾ, ਕਰਜ਼ੇ ਮੁਆਫ ਨਹੀਂ ਕੀਤੇ ਜਾ ਰਹੇ, ਐਕਸਪ੍ਰੈਸ ਵੇਅ ਬਣਾ ਕੇ ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ। ਬੱਚਿਆਂ ਲਈ ਕੋਈ ਨੌਕਰੀ ਨਹੀਂ, ਰੁਜ਼ਗਾਰ ਨਹੀਂ। ਪੰਜਾਬੀਆਂ ਨੂੰ ਨਸ਼ੇੜੀ ਬਣਾਇਆ ਜਾ ਰਿਹਾ। ਆਗੂਆਂ ਬਜਟ ਵਿੱਚ ਕਿਸਾਨਾਂ ਲਈ ਕੁਝ ਵੀ ਨਾ ਰੱਖਣ ਤੇ ਹੋਰ ਕੀਤੇ ਵਾਅਦੇ ਪੂਰੇ ਨਾ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ । ਆਗੂਆਂ ਚਿਤਾਵਨੀ ਦਿੱਤੀ ਕਿ ਅਗਰ ਸਰਕਾਰ ਨੇ ਲੋਕ ਵਿਰੋਧੀ ਨੀਤੀ ਨਾ ਛੱਡੀ, ਕਿਸਾਨਾਂ ਮਜ਼ਦੂਰਾਂ ਦੇ ਮਸਲੇ ਹੱਲ ਨਾ ਕੀਤੇ ਤਾਂ ਆਉਣ ਵਾਲੇ ਸਮੇਂ ਵਿੱਚ ਦੇਸ਼ ਦੀਆਂ ਸਾਰੀਆਂ ਕਿਸਾਨ ਮਜ਼ਦੂਰ ਮੁਲਾਜ਼ਮ ਨੌਜਵਾਨ ਵਿਦਿਆਰਥੀ ਲੇਖਕ ਤੇ ਹੋਰ ਸੰਘਰਸ਼ਸ਼ੀਲ ਜਥੇਬੰਦੀਆਂ ਇੱਕਮੁੱਠ ਹੋ ਕੇ ਲੰਬਾ ਸੰਘਰਸ਼ ਲੜਨਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਜਰ ਸਿੰਘ ਰੋੜਾਂਵਾਲੀ, ਹਰਜੀਤ ਸਿੰਘ ਪਨਵਾ, ਜਗਤਾਰ ਸਿੰਘ ਖੁੰਡਾ ਅਜੀਤ ਸਿੰਘ, ਤਰਲੋਕ ਸਿੰਘ ਬਹਿਰਾਮਪੁਰ, ਕਸ਼ਮੀਰ ਸਿੰਘ ਤੁਗਲਵਾਲ, ਜਗੀਰ ਸਿੰਘ ਹਕੀਮਪੁਰ ਦਲਬੀਰ ਸਿੰਘ ਜੀਵਨ ਚੱਕ ਆਦਿ ਬਹੁਤ ਸਾਰੇ ਆਗੂ ਹਾਜ਼ਰ ਸਨ। ਐਸ ਕੇ ਆਮ ਗੈਰ ਰਾਜਨੀਤਿਕ ਅਤੇ ਡੱਲੇਵਾਲ ਜਥੇਬੰਦੀਆਂ ਦੇ ਕਿਸਾਨ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।


## OFFICE OF CIVIL JUDGE SENIOR DIVISION, TARN TARAN

## AUCTION NOTICE

It is brought to the notice of the General Public that the open auction of following contract regarding lease of Cycle/Scooter/Car Parking, Canteen and three Shops in Judicial Court Complex, Tarn Taran, for the year 2025-2026 (w.e.f 01.05.2025 to 31.03.2026), will be held on 15.04.2025 at 2.30 PM in Judicial Court Complex, Tarn Taran, on following terms and conditions. Tenders/Applications along-with security amount of Rs. 20,000/- (refundable) will be received in this office till 11.04.2025 upto 5:00 pm.

The successful bidder/lessee will deposit 25 % of lease money at the time of auction. The balance 75% of lease amount shall be deposited within one month of the commencement of lease period. In case of non-deposit of lease money within the prescribed time, deposit of 25% of lease money shall be forfeited and contract will be put to auction for remaining period. The first lease shall be liable to pay difference, if any between the lease money, if the subsequent lease is for lesser amount.

Detailed information in this regard can be obtained from the Civil Nazir/COC of this office, on any working day from 9:30 am to 5:00 pm. The information/terms & conditions can also be obtained from Civil Nazir on his contact No 96460-10109 and also from website of this Session Division http://district.ecourts.gov.in/india/punjab/tarn-taran/tender.The particulars of the auction are as under:

| Sr no | Place of Auction | Nature of work | Date and time of auction | Reserve Price |
|---|---|---|---|---|
| 1 | Judicial Court Complex, Taran Taran | Cycle/Scooter/Car Parking | At 2:30 PM on 15.04.2025 | Rs. 5,61,000/- |
| 2 | Judicial Court Complex, Taran Taran | Canteen | At 3:00 PM on 15.04.2025 | Rs. 4,01,500/- |
| 3 | Judicial Court Complex, Taran Taran | Two Shops: 1. Petition Writer/Stamp Vendor/Typists 2. Photostat/ Computer Services | At 3:30 PM on 16.04.2025 | Rs. 71,500/- |

Civil Judge (Senior Division)
Tarn Taran.

# ਅਸ਼ਮਿਤਾ ਜੂਨੀਅਰ ਤੇ ਸਬ-ਜੂਨੀਅਰ ਲੜਕੀਆਂ ਹਾਕੀ ਲੀਗ ਸੰਪੰਨ

**ਜਲੰਧਰ (ਸ਼ੈਲੀ ਐਲਬਰਟ)** ਭਾਰਤ ਸਰਕਾਰ ਦੇ ਖੇਡ ਮੰਤਰਾਲੇ, ਸਪੋਰਟਸ ਅਥਾਰਿਟੀ ਆਫ ਇੰਡੀਆ ਅਤੇ ਹਾਕੀ ਇੰਡੀਆ ਵਲੋਂ ਹਾਕੀ ਪੰਜਾਬ ਦੇ ਸਹਿਯੋਗ ਨਾਲ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਕਰਵਾਈ ਗਈ ਅਸ਼ਮਿਤਾ ਹਾਕੀ ਲੀਗ ਜੂਨੀਅਰ ਅਤੇ ਸਬ ਜੂਨੀਅਰ ਲੜਕੀਆਂ ਸੰਪੰਨ ਹੋਈ। ਜੂਨੀਅਰ ਵਰਗ ਵਿੱਚ ਬਠਿੰਡਾ ਨੇ ਖਿਤਾਬ ਜਿੱਤਿਆ । ਜਦਕਿ ਸਬ ਜੂਨੀਅਰ ਵਰਗ ਵਿੱਚ ਮੋਹਾਲੀ ਨੇ ਖਿਤਾਬ 'ਤੇ ਕਬਜ਼ਾ ਕੀਤਾ । ਜੇਤੂ ਟੀਮਾਂ ਨੂੰ ਦੋ ਦ-ਦੋ ਲੱਖ ਰੁਪਏ ਅਤੇ ਜੇਤੂ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ ਜਦਕਿ ਦੂਜੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਨੂੰ 1.60 ਲੱਖ-1.60 ਲੱਖ ਰੁਪਏ ਅਤੇ ਉਪ ਜੇਤੂ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਤੀਜੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਨੂੰ 1-20 ਲੱਖ-1.20 ਲੱਖ ਰੁਪਏ ਅਤੇ ਤੀਸਰੇ ਸਥਾਨ ਵਾਲੀ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ, ਉਲੰਪੀਅਨ ਬਲਜੀਤ ਸਿੰਘ ਢਿਲੋਂ, ਅਮਰੀਕ ਸਿੰਘ ਪੁਆਰ ਜਨਰਲ ਸਕੱਤਰ ਹਾਕੀ ਪੰਜਾਬ, ਉਲੰਪੀਅਨ ਸੰਜੀਵ ਕੁਮਾਰ ਅਤੇ ਸਪੋਰਟਸ ਅਥਾਰਿਟੀ ਆਫ ਇੰਡੀਆ ਦੇ ਚੋਣਕਰਤਾ ਮੁਕੇਸ਼ ਕੁਮਾਰ ਨੇ ਤਕਸੀਮ ਕੀਤੇ।ਜੂਨੀਅਰ ਵਰਗ ਦਾ ਫਾਇਨਲ ਮੁਕਾਬਲਾ ਰੋਮਾਂਚਕ ਰਿਹਾ। ਬਠਿੰਡਾ ਨੇ ਜਲੰਧਰ ਨੂੰ ਸਡਨ ਡੈਥ ਰਾਹੀਂ 4-3 ਨਾਲ ਹਰਾ ਕੇ ਖਿਤਾਬ ਜਿੱਤਿਆ।ਨਿਰਧਾਰਤ ਸਮੇਂ ਦੀ ਸਮਾਪਤੀ ਤੱਕ ਦੋਵੇਂ ਟੀਮਾਂ 2-2 ਨਾਲ ਬਰਾਬਰ ਸਨ। ਸਭ ਜੂਨੀਅਰ ਵਰਗ ਵਿੱਚ ਮੋਹਾਲੀ ਨੇ ਬਠਿੰਡਾ ਨੂੰ 4-2 ਨਾਲ ਹਾਰ ਕੇ ਖਿਤਾਬ ਜਿੱਤਿਆ। ਜੂਨੀਅਰ ਵਰਗ ਵਿੱਚ ਤੀਜੇ ਸਥਾਨ 'ਤੇ ਮੋਹਾਲੀ ਰਹੀ ਜਿਸ ਨੇ ਮੁਕਤਸਰ ਨੂੰ 2-1 ਦੇ ਫਰਕ ਨਾਲ ਹਰਾਇਆ ਜਦਕਿ ਸਬ ਜੂਨੀਅਰ ਵਰਗ ਵਿੱਚ ਮੁਕਤਸਰ ਨੇ ਅੰਮ੍ਰਿਤਸਰ ਨੂੰ 2-1 ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ । ਮੈਚਾਂ ਦੇ ਮੌਕੇ ਹਾਕੀ ਪੰਜਾਬ ਦੇ ਐਗਜੀਕਿਊਟਿਵ ਮੈਂਬਰ ਗੁਰਮੀਤ ਸਿੰਘ, ਕੁਲਬੀਰ ਸਿੰਘ, ਪਰਮਿੰਦਰ ਕੌਰ, ਰਾਜਵੰਤ ਸਿੰਘ, ਰਿਪੁਦਮਨ ਕੁਮਾਰ ਸਿੰਘ, ਜੀ ਐਸ ਸੰਘਾ, ਰਾਮ ਸਰਨ, ਐਚ ਐਸ ਸੰਘਾ, ਵਰਿੰਦਰਪ੍ਰੀਤ ਸਿੰਘ ਰਾਏ, ਜਗਜੀਤ ਸਿੰਘ ਸਿੱਧੂ, ਦਵਿੰਦਰਪਾਲ ਸਿੰਘ, ਹਰਭੁਪਿੰਦਰ ਸਿੰਘ ਸਮਰਾ, ਕੁਲਦੀਪ ਸਿੰਘ, ਰਵਿੰਦਰ ਸਿੰਘ ਲਾਲੀ, ਯੁਧਵਿੰਦਰ ਸਿੰਘ, ਧਰਮਪਾਲ ਸਿੰਘ, ਮਹਾਬੀਰ ਸਿੰਘ, ਸਰਬਤੇਜ ਸਿੰਘ, ਸੁਰਿੰਦਰ ਸਿੰਘ, ਦਲਜੀਤ ਸਿੰਘ ਆਈਆਰਐਸ, ਸਪੋਰਟਸ ਅਥਾਰਿਟੀ ਆਫ ਇੰਡੀਆ ਦੇ ਆਬਜ਼ਰਵਰ ਨਵਦੀਪ ਬੰਗੜ ਅਤੇ ਰਾਜੇਸ਼ ਕੁਮਾਰ, ਅਵਤਾਰ ਸਿੰਘ ਪਿੰਕਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।




# ਕੱਪੜੇ ਦੇ ਸ਼ੋਅ ਰੂਮ ਨੂੰ ਲੱਗੀ ਭਿਆਨਕ ਅੱਗ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਇਥੇ ਰੈਡੀਮੇਡ ਕੱਪੜੇ ਦੇ ਨਾਮੀ ਸ਼ੋਅਰੂਮ ਨੂੰ ਅਚਾਨਕ ਭਿਆਨਕ ਅੱਗ ਲੱਗ ਗਈ। ਜਿਸ ਦੇ ਚਲਦਿਆਂ ਲੱਖਾਂ ਦਾ ਸਮਾਨ ਸੜ ਕੇ ਸਵਾਹ ਹੋ ਗਿਆ ਹੈ। ਇਸ ਤਿੰਨ ਮੰਜ਼ਿਲਾ ਸ਼ੋਰੂਮ 'ਚ ਲੱਗੀ ਅੱਗ ਨੂੰ ਬੁਝਾਉਣ ਲਈ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪੁੱਜੀਆਂ 'ਤੇ ਬੜੀ ਮੁਸ਼ੱਕਤ ਨਾਲ ਅੱਗ 'ਤੇ ਕਾਬੂ ਪਾਇਆ। ਜਾਣਕਾਰੀ ਦੇ ਮੁਤਾਬਕ ਸਵੇਰੇ ਕਰੀਬ 6:15 ਵਜੇ ਜਦੋਂ ਕੁਝ ਸ਼ਹਿਰ ਵਾਸੀ ਇਸ ਦੁਕਾਨ ਦੇ ਮੂਹਰਿਓਂ ਗੁਜ਼ਰ ਰਹੇ ਸਨ ਤਾਂ ਉਹਨਾਂ ਦੇਖਿਆ ਕਿ ਦੁਕਾਨ ਵਿੱਚੋਂ ਧੂੰਆਂ ਨਿਕਲ ਰਿਹਾ ਹੈ। ਜਿਸ ਦੀ ਜਾਣਕਾਰੀ ਉਹਨਾਂ ਵੱਲੋਂ ਤੁਰੰਤ ਫਾਇਰ ਬ੍ਰਿਗੇਡ ਅਤੇ ਦੁਕਾਨ ਮਾਲਕ ਨੂੰ ਦਿੱਤੀ ਗਈ। ਫਾਇਰ ਬ੍ਰਿਗੇਡ ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਵਿੱਚ ਜੁੱਟ ਗਈਆਂ।ਦੁਕਾਨ ਮਾਲਕ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਉਸ ਦਾ ਭਤੀਜਾ ਦਿਲੀ ਤੋਂ ਮਾਲ ਲੈਣ ਲਈ ਬੀਤੀ ਰਾਤ ਹੀ ਗਿਆ ਸੀ। ਪਿੱਛੋਂ ਇਹ ਮੰਦਭਾਗੀ ਘਟਨਾ ਵਾਪਰ ਗਈ ਦੁਕਾਨ ਦਾ ਸਾਰਾ ਸਮਾਨ ਸੜ ਕੇ ਸਵਾਹ ਹੋ ਚੁੱਕਾ ਹੈ। ਜੋ ਵੀ ਕੱਪੜਾ, ਕਾਗਜ਼ਾਤ, ਨਗਦੀ ਸਮੇਤ ਸਾਰੇ ਉਪਕਰਣ ਸੜ ਚੁੱਕੇ ਹਨ। ਦੁਕਾਨਦਾਰ ਟੋਟਲ ਲੋਸ ਹੋ ਚੁੱਕਾ ਹੈ। ਪੂਰੇ ਨੁਕਸਾਨ ਦਾ ਮੁਲਾਂਕਣ ਉਸ ਦੇ ਭਤੀਜੇ ਦੇ ਵਾਪਸ ਪਰਤਨ ਤੋਂ ਹੀ ਹੋ ਸਕੇਗਾ।



# ਸੰਤ ਹੀਰਾ ਦਾਸ ਕੰਨਿਆ ਮਹਾਂਵਿਦਿਆਲਾ ਵਿਖੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ




**ਕਾਲਾ ਸੰਘਿਆਂ (ਮਨਜੀਤ ਮਾਨ)**— ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਕਾਲਾ ਸੰਘਿਆਂ ਵਿਖੇ ਐਨ.ਐਸ.ਐਸ ਵਿਭਾਗ, ਇਕੋ ਕਲੱਬ ਅਤੇ ਰੈਡ ਰੀਬਨ ਕਲੱਬ ਵੱਲੋਂ ਕਾਰਜਕਾਰੀ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਦੀ ਅਗਵਾਈ ਹੇਠ ਇੰਚਾਰਜ ਡਾ. ਕੁਲਵਿੰਦਰ ਕੌਰ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੁਆਰਾ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਤੇ ਨਸ਼ਿਆਂ ਵਿਰੁੱਧ ਰੈਲੀ ਕੱਢ ਕੇ ਜਾਗਰੂਕ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਏਡਜ਼ ਇਕ ਭਿਆਨਕ ਬਿਮਾਰੀ ਅਤੇ ਟੀ. ਬੀ ਵਰਗੀਆਂ ਬਿਮਾਰੀਆਂ ਪੋਸਟਰ ਬਣਾਏ।ਇਸ ਮੌਕੇ 'ਤੇ ਪ੍ਰਿੰਸੀਪਲ ਬਲਜਿੰਦਰ ਕੌਰ ਸਚਦੇਵਾ ਨੇ ਵਿਦਿਆਰਥੀਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਹੋਇਆਂ ਕਿਹਾ ਕਿ ਨਸ਼ੇ ਸਾਡੇ ਨੌਜਵਾਨਾਂ ਨੂੰ ਨਾਸ਼ ਕਰ ਰਹੇ ਹਨ। ਇਸ ਲਈ ਅਜਿਹੇ ਕੰਪੀਟੀਸ਼ਨ ਹੀ ਇਨ੍ਹਾਂ ਵਿਚ ਜਾਗਰੂਕਤਾ ਲਿਆਉਣ ਲਈ ਲਾਹੇਵੰਦ ਹਨ। ਇਸ ਮੌਕੇ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੀਤਲ ਸਿੰਘ ਸੰਘਾ ਨੇ ਕਿਹਾ ਕਿ ਨੌਜਵਾਨਾਂ ਦੇ ਜੀਵਨ ਨੂੰ ਨਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਅਜਿਹੇ ਮੁਕਾਬਲੇ ਜ਼ਰੂਰੀ ਹਨ ਜਿਹੜੇ ਉਨ੍ਹਾਂ ਦੇ ਜੀਵਨ ਨੂੰ ਸੇਧ ਦੇਣ। ਐਨ.ਐਸ.ਐਸ, ਇਕੋ ਕਲੱਬ ਅਤੇ ਰੈਡ ਰਿਬਨ ਕਲੱਬ ਇੰਚਾਰਜ ਮੈਡਮ ਡਾ. ਕੁਲਵਿੰਦਰ ਕੌਰ ਨੇ ਕਿਹਾ ਕਿ ਨਸ਼ਾ ਪ੍ਰਵਿਰਤੀ ਕੇਵਲ ਨੌਜਵਾਨਾਂ ਦਾ ਜੀਵਨ ਹੀ ਨਸ਼ਟ ਨਹੀਂ ਕਰਦੀ ਸਗੋਂ ਸਮੁੱਚਾ ਪ੍ਰਵਾਰ ਵੀ ਇਸ ਦੇ ਲਪੇਟ 'ਚ ਆਉਂਦਾ ਹੈ। ਇਸ ਤਰ੍ਹਾਂ ਨੌਜਵਾਨਾਂ ਨੂੰ ਜਾਗਰੂਕ ਕਰਨ ਲਈ ਪੋਸਟਰ ਮੇਕਿੰਗ ਤੇ ਰੈਲੀਆਂ ਜਾਗਰੂਕਤਾ ਪੈਦਾ ਕਰਦੀਆਂ ਹਨ। ਪੋਸਟਰ ਮੇਕਿੰਗ ਕਰਨ ਵਾਲੇ ਵਿਦਿਆਰਥੀਆਂ ਵਿਚੋਂ ਪਹਿਲੇ , ਦੂਸਰੇ ਤੇ ਤੀਸਰੇ ਸਥਾਨ 'ਤੇ ਰਹਿਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।

## ਵਰ੍ਹੇਗੰਢ ਮੁਬਾਰਕ



ਅੰਮ੍ਰਿਤਪਾਲ ਸਿੰਘ ਤੇ ਨਵਜੋਤ ਕੌਰ ਵਾਸੀ ਬਿਲਾਸਪੁਰ ਨੇ ਵਿਆਹ ਦੀ 9ਵੀਂ ਵਰ੍ਹੇਗੰਢ ਮਨਾਈ।



ਮਹਿੰਦਰ ਸਿੰਘ ਬਢਲਾਡਾ ਅਤੇ ਮਹਿੰਦਰ ਕੌਰ ਨੇ ਆਪਣੇ ਵਿਆਹ ਦੀ ਗੋਲਡਨ ਜੁਬਲੀ ਮਨਾਈ।

# ਸੰਤ ਬਾਬਾ ਭਾਗ ਸਿੰਘ 'ਵਰਸਿਟੀ ਖਿਆਲਾ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ



**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਜੀ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ , ਹਰਦਮਨ ਸਿੰਘ ਮਿਨਹਾਸ (ਸਕੱਤਰ), ਡਾ. ਵਿਕਾਸ ਸ਼ਰਮਾ (ਰਜਿਸਟਰਾਰ), ਡਾ. ਵਿਜੈ ਧੀਰ( ਡੀਨ ਅਕਾਦਮਿਕਸ), ਰੂਪ ਸਿੰਘ (ਡਿਪਟੀ ਰਜਿਸਟਰਾਰ) ਦੇ ਦਿਸ਼ਾ ਨਿਰਦੇਸ਼ ਤਹਿਤ ਹਿਊਮੈਨੀਟੀਜ਼ ਵਿਭਾਗ ਦੇ ਵਿਦਿਆਰਥੀਆਂ ਦੇ ਵਿੱਦਿਅਕ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਵਿੱਦਿਅਕ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਵਿੱਦਿਅਕ ਯਾਤਰਾ ਦੌਰਾਨ ਵਿਦਿਆਰਥੀਆਂ ਨੇ ਮਹੱਤਵਪੂਰਨ ਇਤਿਹਾਸਕ, ਧਾਰਮਿਕ ਸਥਾਨ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਦੇ ਦਰਸ਼ਨ ਕੀਤੇ। ਇਸ ਯਾਤਰਾ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਇਤਿਹਾਸਕ ਥਾਵਾਂ ਬਾਰੇ ਸਮਝ ਵਧਾਉਣਾ ਸੀ।ਇਸ ਯਾਤਰਾ ਨਾਲ ਵਿਦਿਆਰਥੀਆਂ ਨੂੰ ਵਿਅਕਤੀਗਤ ਅਨੁਭਵਾਂ ਰਾਹੀਂ ਨਵੇਂ ਵਿਸ਼ਿਆਂ ਬਾਰੇ ਜਾਣਨ ਦਾ ਮੌਕਾ ਮਿਲਿਆ।ਇਤਿਹਾਸ ਵਿਭਾਗ ਦੇ ਸਹਾਇਕ ਪ੍ਰੋ. ਡਾ. ਹਰਦੇਵ ਕੌਰ, ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋ. ਡਾ. ਅਨੀਤਾ ਰਾਣੀ, ਡਾ. ਸੁਰਿੰਦਰ ਕੁਮਾਰ, ਅੰਗਰੇਜੀ ਵਿਭਾਗ ਦੇ ਸਹਾਇਕ ਪ੍ਰੋ. ਬਲਜਿੰਦਰ ਸਿੰਘ ਦੀ ਨਿਗਰਾਨੀ ਵਿਚ ਟੂਰ ਲਿਜਾਇਆ ਗਿਆ।

# ਸੀ ਟੀ ਗਰੁੱਪ ਵੱਲੋਂ ਰੰਗਮੰਚ 4.0- ਇੰਟਰਕਾਲਜ ਫੈਸਟੀਵਲ



**ਜਲੰਧਰ (ਸ਼ੈਲੀ ਐਲਬਰਟ)** ਸੀ.ਟੀ. ਗਰੁੱਪ ਆਫ਼ ਇੰਸਟੀਚਿਊਸ਼ਨਜ਼, ਸ਼ਾਹਪੁਰ ਕੈਂਪਸ ਵੱਲੋਂ ਰੰਗ ਮੰਚ 4.0 - ਇੰਟਰ-ਕਾਲਜ ਫੈਸਟੀਵਲ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਆਪਣੀ ਰਚਨਾਤਮਕਤਾ, ਨਵੀਨਤਾ ਅਤੇ ਤਕਨੀਕੀ ਹੁਨਰ ਪ੍ਰਦਰਸ਼ਿਤ ਕਰਨ ਦਾ ਮੌਕਾ ਮਿਲਿਆ । ਇਸ ਗ੍ਰੈਂਡ ਇਵੈਂਟ ਵਿੱਚ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਕਪੂਰਥਲਾ ਦੇ 51 ਕਾਲਜਾਂ ਦੇ 1,650 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਇਹਨਾਂ ਵਿੱਚ ਪਿਰਾਮਿਡ ਕਾਲਜ, ਕੇ.ਐਮ.ਵੀ. ਕਾਲਜ, ਐੱਚ.ਐਮ.ਵੀ. ਕਾਲਜ, ਜੀ.ਐੱਨ.ਏ ਯੂਨੀਵਰਸਿਟੀ, ਲਾਇਲਪੁਰ ਖ਼ਾਲਸਾ ਕਾਲਜ, ਟ੍ਰਿਨਿਟੀ ਕਾਲਜ, ਮੇਹਰਚੰਦ ਪੋਲੀਟੈਕਨਿਕ, ਐੱਮ.ਜੀ.ਐੱਨ. ਕਾਲਜ ਅਤੇ ਏ.ਪੀ.ਜੇ. ਕਾਲਜ (ਰਾਮਾ ਮੰਡੀ ਅਤੇ ਆਦਰਸ਼ ਨਗਰ) ਵਰਗੇ ਪ੍ਰਸਿੱਧ ਸੰਸਥਾਵਾਂ ਸ਼ਾਮਲ ਸਨ । ਇਸ ਮੌਕੇ 50 ਫੈਕਲਟੀ ਮੈਂਬਰਾਂ ਅਤੇ 10 ਪ੍ਰਿੰਸੀਪਲਾਂ ਨੇ ਵੀ ਸ਼ਿਰਕਤ ਕੀਤੀ, ਜਿਸ ਨਾਲ ਇੱਕ ਜੋਸ਼ੀਲਾ ਅਤੇ ਮੁਕਾਬਲੇਬਾਜ਼ ਮਾਹੌਲ ਬਣਿਆ। ਫੈਸਟੀਵਲ ਵਿੱਚ ਵੱਖ-ਵੱਖ ਮੁਕਾਬਲੇ ਹੋਏ, ਜਿਨ੍ਹਾਂ ਵਿੱਚ ਏ.ਆਈ.-ਅਧਾਰਿਤ ਪ੍ਰੋਜੈਕਟ ਡਿਸਪਲੇ, ਲੈਨ ਗੇਮਿੰਗ, ਬੈਸਟ ਆਊਟ ਆਫ਼ ਵੇਸਟ, ਖਜ਼ਾਨਾ ਖੋਜ, ਬਿਜ਼ਨਸ ਪਲਾਨ, ਐਡ-ਮੈਡ ਸ਼ੋ, ਸਮਾਰੋਹ 2025, ਰੰਗੋਲੀ, ਮਹਿੰਦੀ, ਪੋਸਟਰ ਮੇਕਿੰਗ, ਪੇਂਟਿੰਗ, ਮਾਸਟਰਮਾਈਂਡ, ਕਵਿਜ਼, ਟੀਚਿੰਗ ਏਡ, ਆਰਕ ਫੈਸਟ/ਫੁੱਲ ਸ਼ੋ, ਮਾਡਲ ਮੇਕਿੰਗ, ਕੋਲਾਜ ਮੇਕਿੰਗ, ਹੈਲਥ ਪਲੈਨਿਟ, ਫਾਰਮੇਸੀ ਮਿਊਜ਼ੀਅਮ, ਰੰਗ-ਏ-ਟੂਰਿਜ਼ਮ, ਫੈਸ਼ਨ ਸ਼ੋ ਅਤੇ ਗਰੁੱਪ ਡਾਂਸ ਸ਼ਾਮਲ ਸਨ । ਮੁਕਾਬਲਿਆਂ ਦੇ ਜੇਤੂਆਂ ਨੂੰ ਰੋਮਾਂਚਕ ਨਕਦ ਇਨਾਮ ਦਿੱਤੇ ਗਏ, ਜਿਸ ਵਿੱਚ ਵਿਅਕਤੀਗਤ ਮੁਕਾਬਲਿਆਂ ਦੇ ਜੇਤੂਆਂ ਨੂੰ 3,100, 2,100, 1,500, 1,100 ਅਤੇ 1,000 ਮਿਲੇ। ਓਵਰਆਲ ਚੈਂਪੀਅਨਸ਼ਿਪ ਟ੍ਰਾਫੀ ਪਿਰਾਮਿਡ ਕਾਲਜ ਨੇ ਜਿੱਤੀ, ਜਦਕਿ ਕੇ.ਐਮ.ਵੀ. ਜਲੰਧਰ ਨੇ ਰਨਰ-ਅੱਪ ਦਾ ਖਿਤਾਬ ਹਾਸਲ ਕੀਤਾ। ਜੇਤੂ ਸੰਸਥਾ ਨੂੰ 21,000 ਅਤੇ ਰਨਰ-ਅੱਪ ਨੂੰ 11,000 ਦਾ ਇਨਾਮ ਦਿੱਤਾ ਗਿਆ । ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸ਼੍ਰੀ ਬੁੱਧੀ ਰਾਜ ਸਿੰਘ, ਐਡੀਸ਼ਨਲ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ), ਜਲੰਧਰ ਨੇ ਪ੍ਰਤੀਭਾਗੀਆਂ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਨੌਜਵਾਨ ਦਿਮਾਗਾਂ ਨੂੰ ਇਸ ਤਰ੍ਹਾਂ ਦੇ ਸ਼ਾਨਦਾਰ ਨਵੀਨਤਮ ਵਿਚਾਰਾਂ ਵਿੱਚ ਆਪਣੀ ਰਚਨਾਤਮਕਤਾ ਅਤੇ ਬੁੱਧੀਮੱਤਾ ਦੀ ਵਰਤੋਂ ਕਰਦੇ ਵੇਖਣਾ ਸੱਚਮੁੱਚ ਪ੍ਰੇਰਣਾਦਾਇਕ ਹੈ । ਇਸ ਮੌਕੇ ਸੀ.ਟੀ. ਗਰੁੱਪ ਦੇ ਮਾਣਯੋਗ ਹਸਤੀਆਂ ਨੇ ਵੀ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਸੀ.ਟੀ. ਗਰੁੱਪ ਦੇ ਚੇਅਰਮੈਨ ਸ. ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਵਾਇਸ ਚੇਅਰਮੈਨ ਹਰਪ੍ਰੀਤ ਸਿੰਘ, ਐਕਜ਼ੀਕਿਊਟਿਵ ਡਾਇਰੈਕਟਰ ਡਾ. ਨਿਤਿਨ ਟੰਡਨ, ਡਾਇਰੈਕਟਰ ਡਾ. ਸੰਗਰਾਮ ਸਿੰਘ ਅਤੇ ਡਾਇਰੈਕਟਰ ਡਾ. ਵਨੀਤ ਕੁਮਾਰ ਠਾਕੁਰ ।

# ਹੈਰੋਇਨ ਸਮੇਤ ਕਾਬੂ



**ਬਲਾਚੌਰ (ਜਸਵਿੰਦਰ ਬੈਂਸ)**— ਸਬ ਇੰਸਪੈਕਟਰ ਸਤਨਾਮ ਸਿੰਘ ਮੁੱਖ ਅਫਸਰ ਥਾਣਾ ਸਿਟੀ ਬਲਾਚੌਰ ਅਤੇ ਏਸ ਆਈ ਭੂਸ਼ਣ ਲਾਲ ਦੀ ਟੀਮ ਵੱਲੋਂ ਵਿਕਾਸ ਕੌਸ਼ਲ ਉਰਫ ਮਨੀਸ਼ ਪੁੱਤਰ ਅਸ਼ੋਕ ਕੁਮਾਰ ਵਾਸੀ ਵਾਰਡ ਨੰਬਰ 12 ਬਲਚੌਰ ਨੂੰ 6 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ। ਕਥਿਤ ਦੋਸ਼ੀ ਦੇ ਖਿਲਾਫ ਥਾਣਾ ਸਿਟੀ ਬਲਾਚੌਰ ਵਿਖੇ ਮੁਕੱਦਮਾ ਨੰਬਰ 45 ਮਿਤੀ 27 - 3 - 25 ਅ/ਧ 21 ਐਨ ਡੀ ਪੀ ਐਸ ਐਕਟ ਦੇ ਤਹਿਤ ਦਰਜ ਕੀਤਾ ਗਿਆ ਹੈ।

# ਕਿਸਾਨ ਜਥੇਬੰਦੀਆਂ ਵਲੋਂ ਡੀ ਸੀ ਦਫਤਰ ਤੱਕ ਮੁਜ਼ਾਹਰਾ



**ਬੰਗਾ, ਨਵਾਂ ਸ਼ਹਿਰ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)** —ਮੁੱਖ ਮੰਤਰੀ ਪੰਜਾਬ ਵਲੋਂ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਧਰਨਾ ਦੇ ਰਹੇ ਕਿਸਾਨਾਂ ਤੋਂ ਉਨ੍ਹਾਂ ਦੇ ਹੱਕ ਖੋਹਣ ਅਤੇ ਧਰਨੇ ਵਿੱਚ ਵਰਤੇ ਸਾਮਾਨ ਜਿਵੇਂ ਟਰੈਕਟਰ ਟਰਾਲੀਆਂ ਬਿਸਤਰੇ ਤੇ ਹੋਰ ਵਰਤੋਂ ਦੀਆਂ ਚੀਜ਼ਾਂ ਨੂੰ ਖੁਰਦ ਬੁਰਦ ਕਰਨ ਨੂੰ ਲੈ ਕੇ ਡੀ ਸੀ ਦਫਤਰ ਨਵਾਂਸ਼ਹਿਰ ਵਿਖੇ ਕਿਸਾਨ ਜਥੇਬੰਦੀਆਂ ਵਲੋਂ ਮੁਜ਼ਾਹਰਾ ਕੀਤਾ ਗਿਆ। ਜਿਸ ਵਿਚ ਕੁਲ ਹਿੰਦ ਕਿਸਾਨ ਸਭਾ ,ਕੁਲ ਹਿੰਦ ਕਿਸਾਨ ਸਭਾ 1936 ਅਤੇ ਸੀਟੂ ਵਲੋਂ ਪਹਿਲਾਂ ਘੱਕੇਵਾਲ ਭਵਨ ਨਵਾਂਸ਼ਹਿਰ ਵਿਖੇ ਨਰੰਜਣ ਦਾਸ ਮੇਹਲੀ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਜਿਸ ਨੂੰ ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਸਾਥੀ ਚਰਨਜੀਤ ਸਿੰਘ ਦੌਲਤਪੁਰ,ਕੁਲ ਹਿੰਦ ਕਿਸਾਨ ਸਭਾ 1936 ਦੇ ਜਸਵਿੰਦਰ ਰਾਹੋਂ ਗੁਰਮੁਖ ਸਿੰਘ ਫਰਾਲਾ, ਸੀਟੂ ਆਗੂ ਸਾਥੀ ਸੁਖਦੇਵ ਸਿੰਘ ਗਰਚਾ, ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਸਾਥੀ ਕੁਲਦੀਪ ਝਿੰਗੜ, ਦਸੋਦਾਂ ਸਿੰਘ, ਆਂਗਣਵਾੜੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਕੌਰ ਮੱਲਪੁਰ ਨੇ ਸੰਬੋਧਨ ਕੀਤਾ। ਬਾਅਦ ਵਿੱਚ ਡੀ ਸੀ ਦਫਤਰ ਨਵਾਂਸ਼ਹਿਰ ਤੱਕ ਮੁਜ਼ਾਹਰਾ ਕੀਤਾ ਗਿਆ।ਇਸ ਮੌਕੇ 'ਤੇ ਲਖਵਿੰਦਰ ਕੌਰ ਗੁਰਬਖਸ਼ ਕੌਰ, ਇੰਦਰਜੀਤ ਕੌਰ, ਜਸਵੀਰ ਕੌਰ ਸੂਰਾਪੁਰ, ਸੋਮਾ ਰਾਣੀ ਜੱਸੋਮਜਾਰਾ, ਸੁਰਜੀਤ ਸਿੰਘ ਗਰਚਾ ਆਦਿ ਸਾਥੀ ਸ਼ਾਮਲ ਹੋਏ।

# ਐੱਸ ਐੱਸ ਪੀ ਨੇ ਕੀਤਾ ਥਾਣਿਆਂ ਤੇ ਹਾਇਟੈਕ ਨਾਕੇ ਦਾ ਅਚਨਚੇਤ ਦੌਰਾ



**ਫਿਲੌਰ (ਨਿਰਮਲ)**- ਜ਼ਿਲ੍ਹਾ ਜਲੰਧਰ ਦਿਹਾਤੀ ਦੇ ਐਸ.ਐਸ.ਪੀ ਗੁਰਮੀਤ ਸਿੰਘ ਨੇ ਥਾਣਾ ਫਿਲੌਰ ਅਤੇ ਗੁਰਾਇਆ ਤੋਂ ਇਲਾਵਾ ਫਿਲੌਰ ਹਾਈਟੈਕ ਨਾਕੇ ਦਾ ਦੌਰਾ ਕੀਤਾ। ਉਹਨਾਂ ਨੇ ਦੱਸਿਆ ਕਿ ਹਾਈਟੈਕ ਨਾਕੇ 'ਤੇ ਰਾਤ ਸਮੇਂ ਵੀ ਚੈਕਿੰਗ ਅਭਿਆਨ ਚਲਾਇਆ ਜਾਵੇਗਾ ਜਿਸ ਵਿੱਚ ਕੋਈ ਵੀ ਸ਼ੱਕੀ ਵਾਹਨ ਨਜਰ ਆਉਂਦਾ ਤਾਂ ਉਸ ਨੂੰ ਰੋਕ ਕੇ ਤਸੱਲੀਬਖਸ਼ ਤਲਾਸ਼ੀ ਲਈ ਜਾਵੇਗੀ।ਕ ਜੋ ਥਾਣਿਆਂ ਅਤੇ ਹਾਇਟੈਕ ਨਾਕੇ 'ਤੇ ਮੁਲਾਜਮਾਂ ਦੀ ਘਾਟ ਹੈ ਉਸ ਨੂੰ ਵੀ ਜਲਦ ਹੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਪੂਰਨ ਸਾਥ ਦੇਣ ਦੀ ਅਪੀਲ ਕੀਤੀ ਤਾਂ ਜੋ ਨਸ਼ੇ ਦਾ ਖਾਤਮਾ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਡੀ.ਐਸ.ਪੀ ਫਿਲੌਰ ਸਰਵਣ ਸਿੰਘ ਬੱਲ ਅਤੇ ਥਾਣਾ ਮੁਖੀ ਫਿਲੌਰ ਸੰਜੀਵ ਕਪੂਰ ਹਾਜਰ ਸਨ।

# ਵਿਕਸਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ 'ਚ ਅਹਿਮ ਭੂਮਿਕਾ ਨਿਭਾਏਗੀ ਵਨ ਨੇਸ਼ਨ, ਵਨ ਇਲੈਕਸ਼ਨ ਯੋਜਨਾ : ਸੋਮ ਪ੍ਰਕਾਸ਼



**ਫਗਵਾੜਾ (ਜਸਵਿੰਦਰ ਢੱਡਾ)** ਲਘੂ ਉਦਯੋਗ ਭਾਰਤੀ ਦੀ ਇੱਕ ਮੀਟਿੰਗ ਸੰਗਠਨ ਦੇ ਸੂਬਾਈ ਉਪ-ਪ੍ਰਧਾਨ ਅਸ਼ੋਕ ਸੇਠੀ (ਫਾਈਨ ਸਵਿੱਚ) ਦੇ ਦਫ਼ਤਰ ਵਿੱਚ ਹੋਈ। ਜਿਸਦੀ ਪ੍ਰਧਾਨਗੀ ਫਗਵਾੜਾ ਸ਼ਾਖਾ ਦੇ ਪ੍ਰਧਾਨ ਆਈ.ਪੀ. ਖੁਰਾਨਾ ਨੇ ਕੀਤਾ। ਮੀਟਿੰਗ ਦੌਰਾਨ ਭਾਰਤ ਸਰਕਾਰ ਦੇ ਸਾਬਕਾ ਵਣਜ ਅਤੇ ਉਦਯੋਗ ਰਾਜ ਮੰਤਰੀ ਸੋਮ ਪ੍ਰਕਾਸ਼ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਜਦਕਿ ਪੰਜਾਬ ਪ੍ਰਧਾਨ ਅਸ਼ੋਕ ਗੁਪਤਾ ਅਤੇ ਪੰਜਾਬ ਉਪ ਪ੍ਰਧਾਨ ਅਸ਼ੋਕ ਸੇਠੀ, ਭਾਜਪਾ ਆਗੂ ਅਵਤਾਰ ਸਿੰਘ ਮੰਡ ਅਤੇ ਸਾਬਕਾ ਮੇਅਰ ਅਰੁਣ ਖੋਸਲਾ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੇ ਲਘੂ ਉਦਯੋਗ ਭਾਰਤੀ ਦੇ ਮੈਂਬਰਾਂ ਨੂੰ ਭਾਰਤ ਸਰਕਾਰ ਦੀ ਯੋਜਨਾ ਇੱਕ ਰਾਸ਼ਟਰ ਇੱਕ ਚੋਣ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸੋਮ ਪ੍ਰਕਾਸ਼ ਨੇ ਕਿਹਾ ਕਿ ਭਾਰਤ ਵਿੱਚ ਹਰ ਸਾਲ ਕੋਈ ਨਾ ਕੋਈ ਚੋਣ ਹੁੰਦੀ ਹੈ ਅਤੇ ਦੇਸ਼ ਨੂੰ ਭਾਰੀ ਵਿੱਤੀ ਨੁਕਸਾਨ ਹੁੰਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਐਨ.ਡੀ.ਏ. ਸਰਕਾਰ ਦਾ ਵਿਚਾਰ ਹੈ ਕਿ ਕੇਂਦਰ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਹਰ ਪੰਜ ਸਾਲਾਂ ਬਾਅਦ ਇਕੱਠੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਸਮੇਂ ਅਤੇ ਪੈਸੇ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਯੋਜਨਾ ਦੇ ਲਾਗੂ ਹੋਣ ਨਾਲ ਭਾਰਤ ਵਰਗੇ ਵੱਡੇ ਦੇਸ਼ ਵਿੱਚ ਚੋਣਾਂ 'ਤੇ ਹੋਣ ਵਾਲਾ ਭਾਰੀ ਖਰਚਾ ਕਾਫ਼ੀ ਹੱਦ ਤੱਕ ਘਟ ਜਾਵੇਗਾ ਅਤੇ ਦੇਸ਼ ਦੇ ਖਜ਼ਾਨੇ 'ਤੇ ਪੈ ਰਿਹਾ ਭਾਰੀ ਬੋਝ ਹਲਕਾ ਹੋਵੇਗਾ। ਇਸ ਤੋਂ ਇਲਾਵਾ ਹਰ ਸਾਲ ਕਿਸੇ ਨਾ ਕਿਸੇ ਰਾਜ ਵਿੱਚ ਹੋਣ ਵਾਲੀਆਂ ਚੋਣਾਂ ਕਾਰਨ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਵੀ ਦੂਰ ਕੀਤਾ ਜਾ ਸਕੇਗਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 2047 ਤੱਕ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਮੀਲ ਪੱਥਰ ਬਣੇਗੀ। ਮੀਟਿੰਗ ਵਿੱਚ ਮੌਜੂਦ ਲਘੂ ਉਦਯੋਗ ਭਾਰਤੀ ਦੇ ਸਮੂਹ ਮੈਂਬਰਾਂ ਨੇ ਮੋਦੀ ਸਰਕਾਰ ਦੀ ਇਸ ਯੋਜਨਾ ਨਾਲ ਪੂਰੀ ਸਹਿਮਤੀ ਪ੍ਰਗਟਾਈ। ਇਸ ਤੋਂ ਪਹਿਲਾਂ ਮੈਂਬਰਾਂ ਵੱਲੋਂ ਯੋਜਨਾ ਸਬੰਧੀ ਪੁੱਛੇ ਗਏ ਸਵਾਲਾਂ ਦੇ ਤਸੱਲੀਬਖਸ਼ ਜਵਾਬ ਵੀ ਸਾਬਕਾ ਮੰਤਰੀ ਸੋਮ ਪ੍ਰਕਾਸ਼ ਵੱਲੋਂ ਦਿੱਤੇ ਗਏ। ਇਸ ਮੌਕੇ ਪੁਨੀਤ ਗੁਪਤਾ ਸੀਨੀਅਰ ਉਪ ਪ੍ਰਧਾਨ, ਅਨੁਜ ਜੈਨ ਖਜ਼ਾਨਚੀ, ਅਰਵਿੰਦ ਬੱਗਾ ਸਕੱਤਰ, ਪੰਕਜ ਗੌਤਮ ਆਈਪੀਪੀ, ਪੁਨੀਤ ਗੁਪਤਾ ਪੀਪੀ, ਅਨਿਲ ਸਿੰਗਲਾ ਪੀਪੀ, ਓਮ ਉੱਪਲ, ਪੀਪੀ, ਸੁਬੋਧ ਸੋਬਤੀ ਪੀਪੀ, ਦੀਪਕ ਕੋਹਲੀ ਆਦਿ ਹਾਜਰ ਸਨ।

# ਐਸ ਡੀ ਐਮ ਨੂੰ ਖੇਡ ਮੈਦਾਨ 'ਚ ਸੁਧਾਰ ਬਾਰੇ ਜਾਣੂ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**:- ਆਦਮਪੁਰ ਦੇ ਐਸ ਡੀ ਐਮ ਵਿਵੇਕ ਕੁਮਾਰ ਮੋਦੀ ਨੂੰ ਸ਼ਹਿਰ ਦੇ ਕੁੱਝ ਰੁਕੇ ਹੋਏ ਕੰਮਾਂ ਤੋਂ ਜਾਣੂ ਕਰਵਾਇਆ । ਇਸ ਮੌਕੇ 'ਤੇ ਹਰਿੰਦਰ ਸਿੰਘ ਉਨ੍ਹਾਂ ਦੇ ਨਾਲ ਰਹੇ । ਸਭ ਤੋਂ ਪਹਿਲਾਂ ਖੇਡ ਮੈਦਾਨ ਵੇਖਿਆ । ਇਲਾਕੇ ਦੇ ਖੇਡ ਪ੍ਰੇਮੀ ਅਤੇ ਰੋਜ਼ਾਨਾ ਸੈਰ ਕਰਨ ਵਾਲਿਆ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਮੈਦਾਨ ਦੀ ਬੇਹਤਰੀ ਅਤੇ ਸੁਧਾਰ ਬਾਰੇ ਜਾਣਕਾਰੀ ਦਿੱਤੀ। ਲਗਭਗ ਦੋ ਵਰ੍ਹੇ ਪਹਿਲਾਂ ਲਗਿਆ ਉਪਨ ਜਿੰਮ ਅਤੇ ਝੂਲਿਆਂ ਦੀ ਹਾਲਤ ਵੀ ਠੀਕ ਨਹੀਂ ਹੈ । ਲੋਕਾਂ ਨੇ ਦੱਸਿਆ ਕਿ ਮੈਦਾਨ ਦੀ ਦੇਖਭਾਲ ਵਾਲਾ ਮਾਲੀ ਵੀ ਹਰ ਰੋਜ਼ ਨਹੀਂ ਆਉਂਦਾ। ਮਹਿਲਾਵਾਂ ਲਈ ਕੋਈ ਵੀ ਵੱਖਰਾ ਸ਼ੌਚ ਨਹੀਂ ਹੈ। ਪੀਣ ਵਾਲੇ ਪਾਣੀ ਦਾ ਵੀ ਕੋਈ ਪ੍ਰਬੰਧ ਨਹੀਂ ਹੈ । ਮੈਦਾਨ ਦੇ ਬਾਹਰ ਨਗਰ ਕੌਂਸਲ ਵੱਲੋਂ ਲਗਾਈਆਂ ਹਾਈ ਪਾਵਰ ਲਾਈਟਾਂ ਵੀ ਖਰਾਬ ਹਨ । ਮੈਦਾਨ ਦੇ ਅੰਦਰ ਰੋਸ਼ਨੀ ਲਈ ਥਾਂ ਥਾਂ 'ਤੇ ਲੱਗੇ ਖੰਬਿਆਂ ਦੇ ਨਾਲ ਬਿਜਲੀ ਦੀਆਂ ਤਾਰਾਂ ਦੇ ਬਕਸੇ ਲੱਗੇ ਹਨ, ਜੋ ਖ਼ਸਤਾ ਹਾਲਤ ਵਿੱਚ ਹਨ, ਸਾਰੇ ਹੀ ਖੁੱਲੇ ਰਹਿੰਦੇ, ਨੰਗੇ ਤਾਰਾਂ ਦੇ ਜੋੜ, ਕਿਸੇ ਵੇਲੇ ਵੀ ਦੁਰਘਟਨਾ ਦਾ ਕਾਰਨ ਬਣ ਸਕਦੇ ਹਨ । ਸ਼ਹਿਰ ਦੇ ਵਿਕਾਸ ਅਤੇ ਲੋਕਾਂ ਨੂੰ ਸਹੀ ਸਹੂਲਤ ਦੇਣ ਲਈ ਅਨੇਕ ਸੁਧਾਰਾਂ ਦੀ ਲੋੜ ਹੈ ।ਇਸ ਮੌਕੇ 'ਤੇ ਸਤਨਾਮ ਸਿੰਘ , ਕੋਚ ਬ੍ਰਿਜ ਲਾਲ, ਕੋਚ ਅਸ਼ੋਕ ਕੁਮਾਰ ਬਿੱਲਾ, ਗੁਰਮੀਤ ਸਿੰਘ ਨਿੱਝਰ, ਕਿਸ਼ਨ ਚੰਦ ਲੋਈ, ਮਹਿੰਦਰ ਸਿੰਘ , ਹਰਜੀਤ ਸਿੰਘ ਆਦਿ ਸਮੇਤ ਅਨੇਕ ਇਲਾਕਾ ਨਿਵਾਸੀ ਵੀ ਹਾਜ਼ਰ ਸਨ ।



# ਬਜਟ 'ਚ ਛੋਟੇ ਵਪਾਰੀਆਂ ਲਈ ਕੁਝ ਵੀ ਨਹੀਂ : ਲੱਕੀ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਸਹਿ ਹਲਕਾ ਇੰਚਾਰਜ ਐਡਵੋਕੇਟ ਵਿਸ਼ਾਲ ਸ਼ਰਮਾ ਸਪੋਰਟਸ ਕਲੱਬ ਐਡਵੋਕੇਟ ਰਾਜਪਾਲ ਚੌਹਾਨ ਸੰਦੀਪ ਭਾਟੀਆ ਸੋਨੂੰ ਨੇ ਕਿਹਾ ਇਸ ਬਜਟ ਵਿੱਚ ਕਿਸਾਨਾਂ ਮਜ਼ਦੂਰਾਂ ਨੌਜਵਾਨਾਂ ਔਰਤਾਂ ਅਤੇ ਛੋਟੇ ਵਪਾਰੀਆਂ ਲਈ ਕੁਝ ਵੀ ਨਹੀਂ ਹੈ। ਤਿੰਨ ਸਾਲ ਪਹਿਲਾਂ ਪੰਜਾਬ ਦੀਆਂ ਔਰਤਾਂ ਨੂੰ 1100 ਰੁਪਆ ਪ੍ਰਤੀ ਮਹੀਨਾ ਦੇਣ ਦਾ ਵਾਧਾ ਪੂਰਾ ਨਹੀਂ ਕੀਤਾ ਗਿਆ। ਨਵੀਆਂ ਲਿੰਕ ਸੜਕਾਂ ਨੂੰ ਬਣਾਉਣ ਬਾਰੇ ਚੁੱਪ ਹੈ। 'ਆਪ' ਸਰਕਾਰ ਹੁਣ ਇਕ-ਇਕ ਕਰਕੇ ਆਪਣੀ ਹਰ ਗਾਰੰਟੀ ਤੋਂ ਭੱਜਦੀ ਨਜ਼ਰ ਆ ਰਹੀ ਹੈ।ਜਿਸ ਦੀ ਤਾਜ਼ੀ ਉਦਾਹਰਨ ਪੰਜਾਬ ਸਰਕਾਰ ਵੱਲੋਂ ਇਸ ਸਾਲ ਜੋ ਬਜਟ ਲਿਆਂਦੀ ਗਈ ਹੈ, ਉਸਦੇ 'ਚੋਂ ਮਿਲਦੀ ਹੈ। ਇਸ ਵਾਰ ਫਿਰ ਹਰ ਪੰਜਾਬ ਵਾਸੀ ਚਾਹੇ ਵਪਾਰੀ, ਕਿਸਾਨ, ਨੌਜਵਾਨ, ਮਜ਼ਦੂਰ ਸਾਰੀਆਂ ਦੇ ਪੱਲੇ ਨਿਰਾਸ਼ਾ ਹੀ ਪਈ ਹੈ। ਇਸ ਵਾਰ ਖ਼ਾਸ ਕਰਕੇ ਪੰਜਾਬ ਦੀ ਹਰ ਇਕ ਮਹਿਲਾ ਨੂੰ ਬਹੁਤ ਉਮੀਦ ਸੀ ਕਿ ਇਸ ਬਾਰ ਆਮ ਆਦਮੀ ਸਰਕਾਰ ਉਹਨਾਂ ਨਾਲ ਧੋਖਾ ਨਹੀਂ ਕਰੇਗੀ ਤੇ ਹਰ ਮਹਿਲਾ ਨੂੰ ਹਰ ਮਹੀਨੇ 1100 ਰੁਪਏ ਦੀ ਆਪਣੀ ਗਰੰਟੀ ਜ਼ਰੂਰ ਪੂਰੀ ਕਰੇਗੀ। ਪਰ ਅਫ਼ਸੋਸ ਹੈ ਕਿ ਇਸ ਸਾਲ ਵੀ ਮਹਿਲਾਵਾਂ ਦੇ ਹੱਥ ਖਾਲੀ ਰਹਿ ਗਏ ਹਨ। ਜਿਸ ਨਾਲ ਆਮ ਆਦਮੀ ਸਰਕਾਰ ਦੇ ਝੂਠ ਦਾ ਚਿਹਰਾ ਨੰਗਾ ਹੋਇਆ ਹੈ।



# ਡਾ. ਇਸ਼ਾਂਕ ਨੇ ਅਧਿਆਪਕਾਂ ਦੀ ਕਮੀ ਦਾ ਮਾਮਲਾ ਵਿਧਾਨ ਸਭਾ 'ਚ ਰੱਖਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਹਲਕਾ ਚੱਬੇਵਾਲ ਵਿਚ ਪ੍ਰਾਇਮਰੀ ਅਤੇ ਸੈਕੰਡਰੀ ਸਕੂਲਾਂ ਵਿਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦਾ ਮਾਮਲਾ ਪੰਜਾਬ ਵਿਧਾਨ ਸਭਾ ਵਿਚ ਰੱਖਿਆ, ਜਿਸ 'ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਨ੍ਹਾਂ ਖਾਲੀ ਆਸਾਮੀਆਂ ਨੂੰ ਜਲਦ ਭਰਨ ਦਾ ਭਰੋਸਾ ਦਿੱਤਾ।ਡਾ. ਇਸ਼ਾਂਕ ਕੁਮਾਰ ਨੇ ਸਿੱਖਿਆ ਮੰਤਰੀ ਨੂੰ ਅਪੀਲ ਕੀਤੀ ਕਿ ਚੱਬੇਵਾਲ ਹਲਕੇ ਦੇ ਸਕੂਲਾਂ ਵਿਚ ਖਾਲੀ ਆਸਾਮੀਆਂ ਨੂੰ ਜਲਦ ਭਰਿਆ ਜਾਵੇ ਤਾਂ ਜੋ ਸਿੱਖਿਆ ਦੇ ਪੱਧਰ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਮੌਜੂਦਾ ਅੰਕੜਿਆਂ ਅਨੁਸਾਰ ਕਈ ਸਕੂਲ ਹਾਲੇ ਤੱਕ ਵੀ ਅਧਿਆਪਕਾਂ ਦੀ ਭਾਰੀ ਕਮੀ ਦਾ ਸਾਹਮਣਾ ਕਰ ਰਹੇ ਹਨ ਜਿਸ ਬਾਰੇ ਸਿੱਖਿਆ ਮੰਤਰੀ ਨੂੰ ਵਿਸ਼ੇਸ਼ ਤਵੱਜੋਂ ਦਿੰਦਿਆਂ ਆਸਾਮੀਆਂ ਭਰਨੀਆਂ ਚਾਹੀਦੀਆਂ ਹਨ।ਵਿਧਾਇਕ ਦੀ ਅਪੀਲ ਦੇ ਜਵਾਬ ਵਿਚ ਸਿੱਖਿਆ ਮੰਤਰੀ ਨੇ ਦੱਸਿਆ ਕਿ ਚੱਬੇਵਾਲ ਹਲਕੇ ਦੇ ਸਕੂਲਾਂ ਵਿਚ ਪਿਛਲੇ ਸਮਿਆਂ ਦੌਰਾਨ ਅਧਿਆਪਕਾਂ ਦੀ ਭਾਰੀ ਕਮੀ ਸੀ ਪਰ ਪੰਜਾਬ ਸਰਕਾਰ ਵਲੋਂ ਹਲਕੇ ਵਿਚ ਕੋਈ ਵੀ ਸਕੂਲ ਅਧਿਆਪਕਾਂ ਤੋਂ ਸੱਖਣਾਂ ਨਹੀਂ ਰਹਿਣ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸੂਬੇ ਵਿਚ 119 ਪ੍ਰਾਇਮਰੀ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਹੈ ਜਿਸ ਨੂੰ ਜਲਦ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਉਂਦੀ 1 ਅਪ੍ਰੈਲ ਨੂੰ 2500 ਈ.ਟੀ.ਟੀ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇਣ ਜਾ ਰਹੇ ਹਨ ਜਿਨ੍ਹਾਂ ਵਿਚੋਂ 700 ਅਧਿਆਪਕ ਹੁਸ਼ਿਆਰਪੁਰ ਜ਼ਿਲ੍ਹੇ ਨੂੰ ਮਿਲਣਗੇ, ਜਿਸ ਨਾਲ ਜ਼ਿਲ੍ਹੇ ਦੇ ਸਕੂਲਾਂ ਵਿਚ ਅਧਿਆਪਕਾਂ ਦੀ 99 ਫੀਸਦੀ ਗਿਣਤੀ ਹੋ ਜਾਵੇਗੀ।





# ਉਰਮਿਲਾ ਦੇਵੀ ਨੂੰ ਸੇਵਾ-ਮੁਕਤੀ 'ਤੇ ਵਿਦਾਇਗੀ ਪਾਰਟੀ ਦਿੱਤੀ

**ਕਾਲਾ ਸੰਘਿਆਂ (ਮਨਜੀਤ ਮਾਨ)** ਤਹਿਸੀਲ ਨਕੋਦਰ ਅਧੀਨ ਪੈਂਦੇ ਪਿੰਡ ਰਸੂਲਪੁਰ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਆਪਣੀਆਂ 33 ਸਾਲਾਂ ਦੀਆਂ ਸੇਵਾਵਾਂ ਨਿਭਾਉਣ ਤੋਂ ਬਾਅਦ ਸ਼੍ਰੀਮਤੀ ਉਰਮਿਲਾ ਦੇਵੀ ਸੇਵਾ ਮੁਕਤ ਹੋਣ 'ਤੇ ਸਮੂਹ ਗ੍ਰਾਮ ਪੰਚਾਇਤ, ਸਮੂਹ ਸਕੂਲ ਸਟਾਫ਼ ਤੇ ਨਗਰ ਨਿਵਾਸੀਆਂ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਨੰਨ੍ਹੇ ਮੁੰਨ੍ਹੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਸਮਾਗਮ ਵਿੱਚ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਤਰਲੋਕ ਸਿੰਘ ਸੰਘਾ, ਮਾਸਟਰ ਰਾਜੇਸ਼ ਕੁਮਾਰ ਚੌਹਾਨ ਪਤੀ ਸ੍ਰੀਮਤੀ ਉਰਮਿਲਾ ਦੇਵੀ, ਸਰਕਾਰੀ ਪ੍ਰਾਇਮਰੀ ਸਕੂਲ ਦੇ ਮੁੱਖੀ ਸ਼੍ਰੀਮਤੀ ਮਨਜੀਤ ਕੌਰ, ਅਧਿਆਪਕਾ ਸ੍ਰੀਮਤੀ ਰਜਨੀ ਬਾਲਾ,ਮਾਸਟਰ ਰਵਿੰਦਰ ਸਿੰਘ ਕੰਗ,ਕੇਵਲ ਸਿੰਘ ਮੱਟੂ ਸਾਬਕਾ ਬਲਾਕ ਸਿੱਖਿਆ ਅਫ਼ਸਰ ਨਕੋਦਰ, ਨੰਬਰਦਾਰ ਗੁਰਸ਼ਰਨ ਸਿੰਘ ਸੰਧੂ, ਡਾਕਟਰ ਅਨੀਤਾ, ਨਿਰਮਲ ਸਿੰਘ ਪੀ ਟੀ ਆਈ ਨੇ ਸ਼੍ਰੀਮਤੀ ਉਰਮਿਲਾ ਦੇਵੀ ਦੇ ਸਕੂਲ ਵਿੱਚ ਬੱਚਿਆਂ ਨੂੰ ਦਿੱਤੀਆਂ ਸਿੱਖਿਆਵਾਂ ਤੇ ਸਕੂਲ ਵਿੱਚ ਆਪਣੀਆਂ ਸੇਵਾਵਾਂ ਬਾਖੂਬੀ ਨਿਭਾਉਣ 'ਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਉੱਘੇ ਸਮਾਜ ਸੇਵਕ ਪ੍ਰਧਾਨ ਸਾਬੀ ਰਸੂਲਪੁਰੀ ਦੋਆਬਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ ਯੂਥ ਵਿੰਗ ਰਜਿ ਪੰਜਾਬ , ਨਿਰਮਲ ਚਿੱਟੀ, ਪਰਮਜੀਤ ਸਾਬਕਾ ਪੰਚ, ਕਾਲਾ ਸਿੱਧੂ, ਕਸ਼ਮੀਰ ਸਿੰਘ ਪੰਚ ਤੋਂ ਇਲਾਵਾ ਸਮੂਹ ਸਕੂਲ ਸਟਾਫ਼ ਤੇ ਰਿਸ਼ਤੇਦਾਰ ਹਾਜ਼ਰ ਸਨ।

# ਜਾਣਬੁੱਝ ਕੇ ਕੀਤਾ ਜਾ ਰਿਹੈ ਦਰੱਖਤਾਂ ਦਾ ਉਜਾੜਾ : ਧੀਮਾਨ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਮੇਹਟਿਆਣਾ ਦੇ ਨਜਦੀਕ ਬਿਸਤ ਦੁਆਬ ਨਹਿਰ ਕਿਨਾਰੇ ਵਿਭਾਗ ਦੇ ਗਾਰਡਾਂ ਅਤੇ ਹੋਰ ਅਧਿਕਾਰੀਆਂ ਦੀਆਂ ਅਣਗਹਿਲੀਆ ਕਾਰਨ ਜਾਣਬੁੱਝ ਕੇ ਦਰੱਖਤਾਂ ਦਾ ਉ_ਜਾੜਾ ਕਰਵਾਉਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਵਣ ਵਿਭਾਗ ਦੀ ਜੁੰਮੇਵਾਰੀ ਹਰਿਆਲੀ ਪੈਦਾ ਕਰਕੇ ਰੱਖਣੀ ਅਤੇ ਦਰੱਖਤਾਂ ਦੀ ਸੰਭਾਲ ਕਰਨਾ ਹੈ। ਵਿਭਾਗ ਵਿਚ ਭ੍ਰਿਸ਼ਟਾਚਾਰ ਫੈਲਣ ਕਾਰਨ ਵਣਾਂ ਦੇ ਰਖਵਾਲੇ ਹੀ ਅਪਣੀਆਂ ਜੇਬਾਂ ਮੋਟੀਆਂ ਕਰਨ ਲਈ ਦਰਖੱਤਾਂ ਦਾ ਉਜਾੜਾ ਕਰਵਾ ਰਹੇ ਹਨ ।ਭਾਵੇਂ ਵਿਭਾਗ ਦੇ ਕੁਝ ਜੁੰਮੇਵਾਰ ਕਰਮਚਾਰੀ ਅਪਣੀਆਂ ਜੇਬਾਂ ਤਾਂ ਭਰਦੇ ਹਨ ਪਰ ਉਹ ਅਪਣੇ ਪੈਰਾਂ ਉਤੇ ਵੀ ਕੁਲਹਾੜਾ ਮਾਰਦੇ ਹਨ ਤੇ ਪੰਛੀਆਂ ਅਤੇ ਮਨੁੱਖਤਾ ਦੀ ਬਰਵਾਦੀ ਦੇ ਕੰਮ ਨੂੰ ਵੀ ਉਤਸ਼ਾਹ ਕਰ ਰਹੇ ਹਨ। ਹਲਾਤ ਐਨੇ ਗੰਭੀਰ ਹੋ ਰਹੇ ਹਨ ਕਿ ਅੱਜ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ। ਧੀਮਾਨ ਨੇ ਕਿਹਾ ਕਿ ਵਿਭਾਗ ਦੀਆਂ ਅੱਖਾਂ ਸਾਹਮਣੇ ਮਿਲੀ ਭੁਗਤ ਨਾਲ ਕਈ ਲੋਕਾਂ ਵਲੋਂ ਨਹਿਰ ਕਿਨਾਰੇ ਨਜਾਇਜ ਕਬਜੇ ਕਰਕੇ ਦਰਖੱਤਾਂ ਦਾ ਉਜਾੜਾ ਕੀਤਾ ਗਿਆ ਹੈ।ਧੀਮਾਨ ਨੇ ਫਾਰਸਟ ਚੀਫ ਕੰਜਰਵੇਟਿਵ ਅਫਸਰ ਚੰਡੀਗੜ੍ਹ ਨੂੰ ਸਮੇਤ ਫੋਟੋਆਂ ਸ਼ਕਾਇਤਾਂ ਭੇਜੀਆਂ ਹਨ ਤੇ ਮੰਗ ਕੀਤੀ ਕਿ ਕੋਈ ਵੀ ਕਰਮਚਾਰੀ ਅਤੇ ਅਧਿਕਾਰੀ ਵਰਦੀਆਂ ਨਹੀਂ ਪਹਿਨਦੇ ਅਤੇ ਨਹਿਰ ਉਤੇ ਹਰਿਆਲੀ ਬਣਾ ਕੇ ਰੱਖਣ ਦੀ ਥਾਂ ਦਰੱਖਤਾਂ ਦੀ ਤਬਾਹੀ ਕਰਵਾ ਰਹੇ ਹਨ।



# ਟਿਊਬਵੈੱਲ ਦੀ ਸ਼ੁਰੂਆਤ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕੀਤੀ



ਬਲਾਚੌਰ ( ਜਸਵਿੰਦਰ ਬੈਂਸ)-ਵਿਧਾਨ ਸਭਾ ਹਲਕਾ ਬਲਾਚੋਰ ਦੇ ਵਿਧਾਇਕਾ ਸ਼੍ਰੀਮਤੀ ਸ਼ੰਤੋਸ ਕਟਾਰੀਆ ਦੇ ਵੱਲੋਂ ਬਲਾਕ ਸੜੋਆ ਦੇ ਪਿੰਡ ਕਟਵਾਰਾ ਕਲਾਂ ਤੇ ਕਟਵਾਰਾ ਖੁਰਦ ਦੇ ਲੋਕਾਂ ਦੀ ਪਿਛਲੇ ਲੰਬੇ ਸਮੇਂ ਤੋਂ ਪਾਣੀ ਵਾਲੇ ਵਾਟਰ ਸਿਪਲਾਈ ਦੇ ਟਿਊਬਵੈੱਲ ਦੀ ਮੰਗ ਨੂੰ ਪੂਰਾ ਕੀਤਾ ਗਿਆ । ਵਿਧਾਇਕਾ ਨੇ ਕਿਹਾ ਕਿ ਪਿੰਡ ਕਟਵਾਰਾ ਕਲਾਂ ਦੇ ਅੰਦਰ 550 ਫੁੱਟ ਡੂੰਘਾ ਬੋਰ 11ਲੱਖ ਰੁਪਏ ਦੀ ਲਾਗਤ ਦੇ ਨਾਲ ਲੱਗਣ ਜਾ ਰਿਹਾ ਹੈ । ਇਸ ਨਾਲ ਪਿੰਡ ਦੇ ਲੋਕਾਂ ਨੂੰ ਪਿਛਲੇ ਲੰਬੇ ਸਮੇਂ ਤੋਂ ਆ ਰਹੀ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਹੋਵੇਗਾ। ਸਮੂਹ ਪਿੰਡ ਵਾਸੀਆਂ ਤੇ ਨਗਰ ਪੰਚਾਇਤ ਵੱਲੋਂ ਪੰਜਾਬ ਸਰਕਾਰ ਤੇ ਹਲਕਾ ਵਿਧਾਇਕਾ ਦਾ ਧੰਨਵਾਦ ਕੀਤਾ ਗਿਆ । ਇਸ ਮੌਕੇ ਆਪ ਆਗੂ ਅਸ਼ੋਕ ਕਟਾਰੀਆ, ਸਰਪੰਚ ਕਾਂਤਾਂ ਦੇਵੀ, ਠੇਕੇਦਾਰ ਰਾਕੇਸ਼ ਕੁਮਾਰ, ਪਵਨ ਕੁਮਾਰ ਗੀਠੂ, ਸਰਪੰਚ ਪਵਨ ਕੁਮਾਰ ਪੋਜੇਵਾਲ, ਸਰਪੰਚ ਸਤਨਾਮ ਕਟਵਾਰਾ ਖੁਰਦ, ਬਲਾਕ ਪ੍ਰਧਾਨ ਸਾਬਕਾ ਸਰਪੰਚ ਹਰਮੇਸ਼, ਮਹਿੰਦਰ ਪਾਲ ਪੰਚ, ਕਾਕਾ ਪੰਚ, ਪ੍ਰਕਾਸ਼ ਪੰਚ, ਰਾਜੇਸ਼ ਪੰਚ, ਸ਼ਮਸ਼ੇਰ ਕਟਵਾਰਾ, ਮੋਹਨ ਲਾਲ, ਬੱਗੂ, ਕੇਵਲ ਠੇਕੇਦਾਰ, ਕੇਵਲ ਇਲੈਕਟਰੀਸ਼ਨ, ਮਹਿੰਦਰ ਪਾਲ ਦੁਕਾਨਦਾਰ, ਹੁਸਨਲ ਦੁਕਾਨਦਾਰ, ਕੈਪਟਨ ਰਾਮ ਰਤਨ, ਲਾਲਾ, ਦਿਲਬਾਗ, ਪਵਨ ਭਾਟੀਆ ਤੇਲੂਰਾਮ ਛੋਟਾ ਕਟਵਾਰਾ, ਅਸ਼ਵਨੀ, ਨਿੱਕਾ, ਸੁਭਾਸ਼ ਚੰਦ,ਰਾਜੇਸ਼ ਕੁਮਾਰ, ਤੀਰਥ ਰਾਮ, ਸੋਕੀ ਬਜਾੜ,ਮੇਛੀ ਮੀਲੂ,ਵਿੱਕੀ ਠੇਕੇਦਾਰ,ਕੇਸਰ ਚੰਦ,ਨਸੀਬ ਚੰਦ,ਚਮਨ ਲਾਲ ਆਦਿ ਹਾਜਰ ਸਨ ।

# ਦਸਤਾਰ ਤੇ ਕੇਸਾਂ ਦੀ ਬੇਅਦਬੀ ਸੰਬੰਧੀ ਨਹੀਂ ਹੋਈ ਕਾਰਵਾਈ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਥਾਣਾ ਮਾਹਿਲਪੁਰ ਦੇ ਅਧੀਨ ਆਉਂਦੇ ਪਿੰਡ ਅਲਾਵਲਪੁਰ ਵਿਖੇ ਹੋਏ ਝਗੜੇ ਸਬੰਧੀ ਪੰਚਾਇਤ ਵਿੱਚ ਝਗੜਾ ਨਾ ਨਿਬੜਦਾ ਦੇਖ ਕੇ ਮੈਂਬਰ ਪੰਚਾਇਤ ਅਮਰ ਹੀਰਾ ਅਤੇ ਸਾਥੀ ਵਾਪਸ ਆਪਣੇ ਘਰਾਂ ਨੂੰ ਜਾ ਰਹੇ ਸਨ ਉਸ ਸਮੇਂ ਸਰਪੰਚ ਸਤਨਾਮ ਸਿੰਘ ਅਤੇ ਉਸਦੇ ਸਾਥੀਆਂ ਨੇ ਪਿੱਛੇ ਆ ਕੇ ਅੰਮ੍ਰਿਤਧਾਰੀ ਗੁਰਸਿੱਖ ਕੁਲਵੰਤ ਸਿੰਘ ਦੀ ਦਸਤਾਰ ਅਤੇ ਕੇਸਾਂ ਦੀ ਬੇਅਦਬੀ ਕਰਕੇ ਭਾਵਨਾਵਾਂ ਨੂੰ ਡੂੰਘੀ ਸੱਟ ਮਾਰੀ। ਜਿਸ ਦੀ ਵੀਡੀਓ ਫੁਟੇਜ ਵੀ ਉਪਲਬਧ ਹੈ । ਇਸ ਸਬੰਧੀ ਸਿੱਖ ਜਥੇਬੰਦੀਆਂ ਦਾ ਇੱਕ ਵਫਦ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਹਰਵਿੰਦਰ ਸਿੰਘ ਹੀਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਫੋਰਸ ਪੰਜਾਬ, ਕਰਨੈਲ ਸਿੰਘ ਲਵਲੀ ਸਿੱਖ ਨੌਜਵਾਨ ਫਰੰਟ ਆਦਿ ਆਗੂਆਂ ਦੀ ਅਗਵਾਈ ਹੇਠ ਐਸ ਐਸ ਪੀ ਸੰਦੀਪ ਮਲਿਕ ਆਈ ਪੀ ਐਸ ਹੁਸ਼ਿਆਰਪੁਰ ਨੂੰ ਮਿਲਿਆ ਸੀ, ਜਿਨ੍ਹਾਂ ਨੇ ਵਫਦ ਨੂੰ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਸੀ, ਪਰ ਕਾਫੀ ਦਿਨ ਬੀਤਣ ਦੇ ਬਾਵਜੂਦ ਵੀ ਐਸ ਐਚ ਓ ਮਾਹਿਲਪੁਰ ਅਤੇ ਚੌਂਕੀ ਇੰਚਾਰਜ ਕੋਟ ਫਤੂਹੀ ਸਿਆਸੀ ਦਬਾਅ ਅਧੀਨ ਇਸ ਬੇਅਦਬੀ ਸਬੰਧੀ ਕੋਈ ਕਾਰਵਾਈ ਨਹੀਂ ਕਰ ਰਹੇ।ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਜੇਕਰ ਇੱਕ ਦੋ ਦਿਨਾਂ 'ਚ ਦੋਸ਼ੀਆਂ ਖਿਲਾਫ ਕਾਰਵਾਈ ਨਾ ਹੋਈ ਤਾਂ ਮਾਹਿਲਪੁਰ ਥਾਣੇ ਦਾ ਘਰਾਓ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਜਾਵੇਗਾ। ਇਸ ਸਮੇਂ ਮੈਂਬਰ ਪੰਚਾਇਤ ਅਮਰ ਹੀਰਾ, ਰਣਜੀਤ ਸਿੰਘ, ਕੁਲਵੰਤ ਸਿੰਘ ਤੇ ਮਨਜੀਤ ਸਿੰਘ ਆਦਿ ਹਾਜ਼ਰ ਸਨ।



# ਲਾਰਡ ਕ੍ਰਿਸ਼ਨਾ ਸਕੂਲ ਦੇ ਨਵੇਂ ਵਿਦਿਅਕ ਸੈਸ਼ਨ ਮੌਕੇ ਧਾਰਮਿਕ ਸਮਾਗਮ

**ਸੁਲਤਾਨਪੁਰ ਲੋਧੀ (ਹਨੀ)** ਲਾਰਡ ਕ੍ਰਿਸ਼ਨਾ ਇੰਟਰਨੈਸ਼ਨਲ ਸਕੂਲ ਦੇ ਨਵੇਂ ਸੈਸ਼ਨ 2025 -26 ਦੇ ਸ਼ੁਰੂਆਤ ਮੌਕੇ ਵਾਹਿਗੁਰੂ ਦਾ ਓਟ ਆਸਰਾ ਲੈਂਦਿਆਂ ਧਾਰਮਿਕ ਸਮਾਗਮ ਕਰਵਾਇਆ ਗਿਆ । ਇਸ ਦੌਰਾਨ ਸ੍ਰੀ ਸੁਖਮਣੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ। ਸਕੂਲ ਮੈਨੇਜਿੰਗ ਕਮੇਟੀ ਦੇ ਐਮਡੀ ਰਾਕੇਸ਼ ਧੀਰ, ਦਿਨੇਸ਼ ਧੀਰ, ਮੁਕੇਸ਼ ਧੀਰ, ਕਰਨ ਧੀਰ, ਪ੍ਰਿੰਸੀਪਲ ਮੋਨਿਕਾ ਸਿੰਘ ਵੱਲੋਂ ਸਕੂਲ ਕੈਂਪਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਸ਼ੋਭਿਤ ਕੀਤਾ ਤੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਭਾਈ ਹਰਜਿੰਦਰ ਸਿੰਘ ਚੰਡੀਗੜ੍ਹ ਰੂਰਲ ਬਸਤੀ ਨੇ ਸੁਖਮਣੀ ਸਾਹਿਬ ਜੀ ਦਾ ਪਾਠ ਕੀਤਾ । ਮਹਾਨ ਤਪੱਸਵੀ ਸੰਤ ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲਿਆਂ ਦਾ ਸਕੂਲ ਕੈਂਪਸ 'ਚ ਪਹੁੰਚਣ 'ਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਨਤਮਸਤਕ ਹੋਣ ਉਪਰੰਤ ਸੰਤ ਹਰਖੋਵਾਲ ਵਾਲਿਆਂ ਨੇ ਸੁਖਮਣੀ ਸਾਹਿਬ ਜੀ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਵਿਆਖਿਆ ਕੀਤੀ।ਇਸ ਮੌਕੇ ਪ੍ਰਧਾਨ ਰਕੇਸ਼ ਧੀਰ ਅਤੇ ਦਿਨੇਸ਼ ਧੀਰ ਵੱਲੋਂ ਸੰਤ ਜਗਜੀਤ ਸਿੰਘ ਹਰਖੋਵਾਲ ਵਾਲਿਆਂ ਨੂੰ ਦੁਸ਼ਾਲਾ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਤੋਂ ਇਲਾਵਾ ਕਥਾਵਾਚਕ ਭਾਈ ਕਰਨਜੀਤ ਸਿੰਘ, ਭਾਈ ਹਰਜਿੰਦਰ ਸਿੰਘ ਐਡੀਸ਼ਨਲ ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੇ ਹੋਰ ਸ਼ਖ਼ਸੀਅਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਸਕੂਲ ਵਿਦਿਆਰਥੀਆਂ ਨੇ ਵੀ ਕੀਰਤਨ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਦੀਪਕ ਧੀਰ ਰਾਜੂ, ਸਾਬਕਾ ਚੇਅਰਮੈਨ ਤੇ ਕੌਂਸਲਰ ਤੇਜਵੰਤ ਸਿੰਘ, ਸਾਬਕਾ ਪ੍ਰਧਾਨ ਤੇ ਕੌਂਸਲਰ ਅਸ਼ੋਕ ਮੋਗਲਾ, ਕੌਂਸਲਰ ਜੁਗਲ ਕਿਸ਼ੋਰ ਕੋਹਲੀ, ਕੌਂਸਲਰ ਰਜਿੰਦਰ ਸਿੰਘ, ਦਿਲਬਾਗ ਸਿੰਘ ਐਮ ਡੀ ਗਿੱਲ ਆਟੋ ਮੋਬਾਇਲ, ਮੁਕੇਸ਼ ਪਾਠਕ, ਸੁਰਜੀਤ ਸਿੰਘ ਢਿੱਲੋਂ ਸਾਬਕਾ ਚੇਅਰਮੈਨ, ਆੜ੍ਹਤੀ ਵਿਜੇਪਾਲ ਸਿੰਘ ਧੰਜੂ, ਦਰਬਾਰਾ ਸਿੰਘ ਵਿਰਦੀ, ਜੈਲਦਾਰ ਮਾਨਵ ਧੀਰ, ਰੰਮੀ ਗੁਪਤਾ, ਹਰਜਿੰਦਰ ਸਿੰਘ ਕੰਡਾ, ਸ਼ਹਿਰੀ ਪ੍ਰਧਾਨ ਕਾਂਗਰਸ ਨਰਿੰਦਰ ਸਿੰਘ ਪੰਨੂ, ਸਾਬਕਾ ਕੌਂਸਲਰ ਗੁਰਨਾਮ ਸਿੰਘ, ਪ੍ਰਿੰਸੀਪਲ ਕਰਨਜੀਤ ਸਿੰਘ, ਦਿਆਲ ਸਿੰਘ ਦੀਪੇਵਾਲ, ਮਿੰਟਾਂ ਧੀਰ, ਵਿਪਨ ਧੀਰ, ਘਣਸ਼ਿਆਮ ਧੀਰ, ਚਰਨ ਸਿੰਘ, ਊਸ਼ਾ ਧੀਰ, ਵਰਿੰਦਰ ਸਲਪੋਨਾ ਆਦਿ ਵੀ ਹਾਜ਼ਰ ਸਨ।



# ਸੰਤ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ 'ਤੇ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਨਡਾਲੋਂ ਵਿਖੇ ਗੁਰਦੁਆਰਾ ਸੰਤ ਬਾਬਾ ਦੀਵਾਨ ਸਿੰਘ ਜੀ, ਸੰਤ ਬਾਬਾ ਨਿਧਾਨ ਸਿੰਘ ਜੀ ਦੇ ਜਨਮ ਅਸਥਾਨ 'ਤੇ ਬ੍ਰਹਮ ਗਿਆਨੀ 108 ਮਹੰਤ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ। ਉਪਰੰਤ ਖੁੱਲੇ ਪੰਡਾਲ ਵਿੱਚ ਭਾਈ ਗਗਨਦੀਪ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਜਥੇਦਾਰ ਗੁਰਪ੍ਰੀਤ ਸਿੰਘ ਚਮਕੌਰ ਸਾਹਿਬ, ਭਾਈ ਸੁਖਦੇਵ ਸਿੰਘ ਨਡਾਲੋ, ਭਾਈ ਵਰਿੰਦਰ ਸਿੰਘ ਨਿਰਮਾਣ ਰਾਗੀ ਜੱਥਾ ਮੁਬੰਈ, ਡੋਗਰਾਂਵਾਲ ਵਾਲੀਆ ਬੀਬੀਆ ਦਾ ਢਾਡੀ ਜੱਥਾ, ਗਿਆਨੀ ਹਰਪਾਲ ਸਿੰਘ ਕਥਾਵਾਚਕ ਸ਼੍ਰੀ ਫ਼ਤਹਿਗੜ੍ਹ ਸਾਹਿਬ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅੰਮ੍ਰਿਤ ਸੰਚਾਰ, ਵਿਸ਼ਾਲ ਖੂਨਦਾਨ ਕੈਂਪ, ਮੁਫ਼ਤ ਮੈਡੀਕਲ ਕੈਂਪ ਲਗਾਏ ਗਏ।ਇਸ ਮੌਕੇ ਸਮਾਗਮ ਦੌਰਾਨ ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਨਡਾਲੋ, ਸੰਤ ਬਾਬਾ ਗੁਰਚਰਨ ਸਿੰਘ ਬੱਡੋ, ਡਾਕਟਰ ਜੰਗ ਬਹਾਦਰ ਸਿੰਘ ਰਾਏ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਜਥੇਦਾਰ ਪਰਮਜੀਤ ਸਿੰਘ ਸਰੋਆ ਤੋਂ ਇਲਾਵਾ ਹੋਰ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਨੇ ਪੁੱਜ ਕੇ ਹਾਜ਼ਰੀ ਭਰੀ।ਸਮਾਗਮ ਦੌਰਾਨ ਪ੍ਰਧਾਨ ਜਸਵਿੰਦਰ ਸਿੰਘ, ਪ੍ਰਿੰਸੀਪਲ ਸਤਪਾਲ ਸਿੰਘ, ਗੁਰਮੁੱਖ ਸਿੰਘ ਮਨਜੀਤ ਸਿੰਘ, ਦਵਿੰਦਰ ਸਿੰਘ, ਸੁਮਨ ਸਿੰਘ, ਕਮਲ ਰਾਜ ਸਿੰਘ, ਬਾਬਾ ਸਤਨਾਮ ਸਿੰਘ ਹੈਡ ਗ੍ਰੰਥੀ, ਬੂਟਾ ਸਿੰਘ, ਹਰਮਨ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਜਥੇਦਾਰ ਪਰਮਜੀਤ ਸਿੰਘ ਜਲਵੇਹੜਾ, ਰਾਮ ਪ੍ਰਕਾਸ਼ ਸੂਦ ਰਹੀਲਾ, ਡਾਕਟਰ ਪਰਵਿੰਦਰ ਸੂਦ ਐਸ ਜੀ ਆਰ ਹਸਪਤਾਲ ਕੋਟ ਫਤੂਹੀ, ਜਥੇਦਾਰ ਹਰਵਿੰਦਰ ਸਿੰਘ ਖਾਲਸਾ, ਡਾਕਟਰ ਗਗਨਦੀਪ ਸਿੰਘ ਗੋਪਾਲੀਆ, ਡਾਕਟਰ ਜਸਵੀਰ ਸਿੰਘ ਤੋ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।ਤਰਸੇਮ ਸਿੰਘ ਜੱਸੋਵਾਲ ਨੇ ਸਟੇਜ ਸਕੱਤਰ ਦੀ ਸੇਵਾ ਬਾਖੂਬੀ ਨਾਲ ਨਿਭਾਈ।

